ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

ਫਰਵਰੀ 2024
ਸਾਲ 45
ਅੰਕ 3
ਕੁਲ ਪੰਨੇ 52

# ਸਿੱਖ ਫੁਲਵਾੜੀ

SIKH PHULWARI

30 ਰੁਪਏ



ਗੰਗਸਰ ਜੈਤੋ ਦੇ ਖ਼ੂਨੀ ਸਾਕੇ ਦਾ ਦ੍ਰਿਸ਼

ਨਨਕਾਣਾ ਸਾਹਿਬ ਦੀ ਉਹ ਜੰਡ ਜਿਸ ਨਾਲ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਬੰਨ੍ਹ ਕੇ ਜਿਊਂਦਾ ਸਾੜਿਆ ਗਿਆ

10 ਫਰਵਰੀ 1846 ਨੂੰ ਸਭਰਾਵਾਂ ਦੀ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਸ਼ਹੀਦੀ ਨਾਲ ਸਿੱਖ ਰਾਜ ਦਾ ਆਖਰੀ ਥੰਮ ਵੀ ਡਿਗ ਗਿਆ।

ਫ਼ੇ-ਫ਼ੌਜ਼ ਵਿਚ ਬਹੁਤ ਸਰਦਾਰ ਨਾਮੀ, ਸਿਫਤ ਨਹੀਂ ਕਰ ਸਕਦਾ ਕੁਝ ਕਹਿਣ ਵਾਲਾ।
ਇਕ ਦੂਜੇ ਦਾ ਸਾਨੀ ਚਤੁਰਾਈ ਦੇ ਵਿਚ, ਲੜਾਈ ਵਿਚ ਪਿਛਾਂਹ ਨਾ ਰਹਿਣ ਵਾਲਾ।
ਐਪਰ ਇਕ ਸਰਦਾਰ ਅਜੀਬ ਯਾਰੋ, ਜ਼ਖਮ ਸਾਹਮਣੇ ਮੂੰਹ 'ਤੇ ਸਹਿਣ ਵਾਲਾ।
ਕਾਦਰਯਾਰ ਜਹਾਨ 'ਤੇ ਨਾਮ ਰੌਸ਼ਨ, ਸ਼ਾਮ ਸਿੰਘ ਅਟਾਰੀ ਦਾ ਰਹਿਣ ਵਾਲਾ।

Sri Satguru Jagjit Singh Ji eLibrary NamdhariElibrary@gmail.com

# ਸਿੱਖ ਫੁਲਵਾੜੀ

ਸਾਲ 45 ਫਰਵਰੀ 2024 ਨਾਨਕਸ਼ਾਹੀ ਸੰਮਤ ੫੫੫ ਅੰਕ 03


• ਸੰਪਾਦਕ : ਸ. ਹਰਜੀਤ ਸਿੰਘ, ਜਲੰਧਰ

• ਸਹਿ ਸੰਪਾਦਕ : ਸ. ਕਿਰਪਾਲ ਸਿੰਘ 'ਚੰਦਨ'

• ਮੈਂਬਰ : ਬੀਬੀ ਹਰਮੀਤ ਕੌਰ, ਲੁਧਿਆਣਾ

• ਮੈਂਬਰ : ਸ. ਲਖਵਿੰਦਰਪਾਲ ਸਿੰਘ, ਸਮਰਾਲਾ

• ਮੈਂਬਰ : ਸ. ਇੰਦਰਬੀਰ ਸਿੰਘ, ਸ੍ਰੀਨਗਰ



ਸਿੱਖ ਫੁਲਵਾੜੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵਲੋਂ ਸਭ ਸਕੂਲਾਂ, ਸਮਾਜਿਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਣਿਤ ਹੈ।

**ਚੰਦਾ ਭੇਜਣ ਦਾ ਪਤਾ**

**ਹੈੱਡ ਆਫਿਸ :** 1051/14, ਫ਼ੀਲਡ ਗੰਜ, ਲੁਧਿਆਣਾ-141008
ਫ਼ੋਨ : 0161-5021815, 99144-21815

**ਸਬ ਆਫਿਸ :** C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫ਼ੋਨ : 011-45771187

**ਜਲੰਧਰ ਸਬ ਆਫ਼ਿਸ :** ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ ਮਾਡਲ ਹਾਊਸ ਰੋਡ, ਬਸਤੀ ਸ਼ੇਖ, ਜਲੰਧਰ-144 002, ਫ਼ੋਨ : 0181-2430547

**ਜੰਮੂ ਸਬ ਆਫ਼ਿਸ :** 36, ਗੁਰਦੁਆਰਾ ਸਿੰਘ ਸਭਾ ਕੰਪਲੈਕਸ, ਸੈਕਟਰ 2, ਗੁਰੂ ਨਾਨਕ ਨਗਰ, ਜੰਮੂ। ਫ਼ੋਨ : 0191-2439489

**ਸਾਲਾਨਾ ਚੰਦਾ :** ਦੇਸ਼ : 300 ਰੁ:, ਵਿਦੇਸ਼ : 3500 ਰੁ: ($50)

**15 ਸਾਲ ਲਈ :** ਦੇਸ਼ : 3000 ਰੁ:, ਵਿਦੇਸ਼ : 35000 ਰੁ: ($500)

**ਇੱਕ ਕਾਪੀ :** ਦੇਸ਼ : 30 ਰੁ:, ਵਿਦੇਸ਼ : ($5 USA)

**ਸਿੱਖ ਫੁਲਵਾੜੀ ਈ-ਮੈਗਜ਼ੀਨ :** ਦੇਸ਼ : 150 ਰੁ:, ਵਿਦੇਸ਼ : ($5 U.S.A)

**E-mail :** smc@sikhmissionarycollege.org
**Website :** www.sikhmissionarycollege.org


## ਜ਼ਰੂਰੀ ਨੋਟ

• 'ਸਿੱਖ ਫੁਲਵਾੜੀ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਇਸ ਲਈ ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।

• ਕਿਸੇ ਵੀ ਕਾਨੂੰਨੀ ਕਾਰਵਾਈ ਦਾ ਨਿਪਟਾਰਾ ਲੁਧਿਆਣਾ ਦੀ ਅਦਾਲਤ ਵਿਚ ਹੀ ਕੀਤਾ ਜਾ ਸਕਦਾ ਹੈ।

• ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ/ਛਾਂਟਣ ਜਾਂ ਰੱਦ ਕਰਨ ਦਾ ਪੂਰਾ ਅਧਿਕਾਰ ਹੈ। -ਸੰਪਾਦਕ

## ਤਤਕਰਾ


• ਸਾਕਾ ਨਨਕਾਣਾ ਸਾਹਿਬ-ਸਿੱਖ ਵਿਚਾਰਧਾਰਾ ਦਾ ਸਿਖਰ . 4
• ਅੰਮ੍ਰਿਤ ਬਾਣੀ ਘਟ ਤੇ ਉਚਰਉ .................... 9
• ਸਵਾਲ ਜਵਾਬ .................... 13
• ਪਾਠਕ ਲਿਖਦੇ ਹਨ.................... 15
• ਸ. ਸ਼ਾਮ ਸਿੰਘ ਅਟਾਰੀ .................... 18
• ਅੱਲਾ ਯਾਰ ਖਾਂ ਜੋਗੀ .................... 21
• '84 ਸਿੱਖ ਕਤਲੇਆਮ : 'ਮੈਨੂੰ ਡਰ ਸੀ ਪੀੜਤ ਬੱਚੇ ਅਵਾਰਾ ਤੇ ਨਸ਼ੇੜੀ ਨਾ ਬਣਨ ਇਸੇ ਲਈ ਸੈਂਕੜੇ ਬੱਚੇ ਸਕੂਲੇ ਪਾਏ'.................... 23
• ਪੰਜ ਤਖ਼ਤਾਂ ਦੀ ਮਹਾਨਤਾ.................... 25
• ਵਿਸ਼ਵ ਪੱਧਰ 'ਤੇ ਨੌਜਵਾਨਾਂ ਲਈ ਪ੍ਰੇਰਨਾ ਦਾ ਸੋਮਾ ਹਨ ਸਾਡੀਆਂ ਜੁਝਾਰੂ ਗਾਥਾਵਾਂ .................... 31
• ਆਪਿ ਬੁਝਾਏ ਸੋਈ ਬੂਝੈ॥ .................... 32
• ਸਰਲ ਗੁਰਬਾਣੀ ਵਿਆਕਰਣ - ਭਾਗ-15 .......... 37
• ਬਾਲ ਫੁਲਵਾੜੀ .................... 41
• ਕਾਵਿ ਫੁਲਵਾੜੀ.................... 43
• ਡਾਇਬਟੀਜ਼ ਦੀ ਸਮੱਸਿਆ .................... 44
• Mool Nanakshahi Calender : A Must For Sikhs .................... 45
• ਖ਼ਬਰਨਾਮਾ ਅਤੇ ਸਰਗਰਮੀਆਂ .................... 48
• ਵਰ ਰਿਸ਼ਤੇ ਦੀ ਲੋੜ .................... 50


## ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | ਮੂਲ ਕੈਲੰਡਰ | ਵਿਗੜੇ ਕੈਲੰਡਰ |
|---|---|---|
| ਪ੍ਰਕਾਸ਼ ਗੁਰੂ ਹਰਰਾਇ ਸਾਹਿਬ ਜੀ | 31 ਜਨਵਰੀ | 22 ਫਰਵਰੀ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ | 08 ਫਰਵਰੀ | 09 ਫਰਵਰੀ |
| ਸ਼ਹੀਦੀ ਸ. ਸ਼ਾਮ ਸਿੰਘ ਅਟਾਰੀ | 10 ਫਰਵਰੀ | 10 ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 29 ਜਨਵਰੀ | 24 ਫਰਵਰੀ |
| ਜਨਮ ਸਾਹਿ: ਬਾਬਾ ਅਜੀਤ ਸਿੰਘ ਜੀ | 11 ਫਰਵਰੀ | 12 ਫਰਵਰੀ |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ | 21 ਫਰਵਰੀ |
| ਜੈਤੋ ਦਾ ਮੋਰਚਾ | 21 ਫਰਵਰੀ | 21 ਫਰਵਰੀ |

Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਸਾਕਾ ਨਨਕਾਣਾ ਸਾਹਿਬ-ਸਿੱਖ ਵਿਚਾਰਧਾਰਾ ਦਾ ਸਿਖਰ

ਜਗਤ ਗੁਰੂ ਪਿਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਜੀ ਦੇ ਆਗਮਨ ਨਾਲ ਇਸ ਧਰਤੀ ਉੱਤੇ ਇੱਕ ਨਵੀਂ ਸੋਚ ਤੇ ਨਵੀਂ ਵਿਚਾਰਧਾਰਾ ਦੀ ਆਰੰਭਤਾ ਹੁੰਦੀ ਹੈ। ਇਸ ਵਿਚਾਰਧਾਰਾ ਦੀ ਖਾਸੀਅਤ ਬਾ-ਕਮਾਲ ਦੀ ਹੈ। ਇੱਕ ਪਾਸੇ ਸਿਰੇ ਦੀ ਬਹਾਦਰੀ ਤੇ ਦੂਜੇ ਪਾਸੇ ਕਰਤਾ ਪੁਰਖ ਦੇ ਹੁਕਮ ਨੂੰ ਸਿਰ ਮੱਥੇ ਮੰਨਦਿਆਂ ਹੋਇਆਂ ਸਹਿਣ ਸ਼ਕਤੀ ਦਾ ਸਿਖਰ। ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਿੱਖੀ ਮਹਿਲ ਦੀ ਉਸਾਰੀ ਸਮੇਂ ਪਹਿਲੀ ਇੱਟ ਹੀ ਕੁਰਬਾਨੀ ਦੀ ਰੱਖੀ ਤੇ ਇਸ ਵਿਚਾਰਧਾਰਾ ਵਿੱਚ ਸ਼ਾਮਲ ਹੋਣ ਲਈ ਸੀਸ ਤਲੀ 'ਤੇ ਰੱਖਣਾ ਪੈਂਦਾ ਹੈ। ਗੁਰੂ ਵਾਕ ਹੈ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ, ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**
*(੧੪੧੨)*

ਇਸ ਵਿਚਾਰਧਾਰਾ ਨੂੰ ਧਾਰਨ ਕਰਨ ਵਾਲਾ ਜਾਣਦਾ ਹੈ ਕਿ ਜੀਵਨ ਸੰਗ੍ਰਾਮ ਵਿੱਚ ਹਮੇਸ਼ਾ ਦ੍ਰਿੜ੍ਹਤਾ ਰੱਖਣੀ, ਝੁਕਣਾ ਨਹੀਂ ਅਤੇ ਅਸੂਲਾਂ ਨਾਲ ਕਦੇ ਸਮਝੌਤਾ ਨਹੀਂ ਕਰਨਾ। ਇਸ ਲਈ ਸਿੱਖ ਹੱਕ ਲਈ ਅਤੇ ਲੋਕ ਹਿੱਤਾਂ ਲਈ ਕੁਰਬਾਨ ਹੋਣਾ ਆਪਣਾ ਧਰਮ ਸਮਝਦਾ ਹੈ ਕਿਉਂਕਿ ਕੌਮੀ ਹਿੱਤਾਂ ਲਈ ਮੌਤ ਨੂੰ ਗਲੇ ਨਾਲ ਲਾਉਣਾ ਕੋਈ ਸਜ਼ਾ ਨਹੀਂ ਸਗੋਂ ਸੂਰਮਿਆਂ ਦਾ ਹੱਕ ਹੁੰਦਾ ਹੈ। ਹੱਕ ਲਈ ਕੁਰਬਾਨੀ ਪ੍ਰਵਾਨ ਹੁੰਦੀ ਹੈ। ਇਹ ਬਖਸ਼ਿਸ਼ ਹੈ ਗੁਰੂ ਦਰ ਦੀ;

**ਮਰਣੁ ਮੁਣਸਾਂ ਸੂਰਿਆ ਹਕੁ ਹੈ,**
**ਜੋ ਹੋਇ ਮਰਹਿ ਪਰਵਾਣੋ॥** *(੫੮੦)*

ਸਿੱਖ ਵਿਚਾਰਧਾਰਾ ਦੀ ਖਾਸੀਅਤ ਹੈ ਕਿ 'ਪਹਿਲਾ ਮਰਣੁ ਕਬੂਲਿ' ਬਹਾਦਰੀ ਦਾ ਪੱਖ ਦੱਸਦਾ ਹੈ ਤੇ 'ਹੋਹੁ ਸਭਨਾ ਕੀ ਰੇਣੁਕਾ' ਸਹਿਣਸ਼ਕਤੀ ਤੇ ਤਿਆਗ ਦਾ ਰਾਹ ਪੱਧਰਾ ਕਰਦਾ ਹੈ। ਇਸ ਵਾਸਤੇ ਹੀ ਗੁਰੂ ਅਰਜਨ ਸਾਹਿਬ ਜੀ ਨੇ ਦੱਸਿਆ ਹੈ ਕਿ :

**ਪਹਿਲਾ ਮਰਣੁ ਕਬੂਲਿ,**
**ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ,**
**ਤਉ ਆਉ ਹਮਾਰੈ ਪਾਸਿ॥** *(੧੧੦੨)*

ਸਿੱਖ ਸਤਿਗੁਰੂਆਂ ਨੇ ਮਨੁੱਖ ਦੀਆਂ ਕਮਜ਼ੋਰੀਆਂ ਨੂੰ ਵਾਚਿਆ ਤੇ 239 ਸਾਲ ਦਾ ਸਮਾਂ ਲਾ ਕੇ ਗੁਰਮਤਿ ਵਿਚਾਰਧਾਰਾ ਨਾਲ ਉਹਨਾਂ ਦੇ ਜੀਵਨ ਵਿੱਚ ਇਨਕਲਾਬੀ ਅਤੇ ਅਚਰਜ ਜਨਕ ਤਬਦੀਲੀ ਲੈ ਆਂਦੀ। ਇਹ ਸਿੱਖ ਵਿਚਾਰਧਾਰਾ ਦੀ ਹੀ ਦੇਣ ਸੀ ਕਿ ਭਾਰਤ ਦੇ ਸਾਹ ਸਤ ਹੀਣ ਲੋਕਾਂ 'ਚੋਂ ਲੱਖਾਂ ਮਰਜੀਵੜੇ ਪੈਦਾ ਹੋ ਗਏ; ਜਿਨ੍ਹਾਂ ਬੇ-ਮਿਸਾਲ ਕੁਰਬਾਨੀਆਂ ਭਰੇ ਜੀਵਨ ਰਾਹੀਂ ਮਨੁੱਖ ਸੋਚ ਨੂੰ ਹੈਰਾਨ ਕਰ ਦੇਣ ਵਾਲੀਆਂ ਸ਼ਖਸੀਅਤਾਂ ਪੈਦਾ ਕੀਤੀਆਂ। ਇਹ ਵਿਚਾਰਧਾਰਾ ਕੇਵਲ ਕਥਨੀ ਦੀ ਹੀ ਨਹੀਂ, ਸਗੋਂ ਕਰਨੀ ਭਰਪੂਰ ਹੈ। ਇਤਿਹਾਸ ਦੱਸਦਾ ਹੈ ਕਿ ਗੁਰਮਤਿ ਅਸੂਲਾਂ ਨੂੰ ਕਾਇਮ ਰੱਖਣ ਲਈ ਜੋ ਮਿਸਾਲਾਂ ਇਸ ਵਿਚਾਰਧਾਰਾ ਦੇ ਪੈਰੋਕਾਰਾਂ ਨੇ ਕੀਤੀਆਂ, ਉਹ ਅਦੁਤੀ ਸਨ ਅਤੇ ਸੰਸਾਰ ਦੇ ਕਿਸੇ ਹੋਰ ਮੱਤ ਦੇ ਮੰਨਣ ਵਾਲਿਆਂ ਵਿੱਚ ਐਸੀ ਦਲੇਰੀ ਤੇ ਦ੍ਰਿੜ੍ਹਤਾ ਮਿਲਣੀ ਨਾਮੁਮਕਿਨ ਬਾਤ ਹੈ। ਆਰੇ ਨਾਲ ਚਿਰ ਗਏ, ਦੇਗਾਂ ਵਿੱਚ ਉਬਲ ਗਏ, ਜੰਬੂਰਾਂ ਨਾਲ ਸਾਰੇ ਸਰੀਰ ਦਾ ਮਾਸ ਤੁੜਵਾ ਲਿਆ, ਰੰਬੀ ਨਾਲ ਖੋਪਰੀ ਲੁਹਾ ਲਈ, ਚਰਖੜੀ ਤੇ ਚੜ੍ਹਨਾ ਪ੍ਰਵਾਨ ਕਰ ਲਿਆ ਪਰ ਗੁਰਮਤਿ ਦੇ ਇਹਨਾਂ ਭੌਰਿਆਂ ਨੂੰ ਗੁਰਮਤਿ ਅਸੂਲਾਂ ਤੋਂ ਸੰਸਾਰ ਦੀ ਕੋਈ ਵੀ ਤਾਕਤ ਆਪਣੇ ਆਦਰਸ਼ ਤੋਂ ਪਿਛਾਂਹ ਨਾ ਹਟਾ ਸਕੀ।

ਪਰ ਵੇਲੇ ਦੇ ਹਾਕਮ ਸਿੱਖ ਵਿਚਾਰਧਾਰਾ ਨੂੰ ਸਮਝਣ ਵਿੱਚ ਅਸਫਲ ਰਹੇ ਤੇ ਉਹਨਾਂ ਦੀ ਇਸ ਨਾ-ਸਮਝੀ ਨੇ ਉਹਨਾਂ ਨੂੰ ਸਿੱਖ ਵਿਰੋਧੀ ਬਣਾ ਦਿੱਤਾ ਹੈ, ਸਿੱਖ ਵਿਚਾਰਧਾਰਾ ਨੂੰ ਨਾ ਤਾਂ ਮੁਗਲ ਹਾਕਮ, ਨਾ ਅੰਗਰੇਜ਼ ਤੇ ਨਾ ਹੀ ਆਜ਼ਾਦੀ ਤੋਂ ਬਾਅਦ ਦੀਆਂ ਭਾਰਤ ਦੀਆਂ ਸਰਕਾਰਾਂ ਸਮਝ ਸਕੀਆਂ ਹਨ। ਇਸ ਨਾ-ਸਮਝੀ ਕਰਕੇ ਹੀ ਉਹ ਸਿੱਖਾਂ ਨੂੰ ਹਰ ਹੀਲੇ ਵਸੀਲੇ ਵਰਤ ਕੇ ਖ਼ਤਮ ਕਰਨ ਦਾ ਯਤਨ ਕਰਦੀਆਂ ਰਹੀਆਂ ਹਨ ਤੇ ਕਰ ਰਹੀਆਂ ਹਨ। ਇਹ ਅਸਲ ਵਿਚ ਇਹਨਾਂ ਸਰਕਾਰਾਂ ਦਾ ਭਰਮ ਹੈ ਤੇ ਇਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿੱਖ ਵਿਚਾਰਧਾਰਾ ਤੇ ਸਿੱਖਾਂ ਨੂੰ ਖ਼ਤਮ ਕਰਦੇ ਕਰਦੇ ਵੇਲੇ ਦੇ ਹਾਕਮ ਆਪ ਹੀ ਖ਼ਤਮ ਹੋ ਜਾਂਦੇ ਹਨ।

ਬਿਲਕੁਲ ਅਜਿਹੀ ਸੋਚ ਸੀ 20ਵੀਂ ਸਦੀ ਦੇ ਅਰੰਭਕ ਸਾਲਾਂ ਵਿੱਚ ਅੰਗਰੇਜ਼ ਹਾਕਮਾਂ ਦੀ। ਹਾਕਮਾਂ ਦੀ ਇਸ ਸੋਚ ਵਿੱਚੋਂ ਹੀ ਸੰਨ 1921 ਵਿੱਚ ਇੱਕ ਅਜਿਹਾ ਸਾਕਾ ਹੋਇਆ ਜਿਸਨੇ ਕੇਵਲ ਪਿਛਲੇ ਇਤਿਹਾਸ ਨੂੰ ਹੀ ਤਾਜ਼ਾ ਨਹੀਂ ਕੀਤਾ ਸਗੋਂ ਦੁਨੀਆਂ ਨੂੰ ਵੀ ਹਲੂਣ ਕੇ ਰੱਖ ਦਿੱਤਾ। ਇਹ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਨਨਕਾਣਾ ਸਾਹਿਬ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਨਮ ਸਥਾਨ ਹੋਣ ਕਰਕੇ ਸਿੱਖ ਵਿਰਾਸਤ ਵਿੱਚ ਇੱਕ ਸ਼੍ਰੋਮਣੀ ਅਸਥਾਨ ਰੱਖਦਾ ਹੈ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਸਮਝਣ ਲਈ ਸਾਨੂੰ ਗੁਰਦੁਆਰਾ ਸੁਧਾਰ ਲਹਿਰ ਜਾਂ ਅਕਾਲੀ ਲਹਿਰ ਦੇ ਉਸ ਤੋਂ ਵੀ ਪਹਿਲੇ ਹਾਲਾਤ 'ਤੇ ਇੱਕ ਮੋਟੀ ਝਾਤ ਜ਼ਰੂਰ ਮਾਰਨੀ ਪਵੇਗੀ।

ਸੰਨ 1839 ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ 10 ਸਾਲਾਂ ਮਗਰੋਂ ਸੰਨ 1849 ਵਿੱਚ ਅੰਗਰੇਜ਼ਾਂ ਨੇ ਸਿੱਖ ਰਾਜ ਨੂੰ ਖ਼ਤਮ ਕਰ ਦਿੱਤਾ ਤੇ ਪੂਰੇ ਪੰਜਾਬ ਦੇ ਮਾਲਕ ਵੀ ਬਣ ਗਏ। ਸੰਨ 1857 ਦੇ ਗਦਰ ਤੋਂ ਬਾਅਦ ਸੰਨ 1858 ਵਿੱਚ ਮਹਾਰਾਣੀ ਵਿਕਟੋਰੀਆ ਨੇ ਐਲਾਨ ਕੀਤਾ ਕਿ ਉਸ ਦੀ ਸਰਕਾਰ ਭਾਰਤੀ ਲੋਕਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਵੇਗੀ। ਜਿੱਥੋਂ ਤੱਕ ਸਿੱਖ ਧਰਮ ਦੇ ਗੁਰਦੁਆਰਿਆਂ ਦਾ ਸੰਬੰਧ ਸੀ, ਅੰਗਰੇਜ਼ ਸਰਕਾਰ ਦੀ ਪਾਲਿਸੀ ਉਹਨਾਂ ਦੇ ਐਲਾਨ ਤੋਂ ਬਿਲਕੁਲ ਉਲਟ ਸੀ ਕਿ ਸਿੱਖ ਧਰਮ ਅਤੇ ਗੁਰਦੁਆਰਾ ਪ੍ਰਬੰਧ ਵਿੱਚ ਸਿੱਧੇ ਜਾਂ



Sri Satguru Jagjit Singh Ji eLibrary NamdhariElibrary@gmail.com

ਅਸਿੱਧੇ ਰੂਪ ਵਿੱਚ ਦਖ਼ਲ ਦਿੱਤਾ ਜਾਏ ਅਤੇ ਸਿੱਖਾਂ ਨੂੰ ਆਪਣੇ ਅਧੀਨ ਜਾਂ ਘੱਟੋ-ਘੱਟ ਅਸਰ ਥੱਲੇ ਰੱਖਿਆ ਜਾਵੇ ਅਤੇ ਉਹਨਾਂ ਨੂੰ ਅੰਗਰੇਜ਼ੀ ਰਾਜ ਦੀ ਮਜ਼ਬੂਤੀ ਵਾਸਤੇ ਵਰਤਿਆ ਜਾਵੇ। ਇਸ ਨੀਤੀ ਅਨੁਸਾਰ ਅੰਗਰੇਜ਼ਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਉਸ ਨਾਲ ਸੰਬੰਧਿਤ ਗੁਰਦੁਆਰਿਆਂ ਨੂੰ ਆਪਣੇ ਅਧੀਨ ਕਰ ਲਿਆ ਅਤੇ ਸਿੱਖ ਸਿਧਾਂਤਾਂ ਨੂੰ ਤੋੜਨਾ ਮਰੋੜਨਾ ਅਤੇ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਨੂੰ ਆਪਣੇ ਰਾਜ ਦੀ ਮਜ਼ਬੂਤੀ ਲਈ ਵਰਤਣਾ ਸ਼ੁਰੂ ਕਰ ਦਿੱਤਾ। ਇਸਦਾ ਪ੍ਰਤੱਖ ਸਬੂਤ ਪੰਜਾਬ ਦੇ ਲੈਫਟੀਨੈਂਟ ਗਵਰਨਰ 'ਇਜਰਟਨ' ਨੇ ਲਾਰਡ ਰਿਪਨ ਨੂੰ ਸੰਨ 1881 ਵਿੱਚ ਜੋ ਚਿੱਠੀ ਲਿਖੀ ਤੇ ਉਸ ਵਿੱਚ ਲਿਖਿਆ ਸੀ, "ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਅਜਿਹੀ ਕਮੇਟੀ ਦੇ ਹੱਥਾਂ ਵਿੱਚ ਵਿਚ ਜਾਣ ਦੇਣ ਦੀ ਆਗਿਆ ਦੇਣਾ ਜਿਹੜੀ ਗੌਰਮਿੰਟ ਕੰਟਰੋਲ ਤੋਂ ਆਜ਼ਾਦ ਹੋ ਚੁੱਕੀ ਹੋਵੇ, ਰਾਜਸੀ ਤੌਰ 'ਤੇ ਖ਼ਤਰਨਾਕ ਹੋਵੇਗਾ।" ਇਸ ਹੀ ਨੀਤੀ ਅਧੀਨ ਅੰਗਰੇਜ਼ ਸਰਕਾਰ ਨੇ ਉਸ ਸਮੇਂ ਗੁਰਦੁਆਰਿਆਂ ਦੀਆਂ ਜਾਇਦਾਦਾਂ, ਜੋ ਸ਼ਰਧਾਲੂਆਂ ਨੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਤੇ ਲੰਗਰ ਚਲਾਉਣ ਲਈ ਦਿੱਤੀਆਂ ਸਨ, ਉਹਨਾਂ ਨੂੰ ਸਰਕਾਰ ਨੇ ਆਪਣੇ ਝੋਲੀ ਚੁੱਕ ਮਹੰਤਾਂ ਨੂੰ ਗੁਰਦੁਆਰਿਆਂ ਅਤੇ ਹੋਰ ਜਾਇਦਾਦਾਂ ਦੇ ਮਾਲਕ ਬਣਾ ਦਿੱਤਾ। ਇਨ੍ਹਾਂ ਦੀ ਆਮਦਨ ਨੇ ਮਹੰਤਾਂ ਨੂੰ ਐਸ਼ ਪ੍ਰਸਤ ਬਣਾ ਦਿੱਤਾ। ਉਹਨਾਂ ਨੇ ਗੁਰਦੁਆਰਿਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਉਹਨਾਂ ਨੂੰ ਆਪਣੀ ਐਸ਼ ਪ੍ਰਸਤੀ ਦਾ ਟਿਕਾਣਾ ਬਣਾ ਲਿਆ। ਗੁਰਦੁਆਰਿਆਂ ਦੀਆਂ ਜਾਇਦਾਦਾਂ ਦੇ ਮਾਲਕ ਬਣ ਬੈਠੇ। ਇਹ ਅੰਗਰੇਜ਼ ਸਰਕਾਰ ਹੀ ਸੀ ਕਿ ਜਿਸ ਨੇ ਆਪਣੇ ਅਫ਼ਸਰਾਂ ਦੇ ਸਿੱਧੇ ਜਾਂ ਅਸਿੱਧੇ ਅਸਰ ਰਾਹੀਂ ਦੁਰਾਚਾਰੀ ਮਹੰਤਾਂ ਨੂੰ ਗੁਰਦੁਆਰਿਆਂ ਦੇ ਮਾਲਕ ਬਣਨ ਦੀ ਆਗਿਆ ਦਿੱਤੀ। ਅਜਿਹੇ ਹਾਲਾਤ ਸਨ ਉਸ ਸਮੇਂ ਜਦੋਂ ਇਹ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ 20 ਫਰਵਰੀ 1921 ਨੂੰ ਵਾਪਰਿਆ ਤੇ ਜਿਸ ਵਿੱਚ 150 ਤੋਂ ਵੱਧ ਗੁਰੂ ਕੇ ਪਿਆਰਿਆਂ ਨੇ ਆਪਣਾ ਆਪ ਨਿਛਾਵਰ ਕਰ ਦਿੱਤਾ।

1. ਉਸ ਸਮੇਂ ਦੀਆਂ ਅਖਬਾਰਾਂ ਵਿੱਚ ਛਪੀਆਂ ਖ਼ਬਰਾਂ, ਕੇਸ ਵਿਚ ਭੁਗਤੇ ਗਵਾਹ ਅਤੇ ਲਿਖੀਆਂ ਗਈਆਂ ਚਿੱਠੀਆਂ ਅਤੇ ਅੱਖੀਂ ਵੇਖੇ ਗਵਾਹਾਂ ਵੱਲੋਂ ਲਿਖੀਆਂ ਲਿਖਤਾਂ ਵਿੱਚੋਂ ਜੋ ਤੱਥ ਸਾਹਮਣੇ ਆਏ ਹਨ ਉਹਨਾਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ :

ਉਸ ਸਮੇਂ ਦਾ ਪ੍ਰਿੰਟ ਮੀਡੀਆ ਹੁਣ ਦੀ ਤਰ੍ਹਾਂ ਸਰਕਾਰ ਦੇ ਹੱਕ ਵਿੱਚ ਹੀ ਭੁਗਤ ਰਿਹਾ ਸੀ। ਅਖ਼ਬਾਰਾਂ ਵਿੱਚ ਖ਼ਬਰਾਂ ਛਾਪ ਕੇ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਐਲਾਨ ਕਰ ਰਿਹਾ ਸੀ। ਮਹੰਤਾਂ ਦੇ ਹੱਕ ਵਿੱਚ ਆਮ ਲੋਕਾਂ ਨੂੰ ਖੜ੍ਹਾ ਕਰਕੇ ਉਹਨਾਂ ਪਾਸੋਂ ਸਿੱਖਾਂ ਦੇ ਖਿਲਾਫ ਬਿਆਨਬਾਜ਼ੀ ਕਰਵਾਈ ਜਾਂਦੀ ਸੀ ਤਾਂ ਕਿ ਆਮ ਜਨਤਾ ਸ਼ਾਂਤਮਈ ਸੰਘਰਸ਼ ਕਰਕੇ ਆਪਣੇ ਗੁਰਧਾਮਾਂ ਦੇ ਪ੍ਰਬੰਧ ਦਾ ਆਪਣਾ ਬਣਦਾ ਹੱਕ ਮੰਗਣ ਵਾਲੇ ਸਿੱਖਾਂ ਦੇ ਵਿਰੋਧ ਵਿੱਚ ਆ ਖੜ੍ਹੀ ਹੋਵੇ। ਦੂਜੇ ਪਾਸੇ ਸਿੱਖਾਂ ਵੱਲੋਂ ਗੁਰਦੁਆਰਿਆਂ ਦੀ ਦੁਰਵਰਤੋਂ ਦੇ ਵਿਰੋਧ ਵਿੱਚ 'ਅਕਾਲੀ' ਅਖ਼ਬਾਰ, ਹਫ਼ਤਾਵਾਰੀ 'ਬੱਬਰ ਸ਼ੇਰ' ਤੇ 'ਕਿਰਪਾਨ ਬਹਾਦਰ' ਨੇ ਵੀ ਸਿੱਖ ਹਿੱਤਾਂ ਦੀ ਆਵਾਜ਼ ਉਠਾਈ ਤੇ ਜਿਨ੍ਹਾਂ ਨੇ ਸੱਚ ਲਿਖਣ ਦੇ ਨਤੀਜੇ ਵਜੋਂ ਇਹਨਾਂ ਅਖਬਾਰਾਂ ਦੇ ਪ੍ਰਬੰਧਕਾਂ ਨੂੰ ਅਨੇਕਾਂ ਮੁਸੀਬਤਾਂ ਤੇ ਪੁਲਿਸ ਜਬਰ ਦਾ ਸਾਹਮਣਾ ਵੀ ਕਰਨਾ ਪਿਆ।

2. ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ, ਜੋ ਅਯਾਸ਼ ਤੇ ਅਧਰਮੀ ਸੀ, ਉਹ ਗੁਰਦੁਆਰੇ ਅੰਦਰ ਔਰਤਾਂ ਦੇ ਮੁਜਰੇ ਕਰਵਾਉਂਦਾ, ਲੱਚਰ ਗੀਤ ਗਵਾਉਂਦਾ ਤੇ ਜਨਮ ਸਥਾਨ ਦੇ ਦਰਸ਼ਨ ਕਰਨ ਆਈਆਂ ਬੀਬੀਆਂ ਦੀ ਪੱਤ ਵੀ ਲੁੱਟਦਾ ਸੀ। ਗੁਰਦੁਆਰੇ ਦੀ ਆਮਦਨ ਨੂੰ ਆਪਣੇ ਨਿੱਜੀ ਐਸ਼ੋ ਇਸ਼ਰਤ ਲਈ ਵਰਤਣਾ ਉਹ ਆਪਣਾ ਹੱਕ ਸਮਝਦਾ ਸੀ। ਇਨ੍ਹਾਂ ਸਾਰੀਆਂ ਸਚਾਈਆਂ ਦੀ ਪੂਰੀ ਜਾਣਕਾਰੀ ਸਰਕਾਰ ਕੋਲ ਸੀ ਪਰ ਫਿਰ ਵੀ ਸਰਕਾਰ ਮਹੰਤ ਦੀ ਪਿੱਠ ਪੂਰਦੀ ਸੀ। ਸਿੱਖ ਆਗੂਆਂ ਵੱਲੋਂ ਸਰਕਾਰ ਨੂੰ ਕਈ ਵਾਰ ਲਿਖਤੀ ਰੂਪ ਵਿੱਚ ਮਹੰਤ ਦੀਆਂ ਕਰਤੂਤਾਂ ਦੀ ਜਾਣਕਾਰੀ ਵੀ ਦਿੱਤੀ ਗਈ ਪਰ ਸਰਕਾਰ ਫਿਰ ਵੀ ਮਹੰਤ ਦਾ ਸਾਥ ਹੀ ਦਿੰਦੀ ਰਹੀ।

3. ਸਿੱਖ ਸੁਭਾਅ ਦੀ ਖਾਸੀਅਤ ਹੈ ਕਿ ਉਹ ਆਪਣੇ ਤਨ ਉੱਤੇ ਅਨੇਕਾਂ ਜ਼ੁਲਮ ਸਹਿ ਸਕਦਾ ਹੈ ਪਰ ਆਪਣੇ ਗੁਰੂ ਅਤੇ ਗੁਰੂ ਅਸਥਾਨਾਂ ਦੀ ਬੇਅਦਬੀ ਕਦੇ ਬਰਦਾਸ਼ਤ ਨਹੀਂ ਕਰਦਾ। ਉਹ ਗੁਰੂ ਘਰ ਦੀ ਨਿਰਾਦਰੀ ਹੁੰਦੀ ਦੇਖਣ ਨਾਲੋਂ ਆਪਣੇ ਆਪ ਨੂੰ ਕੁਰਬਾਨ ਕਰਨਾ ਬੇਹਤਰ ਸਮਝਦਾ ਹੈ। 'ਪੰਥ ਵਸੇ ਮੈਂ ਉਜੜਾਂ' ਦਾ ਚਾਉ ਘਨੇਰਾ ਸਿੱਖ ਸੁਭਾਅ ਦਾ ਅਹਿਮ ਹਿੱਸਾ ਹੈ। ਇਸ ਸੁਭਾਅ ਅਧੀਨ ਹੀ ਸਿੱਖ ਆਗੂਆਂ ਨੇ ਸਰਕਾਰ ਤੇ ਮਹੰਤ ਦੇ ਵਿਰੁੱਧ ਸ਼ਾਂਤਮਈ ਮੁਜ਼ਾਹਰਾ ਕਰਨ ਬਾਰੇ ਵਿਚਾਰ ਕੀਤਾ ਤੇ ਸ਼ਾਂਤਮਈ ਜਥੇ ਭੇਜ ਕੇ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਨੂੰ ਅਜ਼ਾਦ ਕਰਾਉਣ ਬਾਰੇ ਵੀ ਚਰਚਾ ਕੀਤੀ। ਸਰਕਾਰ ਨੇ ਆਪਣੇ ਸਾਧਨਾਂ ਰਾਹੀਂ ਰੱਜ ਕੇ ਕੂੜ ਪ੍ਰਚਾਰ ਕੀਤਾ, ਕਿ ਸਿੱਖ ਜਥੇਬੰਦੀਆਂ ਕੋਈ ਹਮਲਾ ਕਰਨ ਵਾਲੀਆਂ ਹਨ ਤਾਂ ਕਿ ਆਮ ਲੋਕਾਂ ਵਿੱਚ ਸਿੱਖਾਂ ਵਿਰੁੱਧ ਰੋਸ ਪੈਦਾ ਹੋ ਜਾਵੇ ਤੇ ਉਹ ਸਿੱਖ ਸੰਘਰਸ਼ ਦਾ ਹਿੱਸਾ ਨਾ ਬਣਨ।

4. ਪੰਜ ਅਕਤੂਬਰ 1920 ਨੂੰ ਧਾਰੋਵਾਲ ਨਗਰ ਵਿੱਚ ਸਿੱਖਾਂ ਵੱਲੋਂ ਭਰਵਾਂ ਦੀਵਾਨ ਹੋਇਆ ਤੇ ਮਹੰਤ ਨੂੰ ਆਪਣਾ ਸੁਧਾਰ ਕਰਨ ਲਈ ਕਿਹਾ ਗਿਆ। ਪਰ ਮਹੰਤ ਨਰਾਇਣ ਦਾਸ ਤਾਂ ਇੱਕ ਨਰਕੀ ਮਸੰਦ ਬਣ ਚੁੱਕਾ ਸੀ। ਉਸਨੇ ਸੁਧਾਰ ਕਰਨ ਦੀ ਬਜਾਏ ਸਿੱਖ ਪੰਥ ਨਾਲ ਮੁਕਾਬਲਾ ਕਰਨ ਦੀ ਠਾਨ ਲਈ ਅਤੇ ਜਨਮ ਸਥਾਨ ਨੂੰ ਜੰਗੀ ਕਿਲ੍ਹਾ ਬਣਾਉਣ ਦਾ ਸਮਾਨ ਇਕੱਠਾ ਕਰ ਲਿਆ। ਮਹੰਤ ਨੇ ਆਪਣੇ ਅਖ਼ਬਾਰ 'ਸੰਤ ਸੇਵਕ' ਜੋ ਲਾਹੌਰ ਤੋਂ ਛਪਦਾ ਸੀ, ਉਸ ਰਾਹੀਂ ਸਿੱਖ ਆਗੂਆਂ ਅਤੇ ਸਿੱਖ ਜਥੇਬੰਦੀਆਂ ਦੇ ਖਿਲਾਫ ਕੂੜ ਪ੍ਰਚਾਰ ਕਰਕੇ ਖੂਬ ਭੰਡਿਆ।

ਪੰਜ ਅਕਤੂਬਰ 1920 ਨੂੰ ਹੋਈ ਮੀਟਿੰਗ ਨੂੰ ਸਰਕਾਰੀ ਅਖ਼ਬਾਰਾਂ ਤੇ ਏਜੰਸੀਆਂ ਨੇ ਲੂਣ ਮਿਰਚ ਲਾ ਕੇ ਪ੍ਰਚਾਰਿਆ ਤੇ ਮਹੰਤ ਨੂੰ ਹੱਲਾਸ਼ੇਰੀ ਦਿੱਤੀ। ਅਕਾਲੀ ਲਹਿਰ ਖਿਲਾਫ ਕੂੜ ਪ੍ਰਚਾਰ ਹੋਰ ਤੇਜ਼ ਕਰ ਦਿੱਤਾ ਗਿਆ। ਪਰ ਅਕਾਲੀਆਂ ਨੇ ਇਸ ਇਕੱਠ ਵਿੱਚ ਇਹ



Sri Satguru Jagjit Singh Ji eLibrary NamdhariElibrary@gmail.com

ਮਤਾ ਪਾਸ ਕੀਤਾ ਕਿ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰੇ ਅਕਾਲੀ ਸੁਧਾਰਕਾਂ ਦੇ ਪ੍ਰਬੰਧ ਹੇਠ ਲਿਆਏ ਜਾਣ ਤਾਂ ਕਿ ਉੱਥੇ ਹੋਰ ਬੇਅਦਬੀ ਨਾ ਹੋਵੇ।

5. ਸ਼੍ਰੋਮਣੀ ਕਮੇਟੀ ਨੇ ਮਹੰਤ ਨਰਾਇਣ ਦਾਸ ਨਾਲ ਗੱਲਬਾਤ ਸਿਰੇ ਚੜ੍ਹਾਉਣ ਲਈ 5-6 ਮਾਰਚ 1921 ਨੂੰ ਪੰਥਕ ਮੁਖੀਆਂ ਤੇ ਕੁਝ ਕੌਮੀ ਲੀਡਰਾਂ ਦੀ ਇਕੱਤਰਤਾ ਬੁਲਾਈ। ਇਹ ਸਾਰਾ ਪ੍ਰੋਗਰਾਮ ਮਹੰਤ ਦੀ ਸਲਾਹ ਨਾਲ ਹੀ ਬਣਿਆ ਸੀ ਪਰ ਮਹੰਤ ਆਪਣੇ ਨਿਜੀ ਸਲਾਹਕਾਰ ਦੇ ਮਸ਼ਵਰੇ ਨਾਲ ਅੰਦਰਖਾਤੇ ਹੋਰ ਹੀ ਮਸੌਦੇ ਪਕਾ ਰਿਹਾ ਸੀ, ਜਿਸ ਵਿੱਚ ਸਰਕਾਰੀ ਅਫਸਰਾਂ ਤੇ ਖ਼ਾਸ ਕਰਕੇ ਲਾਹੌਰ ਦੇ ਕਮਿਸ਼ਨਰ ਮਿ: ਕਿੰਗ ਦੀ ਵੱਡੀ ਸ਼ਹਿ ਸੀ। ਮਿ: ਕਿੰਗ ਨੇ ਇੱਕ ਫਿਰਤੂ ਚਿੱਠੀ (Circular) ਕੱਢ ਕੇ ਮਹੰਤਾਂ ਦੀ ਹੌਸਲਾ ਅਫਜ਼ਾਈ ਕੀਤੀ ਕਿ ਸਰਕਾਰ ਮਹੰਤਾਂ ਦੀ ਹਿਫਾਜ਼ਤ ਕਰੇਗੀ। ਮਿ: ਕਿੰਗ ਦੀ ਇੱਕ ਹੋਰ ਗੁਪਤ ਚਿੱਠੀ ਮਿਤੀ 18-12-1920 ਰਾਹੀਂ ਵੀ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ (ਜਿਸ ਦੀ ਕਾਪੀ ਇੰਡੀਆ ਹਾਊਸ ਲੰਡਨ ਦੀ ਲਾਇਬਰੇਰੀ ਵਿੱਚ ਮੌਜੂਦ ਹੈ) ਜਿਹੜੀ ਕਿ ਲਾਹੌਰ ਦੇ ਆਰਮਸ ਡੀਲਰਜ਼ ਨੂੰ ਲਿਖੀ ਗਈ ਸੀ ਕਿ ਮਹੰਤ ਨਰਾਇਣ ਦਾਸ ਨੂੰ ਅਸਲਾ ਬੰਦੂਕਾਂ ਆਦਿ ਦਿੱਤੇ ਜਾਣ। ਮਹੰਤ ਦੀ ਮਨਸ਼ਾ ਸੀ ਕਿ ਜਦੋਂ 5-6 ਮਾਰਚ ਨੂੰ ਸਿੱਖ ਆਗੂ ਇਕੱਠੇ ਹੋਣ ਤਾਂ ਉਨ੍ਹਾਂ ਉੱਤੇ ਆਪਣੇ ਗੁੰਡਿਆਂ ਰਾਹੀਂ ਹਮਲਾ ਕਰਵਾ ਕੇ ਇਸ ਗੁਰਦੁਆਰਾ ਸੁਧਾਰ ਲਹਿਰ ਦੇ ਸਾਰੇ ਮੁਖੀਆਂ ਨੂੰ ਮਰਵਾ ਦਿੱਤਾ ਜਾਵੇ ਤੇ ਸਾਰਾ ਦੋਸ਼ ਬਦਮਾਸ਼ਾਂ ਉੱਤੇ ਸੁੱਟ ਦਿੱਤਾ ਜਾਵੇ।

6. ਮਹੰਤ ਦੀ ਅੰਦਰਲੀ ਭਾਵਨਾ ਤੇ ਸਾਜ਼ਿਸ਼ ਦੀ ਸਾਰੀ ਖ਼ਬਰ ਸ. ਵਰਿਆਮ ਸਿੰਘ ਨੇ ਸ. ਅਵਤਾਰ ਸਿੰਘ ਨਿਵਾਸੀ ਝੱਬਰ ਪਿੰਡ ਰਾਹੀਂ, ਸਰਦਾਰ ਕਰਤਾਰ ਸਿੰਘ ਝੱਬਰ ਜੀ ਨੂੰ ਪਹੁੰਚਾਈ। ਖ਼ਬਰ ਮਿਲਦੇ ਹੀ ਝੱਬਰ ਜੀ ਨੇ ਆਪਣੇ ਸਾਥੀਆਂ ਨਾਲ ਸਲਾਹ ਕਰਕੇ ਫੈਸਲਾ ਕੀਤਾ ਕਿ 19–20 ਫਰਵਰੀ ਨੂੰ ਜਦੋਂ ਲਾਹੌਰ ਵਿਖੇ ਸਨਾਤਨ ਸਿੱਖ ਕਾਨਫਰੰਸ 'ਚ ਮਹੰਤ ਹਿੱਸਾ ਲੈਣ ਜਾਵੇਗਾ, ਉਸ ਸਮੇਂ ਜਨਮ ਸਥਾਨ 'ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਇਸ ਫੈਸਲੇ ਅਧੀਨ 20 ਫਰਵਰੀ 1921 ਨੂੰ 4–5 ਹਜ਼ਾਰ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚਿਆ ਜਾਵੇਗਾ। ਭਾਈ ਲਛਮਣ ਸਿੰਘ ਧਾਰੋਵਾਲ ਨੇ ਚੱਲ ਕੇ ਝੱਬਰ ਜੀ ਦੇ ਜਥੇ ਨੂੰ ਚੰਦਰਕੋਟ ਦੀ ਝਾਲ 'ਤੇ ਮਿਲਣਾ ਸੀ ਤੇ ਇੱਥੋਂ ਇਕੱਠੇ ਹੋ ਕੇ ਸਵੇਰੇ 5 ਵਜੇ ਨਨਕਾਣਾ ਸਾਹਿਬ ਪੁੱਜਣਾ ਸੀ। ਇਹ ਸਾਰਾ ਪ੍ਰੋਗਰਾਮ ਸ਼੍ਰੋਮਣੀ ਕਮੇਟੀ ਤੋਂ ਗੁਪਤ ਹੀ ਰੱਖਿਆ ਗਿਆ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਅਜਿਹਾ ਕਰਨ ਦੀ ਆਗਿਆ ਨਹੀਂ ਦੇਣੀ ਸੀ।

7. ਪਰੰਤੂ ਕਿਸੇ ਤਰ੍ਹਾਂ ਸਿੱਖ ਲੀਡਰਸ਼ਿਪ ਨੂੰ ਇਸ ਪ੍ਰੋਗਰਾਮ ਦਾ ਪਤਾ ਲੱਗ ਗਿਆ ਤੇ ਉਹਨਾਂ ਨੇ ਸਰਦਾਰ ਕਰਤਾਰ ਸਿੰਘ ਝੱਬਰ ਦੇ ਜਥੇ ਨੂੰ ਪੰਥ ਦਾ ਵਾਸਤਾ ਪਾ ਕੇ ਰੋਕ ਲਿਆ ਤੇ ਸ. ਲਛਮਣ ਸਿੰਘ ਧਾਰੋਵਾਲ ਦੇ ਜਥੇ ਨੂੰ ਰੋਕਣ ਦੀ ਜ਼ਿੰਮੇਵਾਰੀ ਸ. ਦਲੀਪ ਸਿੰਘ ਜੀ ਨੂੰ ਸੌਂਪੀ ਗਈ।

8. ਸਰਦਾਰ ਲਛਮਣ ਸਿੰਘ ਜੀ ਦੀ ਅਗਵਾਈ ਹੇਠ ਜਥਾ 19 ਫਰਵਰੀ 1921 ਨੂੰ ਨਨਕਾਣਾ ਸਾਹਿਬ ਲਈ ਸ਼ਾਂਤਮਈ ਢੰਗ ਨਾਲ ਰਵਾਨਾ ਹੋਇਆ ਤੇ ਨਨਕਾਣਾ ਸਾਹਿਬ ਤੋਂ ਅੱਧੇ ਕੁ ਮੀਲ ਦੀ ਦੂਰੀ 'ਤੇ ਪਹੁੰਚ ਕੇ ਜਥੇਦਾਰ ਜੀ ਨੇ ਸੰਖੇਪ ਸ਼ਬਦਾਂ ਵਿੱਚ ਅਰਦਾਸਾ ਸੋਧਿਆ : "ਗੁਰੂ ਨਾਨਕ ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨਾਂ ਨੂੰ ਆਏ ਹਾਂ ਤੇ ਇਰਾਦਾ ਧਾਰਿਆ ਹੈ ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਣੇ ਖ਼ੂਨ ਨਾਲ ਧੋਣ ਦਾ। ਤੂੰ ਬਲ ਬਖਸ਼ ਅਸੀਂ ਇਸ ਕੰਮ ਨੂੰ ਨੇਪਰੇ ਚਾੜ੍ਹ ਸਕੀਏ ਜਾਂ ਆਪਣੇ ਸਰੀਰ ਰੂਪੀ ਠੀਕਰੇ ਤੇਰੇ ਦਰ 'ਤੇ ਭੰਨ ਸਕੀਏ।"

9. 20 ਫਰਵਰੀ 1921 ਨੂੰ ਅਕਾਲੀਆਂ ਨੇ ਜਨਮ ਅਸਥਾਨ ਦੇ ਬਾਹਰ ਸਰੋਵਰ 'ਤੇ ਇਸ਼ਨਾਨ ਕੀਤਾ ਅਤੇ ਕਰੀਬ 6 ਵਜੇ ਸਾਰੇ ਸਿੰਘ ਗੁਰਦੁਆਰੇ ਅੰਦਰ ਦਾਖਲ ਹੋਏ ਤੇ ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਬੈਠਣ ਦੀ ਦੇਰ ਹੀ ਸੀ ਕਿ ਮਹੰਤ ਦੇ ਗੁੰਡਿਆਂ ਵੱਲੋਂ ਅੰਨ੍ਹੇ-ਵਾਹ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ। ਪਲਾਂ ਵਿੱਚ ਹੀ ਜਨਮ ਅਸਥਾਨ ਅੰਦਰ ਸਿੰਘਾਂ ਦੇ ਖ਼ੂਨ ਦਾ ਦਰਿਆ ਵਗ ਉਠਿਆ। ਪੁਲਿਸ ਥਾਣਾ ਬਿਲਕੁਲ ਨਾਲ ਹੁੰਦਿਆਂ ਹੋਇਆਂ ਵੀ ਕੋਈ ਪੁਲਿਸ ਵਾਲਾ ਨਾ ਬਹੁੜਿਆ। ਮਹੰਤ ਆਪ ਘੋੜੇ 'ਤੇ ਸਵਾਰ ਹੋ ਕੇ ਉੱਚੀ-ਉੱਚੀ ਚੀਖ ਰਿਹਾ ਸੀ, 'ਵੇਖਿਓ ਕੋਈ ਕੇਸਾਂ ਵਾਲਾ ਸਿੱਖ ਜਿਉਂਦਾ ਨਾ ਰਹੇ।' ਬਾਹਰਲਾ ਗੇਟ ਬੰਦ ਕਰਕੇ ਇੱਟਾਂ, ਪੱਥਰ ਸੁੱਟ ਕੇ ਕਿਰਪਾਨਾਂ ਕੁਹਾੜੀਆਂ ਨਾਲ ਵੱਢ ਕੇ, ਗੋਲੀਆਂ ਨਾਲ ਵਿੰਨ੍ਹ ਕੇ ਸਾਰੇ ਸਿੱਖਾਂ ਨੂੰ ਮਾਰ ਮੁਕਾਉਣ ਦੀ ਕੋਸ਼ਿਸ਼ ਕੀਤੀ ਗਈ ਤੇ ਸਾਰੇ ਜ਼ਖਮੀ, ਸਹਿਕਦੇ ਤੇ ਲਾਸ਼ਾਂ ਨੂੰ ਘੜੀਸ ਕੇ ਇਕੱਠੇ ਕਰਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਸ. ਲਛਮਣ ਸਿੰਘ ਜੀ ਨੂੰ ਜੰਡ ਨਾਲ ਬੰਨ੍ਹ ਕੇ ਸਾੜਿਆ ਗਿਆ। ਇਹ ਜੰਡ ਅੱਜ ਵੀ ਮੌਜੂਦ ਹੈ।

10. ਜਨਮ ਅਸਥਾਨ ਦੇ ਨੇੜੇ ਦੇ ਮਿੱਲ ਮਾਲਕ ਸ. ਉੱਤਮ ਸਿੰਘ ਜੀ ਨੇ ਕੋਈ 9-15 ਦੇ ਕਰੀਬ ਸ. ਕਰਮ ਸਿੰਘ ਸਟੇਸ਼ਨ ਮਾਸਟਰ ਰਾਹੀਂ ਇਸ ਕਤਲੇਆਮ ਦੀਆਂ ਖ਼ਬਰਾਂ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ. ਤੇ ਸੁਪਰਡੈਂਟ ਨੂੰ ਘੱਲੀਆਂ ਅਤੇ ਨਾਲ ਹੀ ਸਾਰੀਆਂ ਸਿੱਖ ਸੰਸਥਾਵਾਂ, ਖ਼ਾਸ ਕਰਕੇ ਸ਼੍ਰੋਮਣੀ ਕਮੇਟੀ ਨੂੰ ਵੀ ਖ਼ਬਰਾਂ ਪਹੁੰਚਾ ਦਿੱਤੀਆਂ।

11. ਮਹੰਤ ਨਰਾਇਣ ਦਾਸ ਤੇ ਉਸ ਦੇ ਚੇਲਿਆਂ ਅਤੇ 26 ਪਠਾਨਾਂ ਨੂੰ ਫੜ ਕੇ ਸਪੈਸ਼ਲ ਗੱਡੀ ਰਾਹੀਂ ਲਾਹੌਰ ਭੇਜ ਦਿੱਤਾ ਗਿਆ। ਗੁਰਦੁਆਰਾ ਜਨਮ ਅਸਥਾਨ 'ਤੇ ਸਰਕਾਰ ਨੇ ਕਬਜ਼ਾ ਕਰ ਲਿਆ ਤੇ ਗੁਰਦੁਆਰੇ ਨੂੰ ਜਿੰਦਰੇ ਲਗਾ ਦਿੱਤੇ ਗਏ।

12. 20-21 ਫਰਵਰੀ ਨੂੰ ਸਿੱਖ ਆਗੂ ਨਨਕਾਣਾ ਸਾਹਿਬ ਪਹੁੰਚਣੇ ਸ਼ੁਰੂ ਹੋ ਗਏ। 21 ਫਰਵਰੀ ਨੂੰ ਸਵੇਰੇ ਪੜਤਾਲ ਦਾ ਕੰਮ ਸ਼ੁਰੂ ਹੋਇਆ। ਸਾਰਾ ਜਨਮ ਅਸਥਾਨ ਸ਼ਮਸ਼ਾਨ ਭੂਮੀ ਬਣਿਆ ਹੋਇਆ ਸੀ। ਕੇਸ ਤੇ ਕੰਘੇ ਥਾਂ-ਥਾਂ ਖਿੱਲਰੇ ਪਏ ਸਨ। ਲਾਸ਼ਾਂ ਦੇ ਪੰਜ ਵੱਡੇ ਢੇਰ ਵਿਹੜੇ ਵਿੱਚ ਲੱਗੇ ਪਏ ਸਨ। ਕੁੱਲ ਮਿਲਾ ਕੇ 150 ਸਿੰਘ ਅੰਦਰ ਸ਼ਹੀਦ ਹੋਏ ਸਨ ਜਿਨ੍ਹਾਂ ਵਿੱਚੋਂ 86 ਦੇ ਨਾਂ ਹੀ ਮਿਲ ਸਕੇ। ਗੁਰਦੁਆਰੇ ਦੇ ਬਾਹਰ ਵੀ ਸਿੰਘ ਸ਼ਹੀਦ ਕੀਤੇ ਗਏ ਸਨ।

13. ਉਧਰ 20 ਫਰਵਰੀ 1921, ਸਵੇਰੇ 11.00 ਵਜੇ ਸ੍ਰੀ ਨਨਕਾਣਾ ਸਾਹਿਬ ਤੋਂ



Sri Satguru Jagjit Singh Ji eLibrary NamdhariElibrary@gmail.com

ਆਈਆਂ ਤਾਰਾਂ ਤੋਂ ਸ. ਕਰਤਾਰ ਸਿੰਘ ਝੱਬਰ ਨੂੰ ਸਾਰੀ ਇਤਲਾਹ ਮਿਲ ਚੁੱਕੀ ਸੀ। ਇਹਨਾਂ ਨੇ ਅਰਦਾਸਾ ਸੋਧਿਆ ਤੇ ਨਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ। ਰਸਤੇ ਵਿੱਚ ਹੋਰ ਸਿੰਘ ਜਥੇ ਨਾਲ ਰਲਦੇ ਗਏ ਤੇ ਨਨਕਾਣਾ ਸਾਹਿਬ ਦੇ ਨੇੜੇ ਪਹੁੰਚ ਕੇ ਝੱਬਰ ਜੀ ਨੇ ਲਕੀਰ ਖਿੱਚ ਦਿੱਤੀ ਤੇ ਕਿਹਾ ਉਹ ਹੀ ਅੱਗੇ ਆਉਣ ਜਿਨ੍ਹਾਂ ਨੇ ਗੁਰਦੁਆਰੇ ਦੇ ਕਬਜ਼ੇ ਲਈ ਸ਼ਹੀਦੀ ਪ੍ਰਾਪਤ ਕਰਨੀ ਹੈ। 2200 ਸਿੰਘ ਮੌਤ ਨੂੰ ਮਖੌਲ ਕਰਦੇ ਹੋਏ ਲਕੀਰ ਤੋਂ ਪਾਰ ਖੜੇ ਹੋ ਗਏ। ਜਨਮ ਅਸਥਾਨ ਦੇ ਨਜ਼ਦੀਕ ਗੋਰਾ ਪੁਲਿਸ ਨੇ ਜਥੇ ਨੂੰ ਰੋਕਿਆ ਤੇ ਕਿਹਾ ਆਗੇ ਮਤ ਬੜੋ, ਆਗੇ ਗੋਰਾ ਫੌਜ ਹੈ ਤੇ ਮਸ਼ੀਨ ਗੰਨਾਂ ਬੀੜੀਆਂ ਹੋਈਆਂ ਹਨ। ਝੱਬਰ ਜੀ ਨੇ ਆਪਣੇ ਜਥੇ ਨੂੰ ਸਾਰੀ ਖ਼ਬਰ ਦਿੱਤੀ ਤੇ ਕਿਹਾ ਕਿ ਹੁਣ ਅਸੀਂ ਗੋਲੀ ਦੀ ਮਾਰ ਦੇ ਬਿਲਕੁਲ ਨਜ਼ਦੀਕ ਪਹੁੰਚ ਗਏ ਹਾਂ। ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਗੁਰਦੁਆਰੇ ਉੱਤੇ ਕਬਜ਼ਾ ਕਰਾਂਗੇ ਜਾਂ ਸ਼ਹੀਦ ਹੋਵਾਂਗੇ। ਝੱਬਰ ਜੀ ਨੇ ਡਿਪਟੀ ਕਮਿਸ਼ਨਰ ਕਰੀ ਨੂੰ ਕਿਹਾ, "ਆਪ ਗੋਲੀ ਚਲਾਓ ਤੇ ਫਿਰ ਮੇਰੇ ਜਵਾਨਾਂ ਦੇ ਹੱਥ ਦੇਖੋ।" ਭਾਰੀ ਗਿਣਤੀ ਵਿੱਚ ਸਿੰਘਾਂ ਦੇ ਜੋਸ਼ ਨੂੰ ਵੇਖਦਿਆਂ ਡੀ.ਸੀ. ਕਰੀ ਨੇ ਦੋ ਮਿੰਟ ਵਿੱਚ ਹੀ ਚਾਬੀਆਂ ਜਥੇਦਾਰ ਝੱਬਰ ਜੀ ਦੇ ਹੱਥ ਫੜਾ ਦਿੱਤੀਆਂ ਤੇ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਉਸ ਵੇਲੇ ਹੀ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਸਿੰਘਾਂ ਨੂੰ ਦਿੱਤਾ ਗਿਆ। ਜਿਸਦੇ ਪ੍ਰਧਾਨ ਸਰਦਾਰ ਹਰਬੰਸ ਸਿੰਘ ਜੀ ਸਨ।

14. 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦੇ ਤਾਲੇ ਖੋਲ੍ਹ ਕੇ ਕਮੇਟੀ ਦੇ ਮੈਂਬਰ ਤੇ ਮੁਖੀ ਸਿੰਘ ਗੁਰਦੁਆਰੇ ਅੰਦਰ ਦਾਖਲ ਹੋਏ ਅਤੇ ਜੋ ਦ੍ਰਿਸ਼ ਦੇਖਿਆ ਉਸ ਨੂੰ ਵੇਖ ਕੇ ਸਾਰਿਆਂ ਦੀਆਂ ਭੁੱਬਾਂ ਨਿਕਲ ਗਈਆਂ। ਕਮੇਟੀ ਦੇ ਮੈਂਬਰਾਂ ਨੇ ਤਹਿ ਕੀਤਾ ਕਿ 22 ਫਰਵਰੀ 1921 ਨੂੰ ਸ਼ਹੀਦਾਂ ਦੇ ਦਰਸ਼ਨ ਕਰਾਏ ਜਾਣਗੇ। 22 ਫਰਵਰੀ ਸਵੇਰੇ 11.00 ਵਜੇ ਸਿੰਘਾਂ ਨੂੰ ਅੰਦਰ ਜਾਣ ਦਾ ਹੁਕਮ ਹੋਇਆ। ਅੰਦਰ ਦਾ ਨਜ਼ਾਰਾ ਦੇਖ ਕੇ ਸਿੰਘਾਂ ਦੀਆਂ ਚੀਖਾਂ ਨਿਕਲ ਗਈਆਂ। ਪ੍ਰੋਫੈਸਰ ਸਾਹਿਬ ਸਿੰਘ ਜੀ ਜੋ ਉਸ ਸਮੇਂ ਅੰਦਰ ਸਿੰਘਾਂ ਨਾਲ ਸ਼ਾਮਲ ਸਨ, ਲਿਖਦੇ ਹਨ :

ਇੰਨੀਆਂ ਜਵਾਨ ਮੌਤਾਂ ਵੇਖ ਕੇ ਮੈਂ ਭੁੱਬਾਂ ਮਾਰ ਕੇ ਰੋਇਆ। ਏਨੇ ਘਰ ਉਜੜੇ ਤੇ ਉਹ ਵੀ ਇੰਨੀ ਬੇਰਹਿਮੀ ਨਾਲ ਤੇ ਉੱਤੋਂ ਗੁਰੂ ਘਰ ਦੇ ਅੰਦਰ। ਤੌਬਾ, ਕਹਿਰ ਹੀ ਕਹਿਰ ਸੀ। ਸੱਚ ਜਾਣੋ ਤਾਂ ਤੁਰਨ ਜੋਗਾ ਵੀ ਸਾਹ ਸਤ ਨਾ ਰਿਹਾ। ਜਦੋਂ ਮੈਂ ਗੁਰਦੁਆਰੇ ਅੰਦਰ ਗਿਆ ਤਾਂ ਭਾਈ ਹੀਰਾ ਸਿੰਘ ਜੀ ਕੀਰਤਨੀਏ, ਉਸ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ ਜਿਸ ਵਿੱਚ ਮਹੰਤ ਦੇ ਗੁੰਡਿਆਂ ਦੀਆਂ ਸੱਤ ਗੋਲੀਆਂ ਵੱਜੀਆਂ ਸਨ। ਭਾਈ ਹੀਰਾ ਸਿੰਘ ਜੀ ਨੇ ਮੈਨੂੰ ਵੇਖ ਕੇ ਉੱਚੀ-ਉੱਚੀ ਰੋ ਕੇ ਕਿਹਾ ਭਾਈ ਸਾਹਿਬ ਸਿੰਘ ਜੀ! ਇਹ ਵੇਖੋ ਸਤਿਗੁਰੂ ਜੀ ਦੀ ਛਾਤੀ ਵੀ ਗੋਲੀਆਂ ਨਾਲ ਵਿੰਨ੍ਹੀ ਪਈ ਹੈ। ਅਸੀਂ ਦੋਵੇਂ ਜ਼ਾਰ ਜ਼ਾਰ ਰੋਏ।

15. ਅਗਲੇ ਦਿਨ 23 ਫਰਵਰੀ ਨੂੰ ਸ਼ਾਮ 7 ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। 3 ਮਾਰਚ 1921 ਨੂੰ ਨਨਕਾਣਾ ਸਾਹਿਬ ਵਿਖੇ ਵੱਡਾ ਸ਼ਹੀਦੀ ਦੀਵਾਨ ਸਜਿਆ। ਉਸ ਦੀਵਾਨ ਵਿੱਚ ਜਥੇਦਾਰ ਕਰਤਾਰ ਸਿੰਘ ਝੱਬਰ, ਜਿਨ੍ਹਾਂ ਨੇ ਜਨਮ ਅਸਥਾਨ ਦੀਆਂ ਚਾਬੀਆਂ ਸਿੱਖੀ ਦਮ 'ਤੇ ਲਈਆਂ ਸਨ, ਨੇ ਕਿਹਾ, "ਇਸ ਘਟਨਾ ਨੇ ਸਿੱਖਾਂ ਨੂੰ ਨੀਂਦਰ ਵਿੱਚੋਂ ਜਗਾ ਦਿੱਤਾ ਹੈ। ਹੁਣ ਆਜ਼ਾਦੀ ਵੱਲ ਤੁਰਨ ਲਈ ਸਿੱਖਾਂ ਨੂੰ ਤਿਆਰ ਹੋ ਜਾਣਾ ਚਾਹੀਦਾ ਹੈ। ਇਤਿਹਾਸ ਦੁਹਰਾਉਂਦਾ ਜ਼ਰੂਰ ਹੈ। ਪਹਿਲਾਂ ਵੀ ਸਿੱਖ ਕਤਲੇਆਮ ਹੋਇਆ ਸੀ। ਜੇ ਅੱਗੋਂ ਹੋਰ ਹੋਣ ਤੋਂ ਰੋਕਣਾ ਹੈ ਤਾਂ ਤਿਆਰ ਬਰ ਤਿਆਰ ਰਹਿਣਾ ਜ਼ਰੂਰੀ ਹੈ। ਅਸੀਂ ਹਰ ਸਦੀ ਕੁਰਬਾਨੀ ਨਹੀਂ ਦੇਣੀ। ਇਸ ਲਈ ਢਿੱਲੇ ਨਹੀਂ ਪੈਣਾ। ਜੇ ਢਿੱਲੇ ਪੈਂਦੇ ਰਹੇ ਤਾਂ ਹੱਕ ਹਮੇਸ਼ਾ ਖੋਹੇ ਜਾਂਦੇ ਰਹਿਣਗੇ ਤੇ ਕੌਮ ਗੁਲਾਮ ਬਣਾ ਲਈ ਜਾਏਗੀ।

16. ਸਾਕੇ ਤੋਂ ਬਾਅਦ ਇੱਕ ਸਰਕਾਰੀ ਅਖਬਾਰ ਨੇ ਨਵੰਬਰ 1920 ਵਿੱਚ ਲਿਖਿਆ ਸੀ ਕਿ ਗੁਰੂ ਨਾਨਕ ਸਾਹਿਬ ਦੇ ਆਗਮਨ ਪੁਰਬ ਦੇ ਸਾਲਾਨਾ ਮੇਲੇ 'ਤੇ ਨਨਕਾਣੇ ਦੇ ਗੁਰਦੁਆਰੇ 'ਤੇ ਅੱਤਵਾਦੀਆਂ (ਸਿੱਖਾਂ) ਵੱਲੋਂ ਵੱਡੇ ਧਾਵੇ ਵਾਸਤੇ ਜੋ ਰਾਹ ਅਪਣਾਇਆ ਗਿਆ ਸੀ, ਉਸ ਤੋਂ ਬਚਾਓ ਲਈ ਥੋੜ੍ਹੀ ਬਹੁਤ ਤਿਆਰੀ ਮਹੰਤਾਂ ਨੇ ਕੀਤੀ ਸੀ, ਜਿਸ ਸਦਕਾ ਵੱਡਾ ਹਾਦਸਾ ਹੋਣ ਤੋਂ ਬਚਾਓ ਹੋ ਗਿਆ ਤੇ ਸਭ ਅਮਨ ਅਮਾਨ ਨਾਲ ਲੰਘ ਗਿਆ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਫਰਵਰੀ 1921 ਵਿੱਚ ਵਰਤੇ ਕਤਲੇਆਮ ਵਿੱਚ ਸਰਕਾਰ ਦੀ ਪੂਰੀ ਪੂਰੀ ਸ਼ਹਿ ਸੀ।

17. ਇਸ ਮਾਮਲੇ ਵਿੱਚ ਮਿਸਟਰ ਕਿੰਗ ਦੀ ਰਿਪੋਰਟ ਨੇ ਸਪੱਸ਼ਟ ਕੀਤਾ ਕਿ ਮਹੰਤ ਦੀਆਂ ਤਿਆਰੀਆਂ ਬਾਰੇ ਸਰਕਾਰ ਨੂੰ ਸਾਰਾ ਪਤਾ ਸੀ। ਇਹ ਸਰਕਾਰੀ ਤੌਰ 'ਤੇ ਗਲਤ ਖ਼ਬਰ ਫੈਲਾਈ ਗਈ ਕਿ ਅਕਾਲੀ ਨਨਕਾਣਾ ਸਾਹਿਬ 'ਤੇ ਹਮਲਾ ਕਰਨ ਲਈ ਆਏ ਸਨ।

18. ਪੁਲਿਸ ਮਹਿਕਮੇ ਦੇ ਸਰਕਾਰੀ ਕਾਗਜ਼ਾਂ ਵਿੱਚ ਦਰਜ ਮਿਲਿਆ ਕਿ ਮਹੰਤ ਮੰਨਿਆ ਸੀ ਕਿ ਇਹ ਸਾਰਾ ਕੁਝ ਉਸਨੇ ਸਰਕਾਰੀ ਸ਼ਹਿ 'ਤੇ ਹੀ ਕੀਤਾ ਸੀ।

19. ਸਰਕਾਰ ਨੇ ਹਮੇਸ਼ਾ ਦੀ ਤਰ੍ਹਾਂ ਗਵਾਹਾਂ ਦੇ ਦਰਜ ਬਿਆਨਾਂ ਵਿੱਚ ਵੀ ਦੋਗਲੀ ਖੇਡ ਖੇਡੀ ਸੀ ਕਿਉਂਕਿ ਸਰਕਾਰ ਸਿੰਘ ਸੰਘਰਸ਼ ਲਈ ਉੱਠੀ ਅਕਾਲੀ ਲਹਿਰ ਨੂੰ ਮਹੰਤਾਂ ਰਾਹੀਂ ਕੁਚਲਣਾ ਚਾਹੁੰਦੀ ਸੀ ਤੇ ਦੂਜੇ ਪਾਸੇ ਸਿੱਖਾਂ ਦੀਆਂ ਨਜ਼ਰਾਂ ਵਿਚ ਨੀਵਾਂ ਵੀ ਨਹੀਂ ਹੋਣਾ ਚਾਹੁੰਦੀ ਸੀ।

ਇਸ ਮਹਾਨ ਸ਼ਹੀਦੀ ਸਾਕੇ ਦੀ ਸਭ ਤੋਂ ਵੱਡੀ ਦੇਣ ਸੀ ਕਿ ਇਸਨੇ ਸਿੱਖਾਂ ਦੇ ਦਿਮਾਗਾਂ ਵਿੱਚੋਂ ਰਾਜ ਦੀ ਤਾਬਿਆਦਾਰੀ ਤੇ ਵਫਾਦਾਰੀ ਦਾ ਗੰਦ ਧੋ ਦਿੱਤਾ ਸੀ ਤੇ ਅਕਾਲੀਆਂ ਨੂੰ ਮਹੰਤ-ਅੰਗਰੇਜ਼ ਵਿੱਚ ਕੋਈ ਫਰਕ ਨਜ਼ਰ ਨਾ ਆਉਣਾ ਵੀ ਸ਼ੁਰੂ ਹੋ ਗਿਆ।

ਇਨ੍ਹਾਂ ਘਟਨਾਵਾਂ ਦਾ ਲਾਭ ਤਾਂ ਹੀ ਉਠਾਇਆ ਜਾ ਸਕਦਾ ਹੈ ਜੇ ਵਰਤਮਾਨ ਸਮੇਂ ਗੁਰਦੁਆਰਾ ਪ੍ਰਬੰਧ ਨੂੰ ਸੁਧਾਰ ਹਿੱਤ ਯਤਨ ਕੀਤੇ ਜਾਣ। ਅੱਜ ਜੋ ਸਵਾਲ ਸਾਡੇ ਸਾਹਮਣੇ ਹਨ ਉਹਨਾਂ ਦਾ ਵਿਸ਼ਲੇਸ਼ਣ ਕਰਨਾ ਅਤਿ ਜ਼ਰੂਰੀ ਹੈ :

1. ਕੀ ਉਸ ਸਮੇਂ ਮਹੰਤਾਂ ਵੱਲੋਂ ਗੁਰਦੁਆਰਿਆਂ ਦੀ ਆਮਦਨ ਅਤੇ ਗੁਰਦੁਆਰਿਆਂ ਅੰਦਰ ਹੋ ਰਹੀਆਂ ਮਨਮਤਾਂ ਨੂੰ ਰੋਕਣ ਵਾਲੀ ਸ਼੍ਰੋ. ਗੁਰਦੁਆਰਾ ਪ੍ਰਬੰਧਕ



Sri Satguru Jagjit Singh Ji eLibrary NamdhariElibrary@gmail.com

ਕਮੇਟੀ ਅੱਜ ਆਪ ਉਸੇ ਰਾਹ ਤਾਂ ਨਹੀਂ ਤੁਰ ਪਈ? ਗੁਰਦੁਆਰਿਆਂ ਵਿੱਚ ਸ਼ਰਧਾਲੂਆਂ ਵੱਲੋਂ ਭੇਟ ਕੀਤੀ ਮਾਇਆ ਨੂੰ ਅੱਜ ਸਿੱਖ ਵਿਰੋਧੀ ਝੂਠੇ ਸਾਧ ਦੀ ਮੁਆਫੀ ਨੂੰ ਜਾਇਜ਼ ਕਰਾਰ ਦੇਣ ਲਈ ਇਸ ਕਮੇਟੀ ਨੇ 90 ਲੱਖ ਤੋਂ ਵੱਧ ਰਕਮ ਦੇ ਇਸ਼ਤਿਹਾਰ ਦੇ ਕੇ ਸਿੱਖ ਸੰਗਤਾਂ ਨਾਲ ਧ੍ਰੋਹ ਨਹੀਂ ਕਮਾਇਆ?

2. ਕੀ ਅੱਜ ਸਿੱਖ ਆਗੂ, ਕਮੇਟੀਆਂ ਜਾਂ ਸ਼੍ਰੋਮਣੀ ਜਥੇਬੰਦੀ ਪੰਥਕ ਫੈਸਲੇ ਲੈਣ ਦੇ ਯੋਗ ਹਨ ਜੋ ਕੌਮ ਲਈ ਸਹੀ ਮਾਰਗ ਦਰਸ਼ਨ ਕਰ ਸਕਣ? ਕੀ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਖ਼ਤਮ ਕਰਕੇ ਬ੍ਰਾਹਮਣੀ ਨਾਨਕਸ਼ਾਹੀ ਕੈਲੰਡਰ ਛਾਪ ਕੇ ਸਿੱਖ ਹਿੱਤਾਂ ਨਾਲ ਧੋਖਾ ਨਹੀਂ ਕੀਤਾ ਗਿਆ?

3. ਕੀ ਇਸ ਬਹਾਦਰ ਕੌਮ ਦੇ ਇਤਿਹਾਸ ਨੂੰ ਹੌਲੀ ਹੌਲੀ ਵਿਰੋਧੀਆਂ ਵੱਲੋਂ ਮਿਲਗੋਭਾ ਕਰਕੇ ਸਾਡੇ ਕੌਮੀ ਮਾਣਮੱਤੇ ਇਤਿਹਾਸ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ? ਅੱਜ ਗੋਬਿੰਦ ਰਮਾਇਣ ਤੇ ਹੋਰ ਨਾਵਾਂ ਥੱਲੇ ਲਿਖੇ ਮਿਥਿਹਾਸ ਨੂੰ ਸਿੱਖ ਇਤਿਹਾਸ ਦਾ ਹਿੱਸਾ ਬਣਾ ਕੇ ਪੇਸ਼ ਕਰਨ ਪਿੱਛੇ ਕੋਈ ਵੱਡੀ ਸਾਜ਼ਿਸ਼ ਨਹੀਂ ਹੈ?

4. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਗ੍ਰੰਥਾਂ ਨੂੰ ਪ੍ਰਕਾਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ ਪ੍ਰਤਿਸ਼ਠਾ ਨੂੰ ਘਟਾਉਣ ਦੀ ਕੋਸ਼ਿਸ਼ ਨਹੀਂ ਹੋ ਰਹੀ?

5. ਕੀ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਨਹੀਂ ਹੋ ਰਹੀ? ਅੱਜ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਉਲਟ ਕਰਾਮਾਤਾਂ, ਚੌਪਹਿਰਿਆਂ ਦੇ ਨਾਮ 'ਤੇ ਸਿੱਖ ਸੋਚ ਨੂੰ ਗੁਰੂ ਦੀ ਬਾਣੀ ਨਾਲੋਂ ਦੂਰ ਨਹੀਂ ਕੀਤਾ ਜਾ ਰਿਹਾ?

6. ਕੀ ਅੱਜ ਪ੍ਰਿੰਟ ਮੀਡੀਏ, ਇਲੈਕਟਰੋਨਿਕ ਮੀਡੀਏ ਜਾਂ ਸੋਸ਼ਲ ਮੀਡੀਆ ਰਾਹੀਂ ਨਿਆਰੀ ਤੇ ਨਿਵੇਕਲੀ ਸੋਚ ਨੂੰ ਮਲੀਆਮੇਟ ਕਰਨ ਦੀ ਕੋਸ਼ਿਸ਼ ਨਹੀਂ ਹੋ ਰਹੀ? ਸਿੱਖਾਂ ਨੂੰ ਕਮਜ਼ੋਰ ਕਰਨ ਲਈ ਤੇ ਇਸ ਦੀ ਅਣਖ ਮਿਟਾਉਣ ਲਈ ਇਨ੍ਹਾਂ ਨੂੰ ਭਾਈ ਭਾਈ ਕਹਿ ਕੇ ਵੱਡਾ ਧੋਖਾ ਤਾਂ ਨਹੀਂ ਕੀਤਾ ਜਾ ਰਿਹਾ?

7. ਕੀ ਅੱਜ ਸਾਡੇ ਤਖ਼ਤ ਆਜ਼ਾਦ ਹਨ? ਕੀ ਉਹ ਆਪਣੀ ਮਰਜ਼ੀ ਨਾਲ ਫੈਸਲੇ ਲੈ ਸਕਦੇ ਹਨ? ਕੀ ਤਖ਼ਤਾਂ ਵੱਲੋਂ ਕੀਤੇ ਗਏ ਫੈਸਲੇ ਰਾਜਨੀਤਿਕਾਂ ਦੀ ਮਰਜ਼ੀ ਤੇ ਸੋਚ ਮੁਤਾਬਿਕ ਨਹੀਂ ਹੋਏ?

8. ਕੀ ਅੱਜ ਨੌਜਵਾਨ ਨੂੰ ਕੋਈ ਅਜਿਹਾ ਰੋਲ ਮਾਡਲ ਨਜ਼ਰ ਆ ਰਿਹਾ ਹੈ ਜਿਸ ਨੂੰ ਵੇਖ ਕੇ ਉਹਨਾਂ ਅੰਦਰ ਸਿੱਖੀ ਦੀ ਫੁਲਵਾੜੀ ਨੂੰ ਖਿੜਿਆ ਰੱਖਣ ਦੀ ਖ਼ਾਹਿਸ਼ ਜਾਗੇ?

ਸੱਚ ਤਾਂ ਇਹ ਹੈ ਕਿ ਮੌਜੂਦਾ ਸਮੇਂ ਗੁਰਦੁਆਰਾ ਪ੍ਰਬੰਧ ਦੀ ਹਾਲਤ ਇੰਨੀ ਗੰਭੀਰ ਬਣ ਚੁੱਕੀ ਹੈ ਕਿ ਜੇ ਸਾਰੇ ਪੱਖਾਂ 'ਤੇ ਗੰਭੀਰਤਾ ਨਾਲ ਵਿਚਾਰ ਕਰੀਏ ਤਾਂ ਇਹ ਸਮਝ ਆ ਜਾਏਗੀ ਕਿ ਇਸ ਢਾਂਚੇ ਵਿੱਚ ਬਹੁਤ ਸੁਧਾਰ ਕਰਨਾ ਪਵੇਗਾ। ਅੱਜ ਲੋੜ ਹੈ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਵਰਗੇ ਇਮਾਨਦਾਰ, ਸੁਝਵਾਨ, ਗੁਰਮਤਿ ਵਿਚ ਪਰਪੱਕ, ਜੀਵਨ ਵਾਲੇ, ਕੁਰਬਾਨੀ ਵਾਲੇ, ਅਤੇ ਹਰ ਲਾਲਚ ਤੋਂ ਉੱਪਰ ਅਣਖੀਲੇ ਲੀਡਰਾਂ ਦੀ, ਜੋ ਕੌਮ ਨੂੰ ਸਹੀ ਰਾਹ ਦੱਸ ਸਕਣ ਅਤੇ ਗੁਰਦੁਆਰਿਆਂ ਨੂੰ ਮੁੜ ਕੇ ਧਰਮਸ਼ਾਲਾ, ਅਤੇ ਸਿੱਖੀ ਪ੍ਰਚਾਰ ਦੇ ਕੇਂਦਰ ਬਣਾ ਸਕਣ ਤਾਂ ਜੋ ਆਉਣ ਵਾਲੀ ਪੀੜ੍ਹੀ ਤੱਕ ਸਿੱਖੀ ਸਹੀ ਰੂਪ ਵਿੱਚ ਪਹੁੰਚਾਈ ਜਾ ਸਕੇ। ਹਾਲੇ ਵੀ ਸਮਾਂ ਹੈ ਯੋਗ ਅਗਵਾਈ ਵਾਲੀ ਸਿਆਸੀ ਤਾਕਤ ਬਣਨ ਵੱਲ ਧਿਆਨ ਦੇਈਏ ਨਹੀਂ ਤਾਂ ਕੋਈ ਹੋਰ ਸਾਕਾ ਫਿਰ ਵਾਪਰ ਸਕਦਾ ਹੈ।

ਆਓ!

'ਕੱਠੇ ਕਰਨ ਲਈ ਕੌਮੀ ਪਤੰਗਿਆਂ ਨੂੰ,
ਸਾਂਝ-ਪ੍ਰੀਤ ਦੀ ਸ਼ਮ੍ਹਾਂ ਜਗਾ ਦੇਈਏ।
ਜਥੇਦਾਰੀਆਂ ਵੀ ਫੇਰ ਸਾਂਭ ਲਾਂਗੇ,
ਪਹਿਲਾਂ ਗੈਰਾਂ ਦੀ ਛੱਟ ਤਾਂ ਲਾਹ ਦੇਈਏ।
'ਅਰਸ਼ੀ' ਦਾਤੇ ਦੇ ਉੱਚੇ ਸਕੂਲ ਵਿਚੋਂ,
ਸਬਕ ਸਾਂਝ ਦਾ, ਪ੍ਰੇਮ ਦਾ ਸਿੱਖ ਲਈਏ,
ਚੰਦਰੀ ਫੁੱਟ ਨੂੰ ਘਰੋਂ ਹੈ ਬਾਹਰ ਕੱਢਣਾ,
ਏਸ ਸਤਰ ਨੂੰ ਦਿਲਾਂ 'ਤੇ ਲਿਖ ਲਈਏ।

**ਹਵਾਲੇ :** (1) ਸਾਕਾ ਨਨਕਾਣਾ ਸਾਹਿਬ, ਸਿੱਖ ਮਿਸ਼ਨਰੀ ਕਾਲਜ (2) ਅਕਾਲੀ ਮੋਰਚਿਆਂ ਦਾ ਇਤਿਹਾਸ–ਸ. ਸੋਹਣ ਸਿੰਘ ਜੋਸ਼ (3) ਮੇਰੀ ਜੀਵਨ ਕਹਾਣੀ–ਪ੍ਰੋ. ਸਾਹਿਬ ਸਿੰਘ (4) ਗੁਰਦੁਆਰਾ ਸੁਧਾਰ ਲਹਿਰ–ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।


**–ਹਰਜੀਤ ਸਿੰਘ, ਜਲੰਧਰ।**
**+1346-412-7014**
**E-mail : editorsikhphulwari@gmail.com**


## ਧਰਮ ਪ੍ਰਚਾਰ ਹਿੱਤ ਭੇਜੀ ਗਈ ਸਹਾਇਤਾ

- ਸ. ਸੁਖਵਿੰਦਰ ਸਿੰਘ, ਕੋਠੀ ਨੰ. 418 ਕਮਲਾ ਨਹਿਰੂ ਨਗਰ ਬਠਿੰਡਾ, ਜੋ ਸਿੱਖ ਫੁਲਵਾੜੀ ਹੱਥੀਂ ਵੰਡਣ ਦੀ ਸੇਵਾ ਲਗਨ ਨਾਲ ਨਿਭਾ ਰਹੇ ਹਨ, ਆਪਣੇ ਸਪੁੱਤਰ ਇੰਦਰਜੀਤ ਸਿੰਘ ਦੀ ਯਾਦ ਵਿਚ ਜੋ ਕਿ 2019 'ਚ ਪਰਲੋਕ ਸਿਧਾਰ ਗਏ ਸਨ, 2000 ਰੁਪਏ ਕਾਲਜ ਨੂੰ ਸਹਾਇਤਾ ਲਈ ਦਿੱਤੇ ਹਨ ਜੀ।
- ਸ. ਹਰਭਜਨ ਸਿੰਘ ਸੇਵਾ ਮੁਕਤ ਬੈਂਕ ਮੈਨੇਜਰ ਮ. ਨੰ. 22444, ਗਲੀ ਨੰ. 4, ਭਾਗੂ ਰੋਡ ਬਠਿੰਡਾ ਨੇ 1000 ਰੁਪਏ ਦਸਵੰਧ ਭੇਜਿਆ ਹੈ।
- ਡਾ. ਹਰਭਜਨ ਸਿੰਘ ਐਮ.ਡੀ. ਕੋਠੀ ਨੰ. 225, ਮਾਡਲ ਟਾਊਨ ਫੇਸ-2, ਬਠਿੰਡਾ ਨੇ 500 ਰੁਪਏ ਦਸਵੰਧ ਭੇਜਿਆ ਹੈ।
- ਸ. ਪ੍ਰਿਤਪਾਲ ਸਿੰਘ, ਮਕਾਨ ਨੰ. 22605, ਗਲੀ ਨੰ. 13 ਭਾਗੂ ਰੋਡ, ਬਠਿੰਡਾ ਨੇ 3000 ਰੁਪਏ ਦਸਵੰਧ ਭੇਜਿਆ ਹੈ।
- ਬਠਿੰਡਾ ਸਰਕਲ ਵੱਲੋਂ ਡਿਪਟੀ ਜ਼ੋਨਲ ਇੰਚਾਰਜ ਅਤੇ ਪਰਮਜੀਤ ਸਿੰਘ ਵੱਲੋਂ ਦਸੰਬਰ 2023 'ਚ 30 ਸਿੱਖ ਫੁਲਵਾੜੀ ਮੈਗਜ਼ੀਨ ਅਤੇ ਬਾਕੀ ਮੈਂਬਰਾਂ ਦੇ ਸਹਿਯੋਗ ਨਾਲ ਕੁੱਲ 53 ਮੈਗਜ਼ੀਨ ਬੁੱਕ ਕੀਤੇ ਹਨ ਤੇ 4 ਕੋਰਸ ਬੁੱਕ ਕੀਤੇ ਹਨ। ਦਸੰਬਰ 'ਚ 17270 ਰੁਪਏ ਦਸਵੰਧ ਕਾਲਜ ਨੂੰ ਭੇਜਿਆ ਹੈ। *–ਮਲਕੀਤ ਸਿੰਘ, ਬਠਿੰਡਾ। 94172-07775*

**ਅਦਾਰਾ ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਇਹਨਾਂ ਸਾਰੇ ਵੀਰਾਂ/ਭੈਣਾਂ ਦਾ ਹਾਰਦਿਕ ਧੰਨਵਾਦ ਕਰਦਾ ਹੈ।**




Sri Satguru Jagjit Singh Ji eLibrary NamdhariElibrary@gmail.com

# ਅੰਮ੍ਰਿਤ ਬਾਣੀ ਘਟ ਤੇ ਉਚਰਉ

ਵਿਆਖਿਆ : ਬੀਬੀ ਤਜਿੰਦਰ ਕੌਰ, ਦਿੱਲੀ

**ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ**
**ਪੰਚਹੁ ਕਾ ਮਿਟ ਨਾਵਉ॥**
**ਸਤਰਿ ਦੋਇ ਭਰੇ ਅੰਮ੍ਰਿਤ ਸਰਿ**
**ਬਿਖੁ ਕਉ ਮਾਰਿ ਕਢਾਵਉ॥੧॥**
**ਪਾਛੈ ਬਹੁਰਿ ਨ ਆਵਨੁ ਪਾਵਉ॥**
**ਅੰਮ੍ਰਿਤ ਬਾਣੀ ਘਟ ਤੇ ਉਚਰਉ**
**ਆਤਮ ਕਉ ਸਮਝਾਵਉ॥੧॥ ਰਹਾਉ॥**
**ਬਜਰ ਕੁਠਾਰੁ ਮੋਹਿ ਹੈ ਛੀਨਾਂ**
**ਕਰਿ ਮਿੰਨਤਿ ਲਗਿ ਪਾਵਉ॥**
**ਸੰਤਨ ਕੇ ਹਮ ਉਲਟੇ ਸੇਵਕ**
**ਭਗਤਨ ਤੇ ਡਰਪਾਵਉ॥੨॥**
**ਇਹ ਸੰਸਾਰ ਤੇ ਤਬ ਹੀ ਛੂਟਉ**
**ਜਉ ਮਾਇਆ ਨਹ ਲਪਟਾਵਉ॥**
**ਮਾਇਆ ਨਾਮੁ ਗਰਭ ਜੋਨਿ ਕਾ**
**ਤਿਹ ਤਜਿ ਦਰਸਨੁ ਪਾਵਉ॥੩॥**
**ਇਤੁ ਕਰਿ ਭਗਤਿ ਕਰਹਿ ਜੋ ਜਨ**
**ਤਿਨ ਭਉ ਸਗਲ ਚੁਕਾਈਐ॥**
**ਕਹਤ ਨਾਮਦੇਉ ਬਾਹਰਿ ਕਿਆ ਭਰਮਹੁ**
**ਇਹ ਸੰਜਮ ਹਰਿ ਪਾਈਐ॥੪॥੨॥**

*(ਪੰਨਾ ੬੯੩)*

**ਪਦ ਅਰਥ : ਦਸ**-ਗਿਣਤੀ (10), **ਬੈਰਾਗਨਿ**-ਇਸਤਰੀ ਲਿੰਗ ਤਤਸਮ ਸ਼ਬਦ ਸਿਹਾਰੀ ਨਾਲ ਭਾਵ ਸ਼ਾਂਤ ਹੋਏ ਇੰਦ੍ਰੇ। **ਮੋਹਿ**-ਮੈਂ। **ਪੰਚਹੁ**-ਪੰਜਾਂ ਦਾ। **ਨਾਵਉ**-ਨਾਮੋ ਨਿਸ਼ਾਨ। **ਸਤਰਿ**-ਗਿਣਤੀ (70)। **ਦੋਇ**-ਗਿਣਤੀ (2)। **ਭਰੇ**-ਬਹੁਵਚਨ ਕ੍ਰਿਆ ਲਾਂ ਨਾਲ। **ਅੰਮ੍ਰਿਤ ਸਰਿ**-ਨਾਮ ਜਲ ਦੇ ਸਰੋਵਰ ਨਾਲ। **ਬਿਖੁ**-ਜ਼ਹਿਰ, ਇਕ ਵਚਨ ਔਂਕੜ ਨਾਲ। **ਮਾਰਿ**-ਮਾਰ ਕੇ (ਪੂਰਬ ਪੂਰਨ ਕਾਰਦੰਤਕ ਕ੍ਰਿਆ)। **ਕਢਾਵਉ**-ਕੱਢ ਦਿਤਾ ਭਾਵ ਨਾਸ਼ ਕਰ ਦਿਤਾ। **ਪਾਛੈ**-ਮੁੜ, ਬਹੁਰਿ, ਫਿਰ। **ਘਟ**-ਹਿਰਦੇ ਤੋਂ (ਬਿਨਾਂ ਔਂਕੜ ਤੋਂ, ਸਬੰਧਕ 'ਤੇ' ਆ ਜਾਣ ਕਰਕੇ)। **ਉਚਰਉ**-ਉਤਮ ਪੁਰਖ ਇਕਵਚਨ ਵਰਤਮਾਨ ਕਾਲ ਦੀ ਕ੍ਰਿਆ। **ਆਤਮ**-ਮੁਕਤਾ ਆਇਆ ਹੈ 'ਕਉ' ਸੰਬੰਧਕ ਕਰਕੇ। **ਸਮਝਾਵਉ**-ਉਤਮ ਪੁਰਖ ਇਕਵਚਨ ਵਰਤਮਾਨ ਕਾਲ ਦੀ ਕ੍ਰਿਆ। **ਬਜਰ**-ਕਠੋਰ ; ਵਜ੍ਰ, ਇੰਦ੍ਰ ਦਾ ਸ਼ਸਤ੍ਰ, ਇਹ ਨਾਉਂ ਹੈ ਪਰ ਲੁਪਤ ਸੰਬੰਧਕ ਵਰਗਾ ਆ ਜਾਣ ਕਰਕੇ ਮੁਕਤਾ ਆਇਆ ਹੈ ਭਾਵ ਇੰਦ੍ਰ ਦੇ ਸ਼ਸਤ੍ਰ ਵਰਗਾ ਕਠੋਰ। **ਕੁਠਾਰੁ**-ਕੁਹਾੜਾ, ਇਕਵਚਨ ਨਾਉਂ ਪੁਲਿੰਗ ਔਂਕੜ ਨਾਲ ਆਇਆ ਹੈ। **ਮਿੰਨਤਿ**-ਬੇਨਤੀ (ਇਸਤਰੀ ਲਿੰਗ ਨਾਉਂ ਸਿਹਾਰੀ ਨਾਲ)। **ਪਾਵਉ**-ਚਰਨੀਂ। **ਡਰਪਾਵਉ**-ਉਤਮ ਪੁਰਖ ਇਕਵਚਨ ਵਰਤਮਾਨ ਕਾਲ ਦੀ ਕ੍ਰਿਆ, ਸੰਸਾਰ ਇਕਵਚਨ ਨਾਉਂ 'ਤੇ' ਸੰਬੰਧਕ ਆਣ ਕਰਕੇ ਮੁਕਤਾ ਆਇਆ ਹੈ ਅਤੇ ਇਸ ਦਾ ਵਿਸ਼ੇਸ਼ਣ 'ਇਹ' ਵੀ ਮੁਕਤਾ ਆਇਆ ਹੈ। **ਜੋਨਿ**-ਇਸਤਰੀ ਲਿੰਗ ਤਤਸਮ ਸ਼ਬਦ ਸਿਹਾਰੀ ਨਾਲ ਹੈ। **ਗਰਬ**-'ਦਾ' ਸੰਬੰਧਕ ਆ ਜਾਣ ਕਰਕੇ ਮੁਕਤਾ ਹੈ। **ਤਜਿ**-ਤਿਆਗ ਕੇ (ਪੂਰਬ ਪੂਰਨ ਕਾਰਦੰਤਕ ਕ੍ਰਿਆ)। **ਦਰਸਨੁ**-ਇਕਵਚਨ ਭਾਵਵਾਚਕ ਨਾਉਂ ਔਂਕੜ ਨਾਲ ਹੈ। **ਭਗਤਿ**-ਇਸਤਰੀ ਲਿੰਗ ਤਤਸਮ ਸ਼ਬਦ ਬਿਹਾਰੀ ਨਾਲ ਭਾਵ ਭਗਤੀ। **ਕਰਹਿ**-ਅੱਨ ਪੁਰਖ ਬਹੁਵਚਨ ਵਰਤਮਾਨ ਕਾਲ ਦੀ ਕ੍ਰਿਆ। **ਜਨ**-ਮਨੁੱਖ (ਬਹੁਵਚਨ ਮੁਕਤਾ ਹੈ)। **ਬਾਹਰਿ**-ਸੰਬੰਧਕ ਸਿਹਾਰੀ ਨਾਲ। **ਭਰਮਹੁ**-ਮਧਮ ਪੁਰਖ ਬਹੁਵਚਨ ਵਰਤਮਾਨ ਕਾਲ ਦੀ ਕ੍ਰਿਆ।

**ਅਲੰਕਾਰ :** ਦਸ ਬੈਰਾਗਨਿ, ਰੂਪਰ ਅਲੰਕਾਰ।

**ਬਜਰ ਕੁਠਾਰੁ :** ਉਪਮਾ ਅਲੰਕਾਰ

ਪ੍ਰਸੰਗ -

ਇਹ ਸ਼ਬਦ ਧਨਾਸਰੀ ਰਾਗ ਵਿਚ ਭਗਤ ਨਾਮਦੇਵ ਜੀ ਦਾ ਉਚਾਰਨ ਕੀਤਾ ਹੋਇਆ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ ੬੯੩ 'ਤੇ ਦਰਜ ਹੈ। ਭਗਤ ਜੀ ਇਸ ਸ਼ਬਦ ਵਿਚ ਉਨ੍ਹਾਂ ਜੁਗਤੀਆਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਨੇ ਆਪਣੇ ਅੰਦਰੋਂ ਹੀ ਪਰਮਾਤਮਾ ਨੂੰ ਪ੍ਰਗਟ ਕਰ ਕੇ ਦਰਸ਼ਨ ਪ੍ਰਾਪਤ ਕਰ ਲਏ ਹਨ।

**ਵਿਆਖਿਆ :** 'ਰਹਾਉ' ਦੇ ਬੰਦ ਵਿਚ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਮੈਂ ਹੁਣ ਫਿਰ ਮੁੜ ਕੇ ਉਸ ਅਵਸਥਾ ਵਿਚ ਨਹੀਂ ਜਾਂਦਾ ਜਿੱਥੋਂ ਮੈਂ ਲੰਘ ਆਇਆ ਹਾਂ; ਪਹਿਲਾਂ, ਜੋ ਵਿਕਾਰਾਂ ਵਾਲੀ, ਉਚ-ਨੀਚ ਦੇ ਵਿਤਕਰੇ ਵਾਲੀ, ਲੋਕਾਚਾਰੀ ਵਾਲੀ ਮੇਰੀ ਸੋਚ ਸੀ, ਮਤ ਸੀ, ਹੁਣ ਮੈਂ ਮੁੜ ਕੇ ਉਸ ਸੋਚ ਦਾ ਧਾਰਨੀ ਨਹੀਂ ਹੋਵਾਂਗਾ। ਕਿਉਂਕਿ ਹੁਣ ਮੈਂ ਆਪਣੇ ਮਨ ਨਾਲ ਪ੍ਰਭੂ ਦਾ ਨਾਮ ਸਿਮਰਦਾ ਹਾਂ ਅਤੇ ਸਿਫ਼ਤ ਸਲਾਹ ਉਚਾਰਦਾ ਹਾਂ। ਪ੍ਰਭੂ ਦਾ ਨਾਮ, ਉਸ ਦੇ ਗੁਣ ਹੀ ਹਨ। ਪਰਮਾਤਮਾ ਦੇ ਸਾਰੇ ਨਾਮ ਗੁਣਾਤਮਿਕ ਹਨ ਇਸ ਲਈ ਹੁਣ ਮੈਂ ਆਪਣੇ ਮਨ ਨੂੰ ਰੱਬੀ ਗੁਣਾਂ ਨਾਲ ਜੋੜ ਲਿਆ ਹੈ। ਹੁਣ ਮੈਂ, ਆਪਣੀ 'ਆਤਮਾ' ਭਾਵ ਆਪਣੇ ਆਪ ਨੂੰ ਰੱਬੀ ਗੁਣਾਂ ਨਾਲ ਜੀਵਨ ਜਿਊਣ ਦੀ ਸਿੱਖਿਆ ਦਿੰਦਾ ਰਹਿੰਦਾ ਹਾਂ। ਰੱਬੀ ਗੁਣਾਂ ਨਾਲ ਜੁੜ ਕੇ ਮੈਂ ਆਪਣੇ ਅੰਦਰੋਂ ਹੀ ਐਸਾ ਸੁਖ ਅਤੇ ਅਨੰਦ ਪ੍ਰਾਪਤ ਕੀਤਾ ਹੈ ਕਿ ਉਸ ਨੂੰ ਛੱਡ ਕੇ, ਹੁਣ ਮੈਂ ਆਪਣੀ ਪਹਿਲੀ ਵਾਲੀ ਸੋਚ ਵੱਲ ਨਹੀਂ ਜਾਂਦਾ। ਮੇਰਾ ਹੁਣ ਵਿਕਾਰਾਂ ਵਿਚ ਪਲ-ਪਲ ਮਰਨਾ ਜੰਮਣਾ ਖ਼ਤਮ ਹੋ ਗਿਆ ਹੈ। ਜਦੋਂ ਅਸੀਂ ਸ਼ੁਭ ਗੁਣਾਂ ਨਾਲ ਜੁੜਦੇ ਹਾਂ ਤਾਂ ਸਾਡੀ ਜ਼ਮੀਰ ਜੀਅ ਉਠਦੀ ਹੈ ਪਰ ਜਦੋਂ ਵਿਕਾਰਾਂ ਵੱਲ, ਤੇਰ-ਮੇਰ ਦੇ ਵਿਤਕਰੇ ਵੱਲ, ਨਿੰਦਾ, ਝੂਠ ਆਦਿ ਵੱਲ ਜਾਂਦੇ ਹਾਂ ਤਾਂ ਸਾਡੀ ਆਤਮਕ ਮੌਤ ਹੋ ਜਾਂਦੀ ਹੈ। ਇਸ ਲਈ ਭਗਤ ਜੀ ਕਹਿੰਦੇ ਹਨ ਕਿ ਜਦੋਂ ਦਾ ਮੈਂ ਪ੍ਰਭੂ ਦੀ ਸਿਫ਼ਤ-ਸਲਾਹ ਨਾਲ ਜੁੜਿਆ ਹਾਂ, ਰੱਬੀ ਗੁਣਾਂ ਨੂੰ ਮਨ ਵਿਚ ਵਸਾ ਲਿਆ ਹੈ, ਉਦੋਂ ਦਾ ਹੁਣ ਮੈਂ ਵਿਕਾਰਾਂ ਵਿਚ ਨਹੀਂ ਮਰਦਾ। ਸੱਚ, ਸੰਤੋਖ, ਦਯਾ, ਧਰਮ,



Sri Satguru Jagjit Singh Ji eLibrary NamdhariElibrary@gmail.com

ਧੀਰਜ ਆਦਿ ਗੁਣਾਂ ਨੇ ਮੈਨੂੰ ਆਤਮ ਸੁਖ ਤੇ ਅਨੰਦ ਦਿੱਤਾ ਹੈ।

ਗੁਰੂ ਅਰਜਨ ਸਾਹਿਬ ਵੀ ਦੱਸਦੇ ਹਨ ਕਿ ਨਾਮ ਸਿਮਰਨ ਦੁਆਰਾ ਸਦਾ ਆਤਮਿਕ ਜੀਵਨ ਵਾਲੇ ਬਣੇ ਰਹੋ। ਸਦਾ ਆਹਰ ਨਾਲ ਸਭ ਰਸਾਂ ਤੋਂ ਸ੍ਰੇਸ਼ਟ ਨਾਮ ਰਸ ਪੀਂਦੇ ਰਹੋ :

**ਜੀਵਤ ਜੀਵਤ ਜੀਵਤ ਰਹਹੁ॥**
**ਰਾਮ ਰਸਾਇਣੁ ਨਿਤ ਉਠਿ ਪੀਵਹੁ॥**
**ਹਰਿ ਹਰਿ ਹਰਿ ਹਰਿ ਰਸਨਾ ਕਹਹੁ॥**
*(੧੧੩੮)*

### ਪਹਿਲਾ ਬੰਦ, ਪਹਿਲੀ ਪੰਕਤੀ

**ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ,**
**ਪੰਚਹੁ ਕਾ ਮਿਟ ਨਾਵਉ॥**

ਇਤਨਾ ਵੱਡਾ ਕਾਰਜ ਹੋਇਆ ਕਿਸ ਤਰ੍ਹਾਂ ਹੈ? ਇਸ ਬਾਰੇ ਭਗਤ ਜੀ ਕਹਿੰਦੇ ਹਨ ਕਿ ਜਦੋਂ ਦਾ ਮੈਂ ਪ੍ਰਭੂ ਦੇ ਨਾਮ ਦੀ ਸਿਫ਼ਤ ਸਲਾਹ ਨਾਲ, ਰੱਬੀ ਗੁਣਾਂ ਨਾਲ ਜੁੜਿਆ ਹਾਂ, ਇਨ੍ਹਾਂ ਗੁਣਾਂ ਨੇ ਮੇਰੇ ਦਸ ਇੰਦਰੇ ਜੋ ਪਹਿਲਾਂ ਦੁਨਿਆਵੀ ਮਾਇਆ ਦੇ ਪਿੱਛੇ ਲੱਗੇ ਰਹਿੰਦੇ ਸਨ, ਉਨ੍ਹਾਂ ਨੂੰ ਸ਼ਾਂਤ ਕਰ ਦਿੱਤਾ ਹੈ। ਇਨ੍ਹਾਂ ਇੰਦਰੀਆਂ ਨੇ ਦੁਨਿਆਵੀ ਪਦਾਰਥਾਂ ਦਾ ਰਾਗ (ਭਾਵ ਮੋਹ, ਪਿਆਰ) ਤਿਆਗ ਦਿੱਤਾ ਹੈ ਤੇ ਮਾਨੋ ਬੈਰਾਗਣ ਹੋ ਗਈਆਂ ਹਨ।

ਕਾਮ ਦੀ ਥਾਂ ਸੰਜਮ, ਕ੍ਰੋਧ ਦੀ ਥਾਂ ਖਿਮਾਂ, ਲੋਭ ਦੀ ਥਾਂ ਸੰਤੋਖ, ਮੋਹ ਦੀ ਥਾਂ ਪ੍ਰੇਮ ਅਤੇ ਅਹੰਕਾਰ ਦੀ ਥਾਂ ਨਿਰਮਾਣਤਾ ਵਰਗੇ ਗੁਣਾਂ ਨੇ ਇੰਦਰੀਆਂ ਨੂੰ ਵਿਕਾਰਾਂ ਵੱਲੋਂ ਨਿਰਮਲ ਕਰ ਦਿੱਤਾ ਹੈ। ਰੱਬੀ ਗੁਣਾਂ ਦਾ ਸੁਖ ਮਾਣ ਕੇ ਇਹ ਬੈਰਾਗਣ ਇੰਦਰੀਆਂ ਹੁਣ ਮੇਰੇ ਵੱਸ ਵਿਚ ਆ ਗਈਆਂ ਹਨ। ਇਨ੍ਹਾਂ ਇੰਦਰੀਆਂ ਨੂੰ ਰੱਬੀ ਗੁਣਾਂ ਨਾਲ ਜਦੋਂ ਸੁਖ ਮਿਲਿਆ ਤਾਂ ਪੰਜ ਵਿਕਾਰਾਂ ਦਾ ਵੀ ਨਾਸ਼ ਹੋ ਗਿਆ ਹੁਣ ਇਨ੍ਹਾਂ ਵਿਕਾਰਾਂ ਨੂੰ ਕੋਈ ਪੁੱਛਦਾ ਹੀ ਨਹੀਂ ਹੈ ਜਿਨ੍ਹਾਂ ਨੇ ਜੀਵਨ ਵਿਚ ਕਦੀ ਵੀ ਆਤਮਿਕ ਸੁਖ ਆਉਣ ਨਹੀਂ ਦਿੱਤਾ ਸੀ। ਹੁਣ ਤਾਂ ਇਨ੍ਹਾਂ ਵਿਕਾਰਾਂ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ ਹੈ, ਹੁਣ ਇਨ੍ਹਾਂ ਦਾ ਜ਼ੋਰ ਮੇਰੇ 'ਤੇ ਨਹੀਂ ਚਲਦਾ। ਮੇਰੇ ਹਿਰਦੇ ਵਿਚ ਕੇਵਲ ਪਰਮਾਤਮਾ ਦਾ ਨਾਮ ਅਤੇ ਉਸਦੇ ਗੁਣਾਂ ਦੀ ਯਾਦ ਹੀ ਵੱਸਦੀ ਹੈ। ਹੁਣ ਤਾਂ **"ਪੰਚ ਮਾਰਿ ਸਾਚੁ ਉਰਿ ਧਾਰੈ॥"** *(੨੨੩)* ਵਾਲੀ ਅਵਸਥਾ ਬਣ ਗਈ ਹੈ।

### ਦੂਜੀ ਪੰਕਤੀ

**ਸਤਰਿ ਦੋਇ ਭਰੇ ਅੰਮ੍ਰਿਤ ਸਰਿ,**
**ਬਿਖੁ ਕਉ ਮਾਰਿ ਕਢਾਵਉ ॥੧॥**

**ਸਤਰਿ ਦੋਇ** = ਸਤਰ + ਦੋਇ ਭਾਵ ਬਹੱਤਰ। ਇਹ ਇਕ ਮੁਹਾਵਰੇ ਦੀ ਤਰ੍ਹਾਂ ਹੈ। ਜਿਵੇਂ ਅਸੀਂ ਕਹਿੰਦੇ ਹਾਂ ਕਿ ਹੁਣ ਇਹ ਚਾਰ ਦਿਨਾਂ ਦਾ ਮਹਿਮਾਨ ਹੈ। ਭਾਵ ਹੁੰਦਾ ਹੈ ਕਿ ਥੋੜ੍ਹੀ ਜ਼ਿੰਦਗੀ ਹੀ ਬਚੀ ਹੈ ਜਾਂ ਕਹਿੰਦੇ ਹਾਂ ਕਿ ਨੌਂ ਦੋ ਗਿਆਰਾਂ ਹੋਣਾ ਭਾਵ ਭੱਜ ਜਾਣਾ ਆਦਿ। ਇਸ ਤਰ੍ਹਾਂ ਬਹਤਰਿ ਭਾਵ ਇੱਥੇ ਸਰੀਰ ਦੀਆਂ ਬਹੱਤਰ ਹਜ਼ਾਰ ਨਾੜੀਆਂ ਜਿਨ੍ਹਾਂ ਵਿੱਚੋਂ ਬਹੱਤਰ ਮੁੱਖ ਮੰਨੀਆਂ ਗਈਆਂ ਹਨ।ਇਸ ਨੂੰ ਭਗਤ ਕਬੀਰ ਜੀ ਵੀ ਆਪਣੇ ਸ਼ਬਦ ਵਿਚ ਉਚਾਰਦੇ ਹਨ– **"ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ॥"** *(੪੭੭)* ਭਾਵ ਉਹ ਜੋਗੀ ਇਕ ਪ੍ਰਭੂ ਨਾਮ ਨੂੰ ਆਪਣਾ ਬਟੂਆ ਬਣਾਉਂਦਾ ਹੈ, ਬਹੱਤਰ ਵੱਡੀਆਂ ਨਾੜੀਆਂ ਵਾਲੇ ਸਰੀਰ ਨੂੰ ਝੋਲੀ ਬਣਾਉਂਦਾ ਹੈ, ਜਿਸ ਸਰੀਰ ਵਿਚ ਪ੍ਰਭੂ ਨੂੰ ਮਿਲਣ ਦਾ, ਦਿਮਾਗ ਰੂਪ ਇੱਕੋ ਹੀ ਬੂਹਾ ਹੈ। ਇਸ ਸ਼ਬਦ ਵਿਚ ਵੀ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਇਨ੍ਹਾਂ ਬਹੱਤਰ ਨਾੜੀਆਂ ਵਾਲੇ ਸਰੀਰ ਭਾਵ ਸਾਰੇ ਸਰੀਰ ਨੂੰ, ਰਗ-ਰਗ ਨੂੰ ਪ੍ਰਭੂ ਦੇ ਅੰਮ੍ਰਿਤ ਨਾਮ ਜਲ ਦੇ ਸਰੋਵਰ ਨਾਲ ਭਰ ਲਿਆ ਹੈ। ਪ੍ਰਭੂ ਦੇ ਗੁਣ ਮੇਰੀ ਰਗ-ਰਗ ਵਿਚ ਵੱਸ ਗਏ ਹਨ, ਇਸ ਲਈ ਇਸ ਸਰੀਰ ਵਿਚੋਂ ਮੈਂ ਵਿਕਾਰਾਂ ਦੇ ਜ਼ਹਿਰ ਨੂੰ ਮਾਰ ਕੇ ਕੱਢ ਦਿੱਤਾ ਹੈ। **"ਸਬਦਿ ਰਵੇ ਮਨੁ ਹਰਿ ਸਿਉ ਲਾਗਿਆ॥ ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ॥"** *(੨੨੧)*

ਦੂਜਾ ਬੰਦ ਪਹਿਲੀ ਪੰਕਤੀ

**ਬਜਰ ਕੁਠਾਰੁ ਮੋਹਿ ਹੈ ਛੀਨਾਂ,**
**ਕਰਿ ਮਿੰਨਤਿ ਲਗਿ ਪਾਵਉ॥**

ਇਸ ਬੰਦ ਵਿੱਚ ਭਗਤ ਜੀ ਦੱਸਦੇ ਹਨ ਕਿ ਇਸ ਜੀਵਨ ਵਿਚ ਕ੍ਰੋਧ ਨੂੰ ਸ਼ਾਂਤ ਕਰਨ ਦਾ ਇੱਕੋ ਹੀ ਜ਼ਰੀਆ ਹੈ ਉਹ ਹੈ ਨਿਮਰਤਾ। ਆਪਣੇ ਅੰਦਰੋਂ ਜਾਂ ਕਿਸੇ ਦੂਜੇ ਅੰਦਰੋਂ ਜੇ ਕ੍ਰੋਧ ਖ਼ਤਮ ਕਰਨਾ ਹੋਵੇ ਤਾਂ ਨਿਮਰਤਾ ਦਾ ਗੁਣ ਧਾਰਨ ਕਰਨਾ ਹੀ ਪਵੇਗਾ। ਨਿਮਰਤਾ ਰੂਪੀ ਢਾਲ ਹੀ ਕ੍ਰੋਧ ਦੇ ਕੁਹਾੜੇ ਨੂੰ ਰੋਕ ਸਕਦੀ ਹੈ ਖੋਹ ਸਕਦੀ ਹੈ। ਭਗਤ ਜੀ ਕਹਿੰਦੇ ਹਨ ਕਿ ਮੈਂ ਵੀ ਗੁਰੂ ਦੇ ਚਰਨਾਂ ਵਿਚ ਨਿਰਮਾਣਤਾ ਨਾਲ ਅਰਦਾਸ ਕੀਤੀ ਤਾਂ ਮੈਂ ਇਨ੍ਹਾਂ ਵਿਕਾਰਾਂ ਰੂਪੀ ਕਾਲ ਦੇ ਕੁਹਾੜੇ ਤੋਂ ਬਚ ਗਿਆ ਹਾਂ, ਜੋ ਮੈਨੂੰ ਆਤਮਿਕ ਮੌਤ ਮਾਰ ਸਕਦੇ ਸਨ।

### ਦੂਜੀ ਪੰਕਤੀ

**ਸੰਤਨ ਕੇ ਹਮ ਉਲਟੇ ਸੇਵਕ**
**ਭਗਤਨ ਤੇ ਡਰਪਾਵਉ॥ ੨ ॥**

ਭਗਤ ਨਾਮਦੇਵ ਜੀ ਫ਼ੁਰਮਾਉਂਦੇ ਹਨ ਕਿ ਹੁਣ ਮੈਂ ਭਗਤ ਜਨਾਂ ਦਾ ਸੇਵਕ ਬਣ ਗਿਆ ਹਾਂ ਅਤੇ ਉਨ੍ਹਾਂ ਦੇ ਨਿਰਮਲ ਭਉ ਵਿਚ ਰਹਿੰਦਾ ਹਾਂ। ਸੰਤ ਜਨਾਂ ਦੇ ਉਹ ਗੁਣ ਜਿਨ੍ਹਾਂ ਕਰਕੇ ਉਹਨਾਂ ਦਾ ਜੀਵਨ, ਆਤਮਿਕ ਜੀਵਨ ਉੱਚਾ ਹੋ ਗਿਆ ਭਾਵ ਰੱਬੀ ਗੁਣ, ਹੁਣ ਮੈਂ ਰੱਬੀ ਗੁਣਾਂ (ਸੱਚ, ਸੰਤੋਖ, ਦਯਾ, ਧਰਮ, ਧੀਰਜ, ਨਿਰਮਾਣਤਾ, ਨਿਰਵੈਰਤਾ, ਖਿਮਾਂ, ਮਿੱਠ ਬੋਲਣਾ ਆਦਿ) ਦਾ ਸੇਵਕ ਬਣ ਗਿਆ ਹਾਂ। ਹੁਣ ਮੈਂ ਇਨ੍ਹਾਂ ਗੁਣਾਂ ਦਾ ਹੀ ਅਦਬ ਕਰਦਾ ਹਾਂ। ਦਿਨ ਰਾਤ ਹੁਣ ਮੈਂ ਇਨ੍ਹਾਂ ਗੁਣਾਂ ਨੂੰ ਹੀ ਆਪਣੇ ਜੀਵਨ ਵਿਚ ਧਾਰਨ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ। ਪਰਮਾਤਮਾ ਦੀ ਭਗਤੀ ਕੇਵਲ ਇਕ ਨਾਮ ਦਾ ਰਟਨ ਨਹੀਂ ਹੈ।

ਅਸੀਂ ਰੋਜ਼ ਜਪੁ ਜੀ ਸਾਹਿਬ ਵਿਚ ਪੜ੍ਹਦੇ ਹਾਂ **"ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥"** *(੪)* ਸ਼ੁਭ ਗੁਣਾਂ ਨੂੰ ਧਾਰਨ ਕੀਤੇ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ।

### ਤੀਜਾ ਬੰਦ, ਪਹਿਲੀ ਪੰਕਤੀ

**ਇਹ ਸੰਸਾਰ ਤੇ ਤਬ ਹੀ ਛੂਟਉ**
**ਜਉ ਮਾਇਆ ਨਹ ਲਪਟਾਵਉ॥**

ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਇਨ੍ਹਾਂ ਗੁਣਾਂ ਦਾ ਸਦਕਾ ਹੀ ਹੁਣ ਮੈਂ ਦੁਨਿਆਵੀ ਮਾਇਆ ਦੇ ਮੋਹ ਵਿਚ,


Sri Satguru Jagjit Singh Ji eLibrary NamdhariElibrary@gmail.com

ਦੁਨਿਆਵੀ ਪਦਾਰਥਾਂ ਦੇ ਮੋਹ ਵਿਚ, ਲੋਕਾਚਾਰੀ ਵਿਚ, ਆਪਣੀ ਉਸਤਤਿ ਤੇ ਦੂਜੇ ਦੀ ਨਿੰਦਾ ਵਿਚ, ਤੇਰ-ਮੇਰ ਦੇ ਵਿਤਕਰੇ ਵਿਚ, ਜਾਤ ਪਾਤ ਦੇ ਬੰਧਨਾਂ ਵਿਚ ਨਹੀਂ ਪੈਂਦਾ, ਨਹੀ ਫਸਦਾ। ਇਸ ਮਾਇਆ ਦੇ ਮੋਹ ਨੇ ਕਦੇ ਵੀ ਸਾਥ ਨਹੀਂ ਦੇਣਾ। ਇਸ ਲਈ ਭਗਤ ਨਾਮਦੇਵ ਜੀ ਆਖਦੇ ਹਨ ਜੋ ਮਨੁੱਖ ਦੇ ਸਾਥ ਨਾ ਨਿਭੇ, ਮੈਂ ਐਸੀ ਮਾਇਆ ਵਿਚ ਨਹੀਂ ਫਸਦਾ। ਇਸ ਸੰਬੰਧੀ ਸਿਰੀ ਰਾਗੁ ਵਿੱਚ ਗੁਰੂ ਅਰਜਨ ਸਾਹਿਬ ਦਾ ਬਚਨ ਹੈ-

**ਗੁਰਮੁਖਿ ਨਾਮੁ ਸਮਾਲਿ ਪਰਾਣੀ**
**ਅੰਤੇ ਹੋਇ ਸਖਾਈ॥**
**ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ**
**ਝੂਠੀ ਪ੍ਰੀਤਿ ਲਗਾਈ॥**

*(੭੭-੭੮)*

## ਦੂਜੀ ਪੰਕਤੀ

**ਮਾਇਆ ਨਾਮੁ ਗਰਭ ਜੋਨਿ ਕਾ**
**ਤਿਹ ਤਜਿ ਦਰਸਨੁ ਪਾਵਉ॥੩॥**

ਮਾਇਆ ਨਾਮ ਭਾਵ ਮਾਇਆ ਹੀ ਕਾਰਨ ਹੈ ਦੁਨਿਆਵੀ ਪਦਾਰਥ ਹੋਣ, ਦੁਨਿਆਵੀ ਮਾਣ ਸਨਮਾਨ, ਇੱਜ਼ਤ, ਨਾਮ, ਸਮਾਜ ਜਾਂ ਧਰਮ ਦੀ ਦੁਨੀਆਂ ਵਿੱਚ ਸਭ ਤੋਂ ਉਪਰ ਵੱਡਾ ਹੋਣ ਦੀ ਚਾਹਤ, ਆਪਣੇ ਆਪ ਨੂੰ ਸ੍ਰੇਸ਼ਟ ਸਾਬਤ ਕਰਨ ਦਾ ਮੋਹ। ਇਹ ਕਾਮਨਾ ਹੀ ਮਨੁੱਖ ਨੂੰ ਜਨਮ ਮਰਨ ਵਿਚ ਪਾਈ ਰੱਖਦੀ ਹੈ। ਇਕ ਕਾਮਨਾ ਪੂਰੀ ਕਰਨ ਲੱਗਿਆਂ, ਮਨੁੱਖ ਪਤਾ ਨਹੀਂ ਕਿਤਨੀ ਵਾਰ ਆਤਮਿਕ ਮੌਤ ਸਹਾਰਦਾ ਹੈ। ਝੂਠ ਬੋਲਦਾ ਹੈ, ਠੱਗੀ ਕਰਦਾ ਹੈ, ਕਿਸੇ ਦਾ ਹੱਕ ਮਾਰਦਾ ਹੈ, ਕਿਸੇ ਨੂੰ ਨੀਵਾਂ ਕਰਦਾ ਹੈ, ਕਿਸੇ ਦਾ ਵਿਸ਼ਵਾਸ ਤੋੜਦਾ ਹੈ।

ਪਰ ਜੇ ਪ੍ਰਭੂ ਦੇ ਮਿਲਾਪ ਦੀ ਚਾਹਤ ਹੈ ਤਾਂ ਫਿਰ ਇਸ ਸਭ ਨੂੰ ਤਿਆਗ ਕੇ ਹੀ ਪ੍ਰਭੂ ਦਾ ਮਿਲਾਪ ਹਾਸਲ ਹੁੰਦਾ ਹੈ।

**ਮਿਲਾਪ ਕੀ ਹੈ?**

ਮਿਲਾਪ ਦਾ ਅਰਥ ਹੈ - ਮਿਲਾ + ਆਪ। ਮਿਲਾ ਮੂਲ ਸ਼ਬਦ ਹੈ, 'ਆਪ' ਪਿਛੇਤਰ ਹੈ। ਭਾਵ ਆਪਸ ਵਿਚ ਮਿਲਣਾ। (ਹੁਣ ਆਪਸ ਵਿਚ ਓਹੀ ਚੀਜ਼ਾਂ ਮਿਲ ਸਕਦੀਆਂ ਹਨ ਜੋ ਗੁਣਾਂ ਕਰਕੇ, ਸੁਭਾਉ ਕਰਕੇ ਬਿਲਕੁਲ ਇਕ ਜੈਸੀਆਂ ਹੋਣ ਜਿਵੇਂ ਤੇਲ ਵਿਚ ਤੇਲ ਹੀ ਮਿਲ ਸਕਦਾ ਹੈ ਪਾਣੀ ਨਹੀਂ, ਜੇ ਮਿਲਾਣ ਦੀ ਕੋਸ਼ਿਸ਼ ਵੀ ਕਰੀਏ ਤਾਂ ਵੀ ਆਪ ਹੀ ਵੱਖਰੇ ਹੋ ਜਾਣਗੇ। ਇਸੇ ਤਰ੍ਹਾਂ ਇਕ ਸੱਜਣ ਪੁਰਖ ਦਾ ਮਿਲਣਾ ਇਕ ਸੱਜਣ ਪੁਰਖ ਨਾਲ ਹੀ ਹੋ ਸਕਦਾ ਹੈ ਅਤੇ ਦੁਸ਼ਟ ਦਾ, ਦੁਸ਼ਟ ਨਾਲ ਕਿਉਂਕਿ ਉਨ੍ਹਾਂ ਦੀ ਸੋਚ ਅਤੇ ਕਰਨੀ ਆਪਸ ਵਿਚ ਮਿਲਦੀ ਹੈ। ਇਸੇ ਤਰ੍ਹਾਂ ਜੇਕਰ ਅਸੀਂ ਪ੍ਰਭੂ ਦਾ ਮਿਲਾਪ ਚਾਹੁੰਦੇ ਹਾਂ ਤਾਂ ਸਾਨੂੰ, ਪ੍ਰਭੂ ਵਰਗਾ ਹੀ ਹੋਣਾ ਪਵੇਗਾ। ਪਰ ਪ੍ਰਭੂ ਨਿਰਾਕਾਰ ਹੈ ਤੇ ਸਾਡਾ ਆਕਾਰ ਹੈ। ਇਸ ਲਈ ਧਰਮਾਂ ਵਿਚ ਇਹ ਗੱਲ ਪ੍ਰਚਲਿਤ ਹੋ ਗਈ ਕਿ ਪ੍ਰਭੂ ਦਾ ਮਿਲਾਪ ਮਰਨ ਤੋਂ ਬਾਅਦ ਹੁੰਦਾ ਹੈ ਜਦੋਂ ਮਨੁੱਖ ਦਾ ਆਧਾਰ ਭਾਵ ਸਰੀਰ ਨਾਸ਼ ਹੋ ਜਾਂਦਾ ਹੈ ਤੇ ਆਤਮਾ ਪਰਮਾਤਮਾ ਵਿਚ ਮਿਲ ਸਕਦੀ ਹੈ ਪਰ ਗੁਰਬਾਣੀ ਇਸ ਭਰਮ ਨੂੰ ਖੋਲ੍ਹਦੀ ਹੈ।

**ਮੂਏ ਹੂਏ ਜਉ ਮੁਕਤਿ ਦੇਹੁਗੇ**
**ਮੁਕਤਿ ਨ ਜਾਨੈ ਕੋਇਲਾ॥**

*(੧੨੯੨)*

ਜੇਕਰ ਮਰਨ ਤੋਂ ਬਾਅਦ, ਪ੍ਰਭੂ ਮੈਨੂੰ ਮੁਕਤੀ ਦੇਵੋਗੇ ਤਾਂ ਕਿਸੇ ਨੂੰ ਕੀ ਪਤਾ ਲੱਗਣਾ ਹੈ। ਮਰਨ ਤੋਂ ਬਾਅਦ ਮੁਕਤ ਅਵਸਥਾ ਨੂੰ ਮੈਂ ਕਿਵੇਂ ਜਾਣਾਂਗਾ ਜਿਉਂਦੇ ਜੀਅ ਤਾਂ ਮੈਂ ਵਿਕਾਰਾਂ ਵਿਚ ਪੈ ਕੇ ਨਰਕ ਭੋਗਾਂ ਤੇ ਮਰਨ ਤੋਂ ਬਾਦ ਮਿਲੀ ਮੁਕਤੀ ਮੇਰੇ ਕਿਸ ਕੰਮ ਦੀ? ਮਰਨ ਤੋਂ ਬਾਦ ਮਿਲੀ ਮੁਕਤੀ ਨੂੰ ਕੌਣ ਬਿਆਨ ਕਰ ਸਕਦਾ ਹੈ ਕਿ ਕਿਵੇਂ ਦੀ ਹੁੰਦੀ ਹੈ ਜਦ ਦੱਸਣ ਵਾਸਤੇ ਇਹ ਜ਼ੁਬਾਨ ਹੀ ਨਹੀਂ ਰਹੇਗੀ। ਇਸ ਲਈ ਨਾ ਸਰੀਰ ਕਰਕੇ ਅਸੀਂ ਪਰਮਾਤਮਾ ਵਿਚ ਮਿਲ ਸਕਦੇ ਹਾਂ, ਨਾ ਹੀ ਮਰਨ ਤੋਂ ਬਾਅਦ। ਪਰਮਾਤਮਾ ਦੇ ਸਾਰੇ ਨਾਮ ਗੁਣਾਤਮਿਕ ਹਨ। ਪ੍ਰਭੂ ਗੁਣੀ ਨਿਧਾਨ ਹੈ ਗੁਣਾਂ ਦਾ ਖ਼ਜ਼ਾਨਾ ਹੈ। ਇਸ ਲਈ ਕੇਵਲ ਪਰਮਾਤਮਾ ਦੇ ਗੁਣ ਧਾਰਨ ਕਰਕੇ, ਪੂਰਨ ਰੂਪ ਵਿਚ ਉਸਦੇ ਸੁਭਾਉ ਨਾਲ ਮੇਲ ਕਰਕੇ ਹੀ ਅਸੀਂ ਪਰਮਾਤਮਾ ਨਾਲ ਮੇਲ ਕਰ ਸਕਦੇ ਹਾਂ। ਭਗਤ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਗੁਣਾਂ ਨੂੰ ਪੂਰਨ ਰੂਪ ਵਿਚ ਧਾਰਨ ਕਰਕੇ ਮੈਂ ਪਰਮਾਤਮਾ ਵਰਗਾ ਹੋ ਗਿਆ ਹਾਂ। ਇਸ ਤਰ੍ਹਾਂ ਮਾਇਕ ਪਦਾਰਥਾਂ ਦੀ ਖਿੱਚ ਨੂੰ ਤਿਆਗ ਕੇ ਕੇਵਲ ਰੱਬੀ ਸਿਫ਼ਤ ਸਲਾਹ ਤੇ ਰੱਬੀ ਗੁਣਾਂ ਦੇ ਆਸਰੇ ਮੈਂ ਅੰਦਰੋਂ ਹੀ ਪਰਮਾਤਮਾ ਪ੍ਰਗਟ ਕਰ ਕੇ ਪ੍ਰਭੂ ਦੇ ਦਰਸ਼ਨ ਕਰ ਲਏ ਹਨ।

## ਚੌਥਾ ਬੰਦ, ਪਹਿਲੀ ਪੰਕਤੀ

**ਇਤੁ ਕਰਿ ਭਗਤਿ ਕਰਹਿ ਜੋ ਜਨ**
**ਤਿਨ ਭਉ ਸਗਲ ਚੁਕਾਈਐ॥**

ਭਗਤ ਜੀ ਫੁਰਮਾਉਂਦੇ ਹਨ ਕਿ ਇਸ ਤਰ੍ਹਾਂ ਜੋ ਮਨੁੱਖ ਪ੍ਰਭੂ ਨਾਲ ਜੁੜਦੇ ਹਨ, ਪ੍ਰਭੂ ਦੀ ਭਗਤੀ ਕਰਦੇ ਹਨ, ਉਹ ਆਪਣੇ ਅੰਦਰੋਂ ਸਾਰੇ ਡਰ ਮੁਕਾ ਲੈਂਦੇ ਹਨ। ਸਭ ਤੋਂ ਵੱਡਾ ਡਰ ਤਾਂ ਮਨੁੱਖ ਨੂੰ ਮੌਤ ਦਾ ਹੁੰਦਾ ਹੈ। ਗੁਰੂ ਦੀ ਸ਼ਰਨ ਆਇਆਂ ਪਤਾ ਲਗਦਾ ਹੈ ਕਿ ਮੌਤ ਇਕ ਦਿਨ ਵਿਚ ਨਹੀਂ ਵਾਪਰਦੀ। ਗੁਰੂ ਜੀ ਸੋਝੀ ਦਿੰਦੇ ਹਨ ਕਿ ਮੌਤ ਤਾਂ ਹਰ ਦਿਨ ਹਰ ਪਲ ਵਾਪਰ ਰਹੀ ਹੈ। ਜਿਵੇਂ ਬੂੰਦ ਬੂੰਦ ਕਰਕੇ ਘੜੇ ਵਿਚੋਂ ਪਾਣੀ ਨਿਕਲਦਾ ਜਾਂਦਾ ਹੈ ਤੇ ਅਖੀਰ ਇਕ ਦਿਨ ਘੜਾ ਪੂਰਾ ਖ਼ਾਲੀ ਹੋ ਜਾਂਦਾ ਹੈ ਉਸੇ ਤਰ੍ਹਾਂ ਇਕ ਇਕ ਕਰਕੇ ਇਸ ਜੀਵਨ ਵਿੱਚੋਂ ਸੁਆਸ ਨਿਕਲਦੇ ਜਾ ਰਹੇ ਹਨ। ਹਰ ਪਲ, ਇਕ ਸੁਆਸ ਦੀ ਮੌਤ ਹੋ ਰਹੀ ਹੈ। ਹਰ ਸੁਆਸ ਮਰ ਕੇ ਜੀਵਨ ਦੇ ਭਾਂਡੇ ਨੂੰ ਖ਼ਾਲੀ ਕਰ ਰਿਹਾ ਹੈ। ਇਸ ਤੋਂ ਪਹਿਲਾਂ ਕਿ ਜੀਵਨ ਦਾ ਭਾਂਡਾ ਸਾਰਾ ਖ਼ਾਲੀ ਹੋ ਜਾਏ ਇਸ ਜੀਵਨ ਨੂੰ ਆਤਮਿਕ ਤੌਰ 'ਤੇ ਸਾਵਧਾਨ ਹੋ ਕੇ ਜੀਵਨ ਨੂੰ ਸਫਲ ਕਰ ਲਈਏ। ਪ੍ਰਭੂ ਦੇ ਪ੍ਰੇਮ ਵਿਚ, ਨਿਰਮਲ ਭਉ ਵਿਚ ਮਨੁੱਖ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ।

## ਦੂਜੀ ਪੰਕਤੀ

**ਕਹਤ ਨਾਮਦੇਉ ਬਾਹਰਿ ਕਿਆ ਭਰਮਹੁ**
**ਇਹ ਸੰਜਮ ਹਰਿ ਪਾਈਐ॥੪॥੨॥**

ਭਗਤ ਨਾਮਦੇਵ ਜੀ ਆਖਦੇ ਹਨ ਕਿ ਬਾਹਰੋਂ ਬੈਰਾਗੀ ਬਾਣਾ ਪਾ ਕੇ, ਘਰ-ਬਾਰ ਤਿਆਗ ਕੇ ਜੰਗਲਾਂ ਪਹਾੜਾਂ ਵਿਚ ਭਟਕਣ ਦਾ ਕੋਈ ਲਾਭ ਨਹੀਂ ਹੋਣਾ ਕਿਉਂਕਿ ਬਾਹਰ ਤਾਂ ਮਾਇਆ ਦੇ ਪਦਾਰਥਾਂ ਦਾ ਪਸਾਰਾ ਹੈ, ਜਿੱਥੇ ਵੀ ਜਾਵੋਗੇ, ਇਹ ਮਾਇਆ ਦਾ



Sri Satguru Jagjit Singh Ji eLibrary NamdhariElibrary@gmail.com

ਪਸਾਰਾ ਨਾਲ ਹੀ ਰਹੇਗਾ। ਪ੍ਰਭੂ ਤਾਂ ਅੰਦਰ ਹੀ ਵੱਸ ਰਿਹਾ ਹੈ ਅਤੇ ਉਸਦੀ ਪ੍ਰਾਪਤੀ ਵੀ ਅੰਦਰੋਂ ਹੀ ਹੋਣੀ ਹੈ। ਗੁਰੂ ਦੀ ਸ਼ਰਨ ਵਿਚ ਆ ਕੇ, ਗੁਰੂ ਉਪਦੇਸ਼ ਰਾਹੀਂ ਰੱਬੀ ਗੁਣਾਂ ਨੂੰ ਧਾਰਨ ਕਰਕੇ, ਆਪਣੀਆਂ ਇੰਦਰੀਆਂ ਨੂੰ ਕਾਬੂ ਵਿਚ ਕਰਕੇ, ਮਾਇਆ ਦੇ ਪਦਾਰਥਾਂ ਦੇ ਮੋਹ ਨੂੰ ਤਿਆਗ ਕੇ ਇਨ੍ਹਾਂ ਜੁਗਤੀਆਂ ਨੂੰ ਅਪਨਾ ਕੇ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।

**ਸਾਰੰਸ਼** - ਗੁਰੂ ਦੀ ਸ਼ਰਨ ਵਿਚ ਪੈ ਕੇ, ਗੁਰੂ ਦੇ ਅੰਮ੍ਰਿਤ ਬਚਨਾਂ ਨੂੰ ਹਿਰਦੇ ਵਿਚ ਵਸਾ ਕੇ (ਜੀਵਨ ਵਿਚ ਧਾਰਨ ਕਰਕੇ) ਹੀ ਮਨੁੱਖ ਦੀਆਂ ਇੰਦਰੀਆਂ ਵੱਸ ਵਿਚ ਆਉਂਦੀਆਂ ਹਨ। ਇੰਦਰੀਆਂ ਦੇ ਵੱਸ ਵਿਚ ਆਉਣ ਨਾਲ ਮਾਇਆ ਦਾ ਪ੍ਰਭਾਵ ਮਨੁੱਖ 'ਤੇ ਨਹੀਂ ਪੈਂਦਾ। ਫਿਰ ਮਨੁੱਖ ਵਿਕਾਰਾਂ ਰੂਪੀ ਕਾਲ ਦੇ ਕੁਹਾੜੇ ਨੂੰ ਨਿਮਰਤਾ ਰੂਪੀ ਢਾਲ ਨਾਲ ਰੋਕ ਕੇ ਆਤਮਿਕ ਮੌਤ ਮਰਨ ਤੋਂ ਬਚ ਜਾਂਦਾ ਹੈ। ਮਾਇਆ ਦੇ, ਔਗੁਣਾਂ ਦੇ ਬੰਧਨ ਤੋਂ ਛੁੱਟ ਜਾਂਦਾ ਹੈ ਅਤੇ ਆਪਣਾ ਆਪ ਇਤਨਾ ਨਿੱਸਲ ਕਰਨ ਵਿਚ ਸਮਰੱਥ ਹੋ ਜਾਂਦਾ ਹੈ ਕਿ ਸਾਰੇ ਡਰ ਆਪਣੇ ਅੰਦਰੋਂ ਖ਼ਤਮ ਕਰਕੇ ਆਪਣੇ ਅੰਦਰ ਹੀ ਪ੍ਰਭੂ ਦੀ ਹੋਂਦ ਪ੍ਰਗਟ ਕਰ ਲੈਂਦਾ ਹੈ। ਇਨ੍ਹਾਂ ਜੁਗਤੀਆਂ ਦੇ ਹੁੰਦੇ ਮਨੁੱਖ ਨੂੰ ਫਿਰ ਬਾਹਰ ਦਾ ਕੋਈ ਅਡੰਬਰ ਕਰਨ ਦੀ ਲੋੜ ਨਹੀਂ ਪੈਂਦੀ।

ਇਸ ਸਿਧਾਂਤ ਨੂੰ ਸ਼ੇਖ਼ ਫ਼ਰੀਦ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ–

**ਆਪੁ ਸਵਾਰਹਿ ਮੈ ਮਿਲਹਿ**
**ਮੈ ਮਿਲਿਆ ਸੁਖੁ ਹੋਇ॥**
**ਫਰੀਦਾ ਜੇ ਤੂ ਮੇਰਾ ਹੋਇ ਰਹਹਿ**
**ਸਭੁ ਜਗੁ ਤੇਰਾ ਹੋਇ॥**

*(੧੩੮੨)*

• • •

## ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਿੱਲਰਾਂ 'ਤੇ ਸਿਮਰਨੇ ਉਕਰਨੇ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ : ਜਾਚਕ

**ਕੋਟਕਪੂਰਾ 20 ਨਵੰਬਰ (ਗੁਰਿੰਦਰ ਸਿੰਘ) :** ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੁੱਖ ਪ੍ਰਬੰਧਕ ਡਾ. ਵਿਜੈ ਸਤਿਬੀਰ ਸਿੰਘ ਦਾ ਬਿਆਨ ਹੈ ਕਿ "ਗੁਰੂਘਰ ਦੀਆਂ ਇਮਾਰਤਾਂ ਦਾ ਸਿੱਖ ਕੌਮ ਵਿਚਲੀ ਰੂਹਾਨੀਅਤ, ਕੌਮ ਦੇ ਇਤਿਹਾਸ ਅਤੇ ਸਭਿਆਚਾਰ ਪੱਖੋਂ ਵੱਡਾ ਮਹੱਤਵ ਹੁੰਦਾ ਹੈ।" ਸਾਰੇ ਮੰਨਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਸਾਂਝੀਵਾਲਤਾ ਵਾਲੇ ਕੁੱਝ ਪ੍ਰਮੁੱਖ ਗੁਰਮਤਿ ਸਿਧਾਂਤਾਂ ਦੀ ਮੂੰਹ ਬੋਲਦੀ ਤਸਵੀਰ ਹੈ ਪਰ ਬਹੁਤ ਹੀ ਦੁਖਦਾਈ ਪੱਖ ਹੈ ਕਿ ਪਹਿਲਾਂ ਮਹੰਤ-ਕਾਲ ਮੌਕੇ ਸ੍ਰੀ ਦਰਬਾਰ ਸਾਹਿਬ ਦੀਆਂ ਦੀਵਾਰਾਂ ਅਤੇ ਛੱਤ ਦੇ ਅੰਦਰਲੇ ਪਾਸੇ ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੇ ਚਿੱਤਰ ਬਣਵਾ ਕੇ ਸਿੱਖੀ ਅੰਦਰ ਬਿਪਰਵਾਦ ਦਾ ਪ੍ਰਵੇਸ਼ ਕਰਵਾਇਆ ਗਿਆ ਅਤੇ ਹੁਣ ਸ਼੍ਰੋਮਣੀ ਕਮੇਟੀ ਦੀ ਕਾਬਜ਼ ਧਿਰ ਵੋਟ-ਨੀਤੀ ਤਹਿਤ ਬਿਪਰਵਾਦੀ ਡੇਰੇਦਾਰਾਂ ਰਾਹੀਂ ਮਹੰਤ-ਕਾਲ ਵਾਲੀਆਂ ਕਾਰਵਾਈਆਂ ਨੂੰ ਪੱਕੇ ਤੌਰ 'ਤੇ ਸਰੰਜਾਮ ਦੇ ਰਹੀ ਹੈ।

ਅਜੇ ਮੋਗੇ ਦੇ ਗਊਸ਼ਾਲਾ ਵਾਲੇ ਮਹੰਤ ਪਰਦੀਪ ਵਾਲੀ ਕਾਰਵਾਈ ਦੀ ਚਰਚਾ ਮੱਠੀ ਨਹੀਂ ਸੀ ਪਈ ਕਿ ਹੁਣ ਸੀਂਧੜੇ ਵਾਲੇ ਡੇਰੇਦਾਰ ਸਰਬਜੀਤ ਸਿੰਘ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਦਰਸ਼ਨੀ ਡਿਉਢੀ ਦੇ ਦਰਮਿਆਨ ਸ਼ਾਮਿਆਨੇ ਹੇਠ ਬਣਵਾਏ ਪਿੱਤਲ ਦੇ ਪਿੱਲਰਾਂ (ਥੰਮ੍ਹਾਂ) 'ਤੇ ਸਿਮਰਨੇ (ਮਾਲਾ) ਉਕਰੇ ਗਏ ਹਨ, ਜਿਨ੍ਹਾਂ ਤੋਂ ਸਿੱਖ ਸੰਗਤਾਂ ਨੂੰ ਮਾਲਾ ਰਾਹੀਂ ਨਾਮ-ਜਪਣ ਦੀ ਪ੍ਰੇਰਨਾ ਮਿਲੇਗੀ, ਜੋ ਗੁਰਬਾਣੀ ਤੋਂ ਪ੍ਰਗਟ ਹੁੰਦੇ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ ਹੈ। ਇਹ ਵਿਚਾਰ ਹਨ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਅਤੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਦੇ, ਜੋ ਉਨ੍ਹਾਂ ਅਪਣੇ ਈ-ਮੇਲ ਪ੍ਰੈਸ ਨੋਟ ਰਾਹੀਂ ਅਦਾਰਾ 'ਰੋਜ਼ਾਨਾ ਸਪੋਕਸਮੈਨ' ਨਾਲ ਸਾਂਝੇ ਕੀਤੇ।

ਉਨ੍ਹਾਂ ਅਪਣੇ ਉਪਰੋਕਤ ਬਿਆਨ ਦੀ ਸਪੱਸ਼ਟਤਾ ਪੱਖੋਂ **"ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥"** *(ਪੰ. ੧੧੩੪)* ਗੁਰਵਾਕ ਦੇ ਚਾਨਣ 'ਚ ਦੱਸਿਆ ਕਿ ਸਤਿਗੁਰੂ ਜੀ ਨੇ ਮਨੁੱਖ ਦੇ ਸ੍ਰੇਸ਼ਟ ਅਚਾਰ-ਵਿਹਾਰ ਨੂੰ ਹੀ ਸਭ ਤੋਂ ਵਧੀਆ ਮਾਲਾ ਦੱਸਿਆ ਹੈ, ਜੋ ਹੱਥਾਂ ਦੀ ਥਾਂ ਹਿਰਦੇ ਵਿਚ ਫਿਰਦੀ ਹੈ। ਭਗਤ ਕਬੀਰ ਸਾਹਿਬ ਜੀ ਦੇ ਸ਼ਬਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਹੈ : **"ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥"** *(੧੩੬੮)* ਭਾਵ ਐ ਮਨੁੱਖ! ਬ੍ਰਾਹਮਣਾਂ ਵਾਂਗ ਤੁਲਸੀ ਤੇ ਰੁੱਦ੍ਰਾਖ ਆਦਿਕ ਲਕੜੀ ਦੀ ਮਾਲਾ ਹੱਥ 'ਚ ਲੈ ਕੇ ਲੋਕਾਂ ਨੂੰ ਕੀ ਵਿਖਾਂਦਾ ਫਿਰਦਾ ਹੈਂ ਕਿ ਤੂੰ ਨਾਮ ਜਪਦਾ ਹੈਂ ਕਿਉਂਕਿ ਸਾਰੇ ਡੇਰੇਦਾਰ ਸਿੱਖ ਜਗਤ ਨੂੰ ਗੁਮਰਾਹ ਕਰਨ ਲਈ ਹੱਥਾਂ 'ਚ ਸਿਮਰਨੇ ਫੜ ਕੇ ਨਾਮ-ਜਪਣ ਦੀ ਪ੍ਰਦਰਸ਼ਨੀ ਕਰਦੇ ਹਨ। ਆਪਣੇ ਚੇਲੇ ਬਣਾਉਣ ਲਈ ਉਹ ਮਾਲਾ ਤੇ ਛੋਟੇ ਸਿਮਰਨੇ ਵੰਡਦੇ ਹਨ। ਇਸ ਲਈ ਹੁਣ ਉਹ ਸ੍ਰੀ ਦਰਬਾਰ ਸਾਹਿਬ ਦੇ ਥੰਮ੍ਹਲਿਆਂ ਦੁਆਰਾ ਸਿੱਖ ਸੰਗਤਾਂ ਨੂੰ ਅਜਿਹੀ ਪ੍ਰੇਰਨਾ ਕਰਨ ਦਾ ਯਤਨ ਕਰ ਰਹੇ ਹਨ, ਤਾਕਿ ਉਨ੍ਹਾਂ ਦੀ ਕਰਤੂਤ 'ਤੇ ਰੂਹਾਨੀਅਤ ਦਾ ਪਰਦਾ ਪੈ ਸਕੇ।

ਉਨ੍ਹਾਂ ਅਪਣੇ ਬਿਆਨ ਨੂੰ ਸੰਕੋਚਦਿਆਂ ਆਖਿਆ ਕਿ ਪੰਜਾਬੀ ਦਾ ਇਕ ਮੁਹਾਵਰਾ ਹੈ 'ਉਹ ਫਿਰੇ ਨੱਥ ਘੜਾਉਣ ਲਈ ਤੇ ਉਹ ਫਿਰੇ ਨੱਕ ਵਢਾਉਣ ਲਈ।' ਜਾਗਰੂਕ ਸਿੱਖ ਭਾਈਚਾਰਾ ਤਾਂ ਉਡੀਕ ਰਿਹਾ ਹੈ ਕਿ ਕਦੋਂ ਮੌਕਾ ਮਿਲੇ ਤੇ ਜਿਵੇਂ ਸ੍ਰੀ ਦਰਬਾਰ ਸਾਹਿਬ ਦੇ ਬਾਹਰੋਂ ਮੂਰਤੀਆਂ ਚੁਕਵਾਈਆਂ ਸਨ, ਤਿਵੇਂ ਹੀ ਅੰਦਰੋਂ ਵੀ ਦੇਵੀ ਦੇਵਤਿਆਂ ਦੇ ਚਿੱਤਰ ਮਿਟਾਏ ਜਾ ਸਕਣ ਪਰ ਉਥੋਂ ਦੀ ਕਾਬਜ਼ ਧਿਰ ਹੁਣ ਪਿੱਤਲ ਦੇ ਪਿੱਲਰਾਂ ਉੱਤੇ ਪੱਕੇ ਤੌਰ 'ਤੇ ਬਿਪਰਵਾਦੀ ਸਿਧਾਂਤਾਂ ਦੇ ਚਿੱਤਰ ਬਣਵਾ ਕੇ ਉਨ੍ਹਾਂ ਨੂੰ ਗੁਰਮਤਿ ਅਨੁਸਾਰੀ ਦਰਸਾਉਣ ਲਈ ਯਤਨਸ਼ੀਲ ਹੋ ਗਈ ਹੈ। ਸਾਰੇ ਪੰਥਦਰਦੀ ਅਰਦਾਸ ਕਰੋ ਕਿ ਅਕਾਲ-ਪੁਰਖ ਅਜਿਹੇ ਪ੍ਰਬੰਧਕਾਂ ਨੂੰ ਸੁਮੱਤ ਬਖ਼ਸ਼ੇ। *(ਰੋਜ਼ਾਨਾ ਸਪੋਕਸਮੈਨ)*



Sri Satguru Jagjit Singh Ji eLibrary NamdhariElibrary@gmail.com

# ਸਵਾਲ? ਜਵਾਬ

**ਸਵਾਲ : ਕਿਰਪਾ ਕਰਕੇ ਗੁਰਮਤਿ ਅਨੁਸਾਰ ਦੋਨੋਂ ਗੱਲਾਂ ਵਿਚ ਕੀ ਠੀਕ ਹੈ ਆਪ ਜੀ ਚਾਨਣਾ ਪਾਉਣ ਦੀ ਕ੍ਰਿਪਾਲਤਾ ਕਰੋ ਜੀ। "ਸਵੇਰੇ ਪ੍ਰਕਾਸ਼ ਕਰਕੇ ਜੋ ਹੁਕਮਨਾਮਾ ਸਾਹਿਬ ਆਇਆ ਹੈ?" ਜਾਂ ਆਸਾ ਕੀ ਵਾਰ, ਅਨੰਦੁ ਸਾਹਿਬ, ਉਪਰੰਤ ਅਰਦਾਸ ਤੋਂ ਬਾਅਦ ਲਿਆ ਗਿਆ ਹੁਕਮਨਾਮਾ ਹੀ ਪੜ੍ਹਨਾ ਜ਼ਰੂਰੀ ਹੈ? ਅਗਰ ਕਿਸੇ ਨੇ ਦੂਸਰਾ ਹੁਕਮਨਾਮਾ ਪੜ੍ਹ ਦਿੱਤਾ ਤਾਂ ਉਹ ਗ਼ਲਤ ਹੈ?''**

*–ਸ. ਜਤਿੰਦਰਪਾਲ ਸਿੰਘ,*
*ਫਤਿਹਪੁਰ, ਯੂਪੀ*

**ਜਵਾਬ :** ਇਹ ਸਵਾਲ ਸਿੱਖ ਰਹਿਤ ਮਰਯਾਦਾ ਨਾਲ ਸੰਬੰਧਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਰੇਕ ਸ਼ਬਦ ਹੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ; ਪਰੰਤੂ ਪੰਥ ਵਿੱਚ ਇੱਕਸਾਰਤਾ ਦਾ ਭਾਵ ਬਣਾਈ ਰੱਖਣ ਲਈ ਹੁਕਮ ਲੈਣ ਦੀ ਇੱਕ ਵਿਸ਼ੇਸ਼ ਮਰਯਾਦਾ ਕਾਇਮ ਕੀਤੀ ਗਈ ਹੈ। ਸਿੱਖ ਰਹਿਤ ਮਰਯਾਦਾ ਵਿੱਚ ਹੁਕਮਨਾਮਾ ਲੈਣ ਦੀ ਵਿਧੀ ਇਸ ਤਰ੍ਹਾਂ ਵਰਨਣ ਕੀਤੀ ਗਈ ਹੈ : "ਹੁਕਮ ਲੈਣ ਲੱਗਿਆਂ ਖੱਬੇ ਪੰਨੇ ਦੇ ਉੱਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ ਜੇ ਉਸ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿੱਚ ਜਿੱਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।" ਹਰ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਅਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ ਦਰਸ਼ਨ ਹਨ।

ਹਰ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕਰਨ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦੇ ਵਾਕ ਲੈਣ ਦੀ ਮਰਯਾਦਾ ਹੈ। ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿੱਥੇ ਸਿੱਖ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਛੁਟਕਾਰਾ ਦੇਂਦੀ ਹੈ ਉੱਥੇ ਬਾਣੀ ਪੜ੍ਹਨ, ਹੁਕਮ ਲੈਣ ਦੇ ਤਰੀਕਿਆਂ ਵਿਚ ਹੀ ਵਹਿਮ ਭਰਮ ਕਰਨ ਲਗ ਪਈਏ ਤਾਂ ਇਹ ਉਚਿਤ ਨਹੀਂ ਹੋਵੇਗਾ।

ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਸਮੇਂ ਲਿਆ ਗਿਆ ਹੁਕਮ ਆਮ ਤੌਰ 'ਤੇ ਉੱਥੇ ਹਾਜ਼ਰ ਸੰਗਤ ਲਈ ਉਸ ਦਿਨ ਦੇ ਹੁਕਮ ਦੇ ਤੌਰ 'ਤੇ ਲਿਆ ਜਾਂਦਾ ਹੈ।

ਸਵਾਲ ਵਿਚ ਪੁੱਛੇ ਗਏ ਸ਼ੰਕੇ ਕੀ "....ਦੂਸਰਾ ਹੁਕਮਨਾਮਾ ਪੜ੍ਹ ਦਿੱਤਾ?" ਪ੍ਰਤੀ ਬੇਨਤੀ ਹੈ ਕਿ ਮਰਯਾਦਾ ਮੁਤਾਬਕ ਕਿਹੜਾ ਹੁਕਮ ਆਇਆ ਹੈ ਇਸ ਬਾਰੇ ਕੋਈ ਵਿਸ਼ੇਸ਼ ਹਿਦਾਇਤ ਨਹੀਂ ਪ੍ਰੰਤੂ ਹੁਕਮ ਲੈਣ ਦਾ ਢੰਗ ਮਰਯਾਦਾ ਮੁਤਾਬਕ ਹੀ ਹੋਣਾ ਚਾਹੀਦਾ ਹੈ। ਸੋ ਜੇ ਦੂਸਰਾ ਸ਼ਬਦ ਹੁਕਮਨਾਮੇ ਦੇ ਰੂਪ ਵਿਚ ਆ ਜਾਂਦਾ ਹੈ ਤਾਂ ਇਸ ਵਿਚ ਕੋਈ ਗ਼ਲਤੀ ਵੀ ਨਹੀਂ ਹੈ।

ਕਈ ਸੱਜਣ ਦੁਪਹਿਰ ਵੇਲੇ ਪੰਨੇ ਦੇ ਮੱਧ ਦਾ ਸ਼ਬਦ ਅਤੇ ਸ਼ਾਮ ਵੇਲੇ ਪੰਨੇ ਦੇ ਅੰਤ ਦਾ ਸ਼ਬਦ ਪੜ੍ਹਦੇ ਹਨ, ਇਹ ਉਨ੍ਹਾਂ ਵੀਰਾਂ ਭੈਣਾਂ ਦੀ ਆਪਣੀ ਸੋਚ ਅਥਵਾ ਧਾਰਨਾ ਹੈ। ਸਿੱਖ ਰਹਿਤ ਮਰਯਾਦਾ ਵਿਚ ਅਜਿਹੀ ਕੋਈ ਹਿਦਾਇਤ ਨਹੀਂ ਹੈ ਤੇ ਨਾਂ ਹੀ ਅਜਿਹੀ ਕੋਈ ਮਰਯਾਦਾ ਹੈ। ਅਜਿਹਾ ਕਰਨਾ ਗੁਰਮਤਿ ਅਨੁਸਾਰੀ ਨਹੀਂ ਹੈ।

**ਸਵਾਲ : ਕੀ ਅਸੀਂ ਸੈਂਚੀ ਤੋਂ ਹੁਕਮਨਾਮਾ ਲੈ ਸਕਦੇ ਹਾਂ?**

*–ਸ. ਰਸ਼ਪਾਲ ਸਿੰਘ*

**ਜਵਾਬ :** ਵਾਕ ਜਾਂ ਹੁਕਮ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਲਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਨੂੰ ਘਰਾਂ ਵਿਚ ਸੌਖ ਅਤੇ ਸਹਿਜ ਨਾਲ ਪੜ੍ਹਨ ਲਈ ਹੀ ਸੈਂਚੀਆਂ ਛਾਪੀਆਂ ਜਾਂਦੀਆਂ ਹਨ ਨਾ ਕਿ ਗੁਰੂ ਦੇ ਤੁੱਲ ਵਰਤਣ ਲਈ।

**ਸਵਾਲ: ਨਿਸ਼ਾਨ ਸਾਹਿਬ ਦਾ ਸਰੂਪ ਕੀ ਹੈ ਜੀ? ਕਈ ਥਾਵਾਂ 'ਤੇ ਵੱਖ ਵੱਖ ਹਥਿਆਰ ਜਾਂ ਚਿੰਨ੍ਹ ਨਿਸ਼ਾਨ ਸਾਹਿਬ ਦੇ ਸਿਰੇ 'ਤੇ ਹੁੰਦੇ ਹਨ ਜਾਂ ਕਈ ਥਾਂ ਪੁਸ਼ਾਕੇ ਦਾ ਰੰਗ ਵੀ ਵੱਖ-ਵੱਖ ਹੁੰਦਾ ਹੈ? ਵਿਸਥਾਰ ਨਾਲ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ।**

*–ਸ. ਦਮੋਦਰ ਸਿੰਘ, ਨਿਊਜ਼ੀਲੈਂਡ*

**ਜਵਾਬ :** ਨਿਸ਼ਾਨ ਫ਼ਾਰਸੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਝੰਡਾ, ਚਿੰਨ੍ਹ, ਧ੍ਵਜ। ਸਿੱਖ ਇਤਿਹਾਸ ਵਿਚ ਨਿਸ਼ਾਨ ਸਾਹਿਬ ਝੁਲਾਉਣ ਦੀ ਅਰੰਭਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਮੰਨੀ ਜਾਂਦੀ ਹੈ ਜਦਕਿ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਮੇਂ ਨਿਸ਼ਾਨ ਸਾਹਿਬ ਨਹੀਂ ਸੀ ਹੁੰਦਾ।

ਖ਼ਾਲਸਾਈ ਨਿਸ਼ਾਨ ਸਾਹਿਬ ਤੇ ਹੋਰ ਕੌਮਾਂ ਦੇ ਝੰਡਿਆਂ ਵਿਚ ਬੁਨਿਆਦੀ ਫ਼ਰਕ ਹੈ। ਇਹ ਨਿਸ਼ਾਨ ਸਾਹਿਬ ਜਿਸ ਸ਼ਕਤੀ ਦਾ ਪ੍ਰਤੀਕ ਹੈ, ਉਹ ਸ਼ਕਤੀ ਇਹਨੂੰ ਕੇਵਲ ਦੀਨਾਂ ਅਤੇ ਦੁਖਿਆਰਿਆਂ ਦੀ ਰੱਖਿਆ ਤੇ ਪ੍ਰਤਿ ਪਾਲਣਾ ਲਈ ਵਰਤੇ ਜਾਣ ਦੀ ਹੀ ਆਗਿਆ ਦਿੰਦਾ ਹੈ। ਸੰਸਾਰ ਦੇ ਹੋਰ ਕਿਸੇ ਝੰਡੇ ਨਾਲ ਅਜਿਹੀ ਸੁੰਦਰ ਤੇ ਪਰਉਪਕਾਰੀ ਵਿਚਾਰਧਾਰਾ ਸੰਬੰਧਿਤ ਨਹੀਂ ਹੈ। ਇਹ ਨਿਸ਼ਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਜਾਂ ਗੁਰੂ ਕੇ ਲੰਗਰ ਅਸਥਾਨ ਅਥਵਾ ਸਿੱਖ ਜਗਤ ਦੇ ਦੀਵਾਨ ਅਸਥਾਨਾਂ ਦੀ ਸ਼ੋਭਾ ਹੁੰਦਾ ਹੈ। ਇਹ ਨਿਸ਼ਾਨ ਸਾਹਿਬ ਸੰਸਾਰ ਦੇ ਹਰ ਮੁਲਕ ਵਿਚ ਝੁੱਲ ਰਿਹਾ ਹੈ ਅਤੇ ਝੁਲਾਇਆ ਜਾ ਸਕਦਾ ਹੈ।

ਅੱਜ ਦੁਨੀਆਂ ਦੇ ਕਿਸੇ ਭੀ ਕੋਨੇ ਵਿਚ ਇਹ ਗੱਲ ਆਮ ਪ੍ਰਚਾਰੀ ਜਾਂਦੀ ਹੈ ਕਿ ਜੇ ਕਿਧਰੇ ਕਿਸੇ ਲੋੜਵੰਦ ਨੂੰ ਕਿਸੇ ਭੀ ਆਸਰੇ ਦੀ ਭਾਲ ਹੋਵੇ ਤਾਂ ਜਿੱਥੇ ਉਸ ਨੂੰ ਸਿੱਖੀ ਦਾ ਨਿਸ਼ਾਨ ਸਾਹਿਬ ਨਜ਼ਰ ਆਵੇ ਤਾਂ ਉਹ ਉਸ ਦਿਸ਼ਾ ਵੱਲ ਨਿਸ਼ੰਗ ਹੋ ਕੇ ਚਲਾ ਜਾਵੇ ਤਾਂ ਉਹ ਲੋੜਵੰਦ ਨਹੀਂ ਰਹੇਗਾ।

ਨਿਸ਼ਾਨ ਸਾਹਿਬ ਦੇ ਸਰੂਪ ਬਾਰੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਚੋਂ ਸੇਧ ਮਿਲਦੀ ਹੈ ਜਿੱਥੇ "ਗੁਰਦੁਆਰੇ" ਸਿਰਲੇਖ



Sri Satguru Jagjit Singh Ji eLibrary NamdhariElibrary@gmail.com

ਹੇਠ "ਡ" ਪੈਰੇ ਵਿਚ ਲਿਖਿਆ ਹੈ ;

ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ "ਰੰਗ" "ਬਸੰਤੀ ਜਾਂ ਸੁਰਮਈ" ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬ ਲੋਹ ਦਾ "ਭਾਲਾ" ਜਾਂ "ਖੰਡਾ" ਹੋਵੇ।

"ਭਾਲਾ" ਇਕ ਚੁੰਝਦਾਰ ਹਥਿਆਰ ਹੁੰਦਾ ਹੈ ਜਿਸ ਨੂੰ ਨੇਜ਼ਾ ਜਾਂ ਬਰਛਾ ਵੀ ਆਖਦੇ ਹਨ। ਗੁਰੂ ਕਾਲ ਵਿਚ ਇਸ ਦੇ ਜੰਗਾਂ ਵਿਚ ਵਰਤੇ ਜਾਣ ਦੇ ਹਵਾਲੇ ਵੀ ਮਿਲਦੇ ਹਨ।

ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਭੀ ਪੰਥਕ ਰਹਿਤ ਮਰਯਾਦਾ ਵਿਚ ਸੁਰਮਈ ਅਤੇ ਬਸੰਤੀ ਵਰਤੋਂ ਵਿਚ ਲਿਆਉਣ ਦੀ ਇਜਾਜ਼ਤ ਦਿੱਤੀ ਗਈ ਹੈ, ਬੇਸ਼ੱਕ ਅੱਜ ਕੇਸਰੀ ਰੰਗ ਦੇ ਨਿਸ਼ਾਨ ਸਾਹਿਬ ਗੁਰਦੁਆਰਾ ਸਾਹਿਬਾਨ ਵਿਚ ਝੁਲਾਏ ਜਾ ਰਹੇ ਹਨ ਅਤੇ ਨਿਹੰਗ ਜਥੇਬੰਦੀਆਂ ਨੇ ਸੁਰਮਈ ਰੰਗ ਨੂੰ ਸੰਭਾਲਿਆ ਹੈ। ਬਸੰਤੀ ਤੋਂ ਕੇਸਰੀ ਰੰਗ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਕੌਮ ਵਿਚ ਜਾਗ੍ਰਿਤੀ ਦੀ ਘਾਟ ਹੋਣ ਕਾਰਨ ਹੀ ਹੋਇਆ ਹੈ ਜਦਕਿ ਇਸ ਵਿਸ਼ੇ 'ਤੇ ਜਾਗਰੂਕ ਹੋਣ ਦੀ ਲੋੜ ਹੈ ਅਤੇ ਪੰਥਕ ਮਰਯਾਦਾ ਮੁਤਾਬਕ ਇਕ ਨਿਸ਼ਾਨ 'ਤੇ ਹੀ ਪਹਿਰਾ ਦੇਣਾ ਚਾਹੀਦਾ ਹੈ।

**ਸਵਾਲ : ਇਹ ਦੱਸਿਆ ਜਾਵੇ ਕਿ ਨਿੱਤਨੇਮ ਦੀ ਰਹਰਾਸਿ ਬਾਣੀ ਕਿਸ ਗੁਰੂ ਦੀ ਸੰਗ੍ਰਹਿ ਕੀਤੀ ਰਚਨਾ ਹੈ?**

*–ਸ. ਇਕਬਾਲ ਸਿੰਘ*

**ਜਵਾਬ :** ਇਸ ਬਾਣੀ ਦੇ ਪ੍ਰਚਲਿਤ ਨਾਮ 'ਸੋ ਦਰੁ', 'ਰਹਰਾਸਿ ਸਾਹਿਬ' ਅਤੇ 'ਸੋ ਦਰੁ ਰਹਰਾਸਿ' ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਬਾਣੀ ਦਾ ਸਿਰਲੇਖ 'ਸੋ ਦਰੁ' ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ-ਬੱਧ ਬਾਣੀ ਸ਼ੁਰੂ ਹੋਣ ਤੋਂ ਪਹਿਲਾਂ ਤਿੰਨ ਬਾਣੀਆਂ ਸੰਕਲਿਤ ਹਨ ਜੋ ਇਸ ਪ੍ਰਕਾਰ ਹਨ: ਜਪੁ, ਸੋ ਦਰੁ ਅਤੇ ਸੋਹਿਲਾ। ਇਹ ਤਿੰਨੇ ਬਾਣੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਸਾਹਿਬ ਜੀ ਨੇ ਸ਼ੁਰੂ ਵਿਚ ਰੱਖੀਆਂ ਹਨ।

ਜਪੁ ਜਿਸ ਨੂੰ ਜਪੁ ਜੀ ਸਾਹਿਬ ਵੀ ਆਖਿਆ ਜਾਂਦਾ ਹੈ ਦਾ ਸਰੂਪ ਗੁਰੂ ਨਾਨਕ ਸਾਹਿਬ ਦੁਆਰਾ ਆਪ ਨਿਸ਼ਚਿਤ ਕੀਤਾ ਗਿਆ ਸੀ।

ਸੋ ਦਰੁ ਅਤੇ ਸੋਹਿਲਾ ਬਾਣੀਆਂ ਦੀ ਸ਼ਬਦ ਚੋਣ ਸੰਪਾਦਨਾ ਸਮੇਂ ਗੁਰੂ ਅਰਜਨ ਸਾਹਿਬ ਜੀ ਨੇ ਹੀ ਕੀਤੀ ਸੀ ਅਤੇ ਨਿਸ਼ਚਿਤ ਥਾਂ 'ਤੇ ਰੱਖਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੋ ਦਰੁ ਸਿਰਲੇਖ ਹੇਠ ਪੰਜ ਸ਼ਬਦ ਅਤੇ ਸੋ-ਪੁਰਖੁ ਸਿਰਲੇਖ ਹੇਠ 4 ਸ਼ਬਦ ਦਰਜ ਹਨ। ਸਿੱਖ ਰਹਿਤ ਮਰਯਾਦਾ ਵਿਚ ਰਹਰਾਸਿ ਦੇ ਸਰੂਪ ਬਾਰੇ ਇਸ ਤਰ੍ਹਾਂ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ ਤੋਂ ਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ) ਬੇਨਤੀ ਚੌਪਈ, ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੈ ਰੱਛਾ') ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ, ਸ੍ਵੈਯਾ ('ਪਾਂਇ ਗਹੇ ਜਬ ਤੇ ਤੁਮਰੇ' ਅਤੇ ਦੋਹਰਾ ਸਗਲ ਦੁਆਰ ਕਉ ਛਾਡਿ ਕੈ',) ਅਨੰਦੁ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'। ਸ਼ਾਮਲ ਹੈ।

**ਸਵਾਲ : ਕਿਰਪਾ ਕਰ ਕੇ ਦਾਸ ਨੂੰ ਅਖੰਡ ਪਾਠ ਸੰਬੰਧੀ ਪੂਰੀ ਜਾਣਕਾਰੀ ਦਿਓ ਜੀ। ਜਿਵੇਂ ਅਗਰ ਸ਼ੁੱਕਰਵਾਰ 10 ਵਜੇ ਸਵੇਰੇ ਅਖੰਡ ਪਾਠ ਰੱਖਿਆ ਜਾਵੇ ਤਾਂ ਕੀ ਇਸਦਾ ਭੋਗ ਐਤਵਾਰ ਸਵੇਰੇ 10 ਵਜੇ ਜ਼ਰੂਰੀ ਤੌਰ 'ਤੇ ਪਾਉਣਾ ਹੈ? ਅਤੇ ਜੇ ਪਾਠ ਸਹਿਜ ਨਾਲ ਪੜ੍ਹੇ ਜਾਣ ਕਾਰਨ ਪੂਰਾ ਨਾ ਹੋਇਆ ਹੋਵੇ ਤਾਂ ਕੀ ਮਿਥਿਆ ਸਮਾਂ ਆ ਜਾਣ 'ਤੇ ਕੁਝ ਅੰਗ ਵਿਚੋ ਛੱਡ ਦਿੱਤੇ ਜਾਣੇ ਚਾਹੀਦੇ ਹਨ?** *–ਸ. ਗੁਰਮੀਤ ਸਿੰਘ*

**ਜੁਆਬ :** ਇਹ ਸੁਆਲ ਸਿੱਖ ਰਹਿਤ ਮਰਯਾਦਾ ਨਾਲ ਸੰਬੰਧਿਤ ਹੈ। ਸਿੱਖ ਲਈ ਜ਼ਰੂਰੀ ਹੈ ਕਿ ਉਹ ਗੁਰਬਾਣੀ ਦੇ ਨਾਲ ਜੁੜਿਆ ਰਹੇ। ਗੁਰੂ ਰਾਮਦਾਸ ਜੀ ਨੇ ਸਿੱਖ ਦੇ ਰੋਜ਼ਾਨਾ ਜੀਵਨ ਦਾ ਨਕਸ਼ਾ ਦੱਸਦਿਆਂ ਬਚਨ ਕੀਤੇ ਹਨ; **"ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥"** *(ਮ: ੪, ੩੦੫)*

ਇਸਦਾ ਸਭ ਤੋਂ ਵਧੀਆ ਤੇ ਸੌਖਾ ਢੰਗ ਹੈ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਹਿਜ ਨਾਲ ਵਿਚਾਰ ਕੇ ਕੀਤਾ ਜਾਵੇ। ਪੁੱਛੇ ਗਏ ਸਵਾਲ ਸੰਬੰਧੀ ਸਿੱਖ ਰਹਿਤ ਮਰਯਾਦਾ ਅੰਦਰ "ਸਿੱਖ ਦੀ ਸ਼ਖ਼ਸੀ ਰਹਿਣੀ" ਵਿਸ਼ੇ ਅਧੀਨ "ਅਖੰਡ ਪਾਠ" ਸਿਰਲੇਖ ਹੇਠ (ੳ) ਪੈਰੇ ਵਿਚ ਦਰਜ ਹੈ : "ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ।

ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

ਸਪੱਸ਼ਟ ਹੈ ਕਿ ਸਮੇਂ ਦੀ ਪਾਬੰਦੀ ਬਾਰੇ ਕੋਈ ਵਿਸ਼ੇਸ਼ ਜ਼ੋਰ ਨਹੀਂ ਦਿੱਤਾ ਗਿਆ। ਸਗੋਂ ਪਾਠ "ਸਾਫ਼ ਤੇ ਸ਼ੁੱਧ ਅਤੇ ਅੱਖਰ ਮਾਤਰਾ" ਦਾ ਧਿਆਨ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

**ਸਵਾਲ : ਮਨੋਕਾਮਨਾ ਪੂਰੀ ਕਰਨ ਹਿੱਤ ਕੀਤੀ ਅਰਦਾਸ ਜਿਹਾ ਕਿ 'ਹੇ ਸੱਚੇ ਪਾਤਸ਼ਾਹ ਜੇ.......ਪ੍ਰਾਪਤ ਹੋ ਜਾਵੇ ਮੈਂ ਦਸ ਦਿਨ ਝਾੜੂ ਦੇਵਾਂਗਾ.....ਰੁਪਏ ਚੜ੍ਹਾਵਾਂਗਾ....।' ਮੰਨਤਾਂ ਜਾਂ ਸੁਖਣਾ ਸੁਖਣੀਆਂ ਕੀ ਗੁਰਮਤਿ ਵਿਚ ਪ੍ਰਵਾਨ ਹਨ?**

**ਜਵਾਬ :** ਗੁਰੂ ਘਰ ਵਿਚ ਸੌਦੇਬਾਜ਼ੀ ਕਬੂਲ ਨਹੀਂ। ਮਨੌਤਾਂ ਮੰਨਣੀਆਂ, ਸੁਖਣਾ ਸੁਖਣੀਆਂ ਮਨਮਤਿ ਹੈ, ਗੁਰਮਤਿ ਵਿਚ ਅਜਿਹੇ ਕਰਮ ਵਿਵਰਜਿਤ ਹਨ। ਗੁਰਸਿੱਖ, ਗੁਰੂ ਘਰ ਦੀ ਨਿਸ਼ਕਾਮ ਹੋ ਕੇ ਭਾਵ ਕਿਸੇ ਵੀ ਕਾਮਨਾ ਤੋਂ, ਇੱਛਾ ਤੋਂ, ਰਹਿਤ ਹੋ ਕੇ ਜੋ ਵੀ ਸੇਵਾ ਕਰੇ, ਕਬੂਲ ਪੈਂਦੀ ਹੈ ਅਤੇ ਸਿੱਖੀ ਦਾ ਸ਼ਿੰਗਾਰ ਬਣਦੀ ਹੈ। ਲੋੜਵੰਦ ਅਰਦਾਸ ਕਰੇ, ਵਾਹਿਗੁਰੂ ਨੂੰ ਭਾਵੇ, ਉਹ ਕਬੂਲ ਪੈਂਦੀ ਹੈ, ਪਰ ਸੌਦੇਬਾਜ਼ੀ ਕਰਨੀ ਕਿ ਅਮੁਕ ਕੰਮ ਹੋ ਜਾਵੇ ਮੈਂ ਇਹ ਕਰਾਂਗਾ ਆਦਿ ਭਾਣਾ ਮੰਨਣ ਦੇ ਉਲਟ ਗੱਲ ਹੈ। ਸਿੱਖਾਂ ਦਾ ਜੀਵਨ ਤਾਂ ਹੁਕਮ ਮੰਨਣ, ਭਾਣੇ ਵਿਚ ਰਹਿਣ ਦੇ ਪਾਬੰਦ ਹੋਣਾ ਹੈ ਨਾ ਕਿ ਹੁਜਤਾਂ ਕਰਨੀਆਂ। ਅਰਦਾਸ ਕਰਨਾ ਸਿੱਖੀ ਦਾ ਵਿਧਾਨ ਹੈ।

• • •



Sri Satguru Jagjit Singh Ji eLibrary NamdhariElibrary@gmail.com

# ਪਾਠਕ ਲਿਖਦੇ ਹਨ

**ਸ. ਹਰਜਿੰਦਰ ਸਿੰਘ ਧਾਮੀ ਜੀ,**
**ਪ੍ਰਧਾਨ ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥**

**ਵਿਸ਼ਾ :** ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਬਾਰੇ ਭੰਬਲਭੂਸਾ

ਸ. ਹਰਜਿੰਦਰ ਸਿੰਘ ਧਾਮੀ ਜੀ, ਜਿਵੇਂ ਆਪ ਜੀ ਜਾਣਦੇ ਹੀ ਹੋ ਕਿ ਪਿਛਲੇ ਡੇਢ ਦਹਾਕੇ ਤੋਂ ਕੌਮ ਵਿੱਚ ਇਤਿਹਾਸਕ ਦਿਹਾੜਿਆਂ ਨੂੰ ਮਨਾਉਣ ਸਬੰਧੀ ਭੰਬਲਭੂਸਾ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਮਿਲਗੋਭਾ ਕੈਲੰਡਰ ਦੀ ਪੜਤਾਲ ਕਰਨ 'ਤੇ ਇਹ ਜਾਣਕਾਰੀ ਮਿਲਦੀ ਹੈ ਕਿ. ਇਹ ਕੈਲੰਡਰ ਸੂਰਜੀ ਬਿਕ੍ਰਮੀ, ਦ੍ਰਿਕਗਿਣਤ ਸਿਧਾਂਤ ਮੁਤਾਬਕ ਛਾਪਿਆ ਜਾਂਦਾ ਹੈ। ਵਿਦਵਾਨਾਂ ਵੱਲੋਂ ਇਸ ਕੈਲੰਡਰ ਦੇ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਇਸ ਕੈਲੰਡਰ ਦਾ ਨਾਮ ਨਾਨਕਸ਼ਾਹੀ ਕੈਲੰਡਰ ਰੱਖਿਆ ਗਿਆ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ ਹੈ। ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ ਨਿਰਧਾਰਿਤ ਕੀਤੇ ਜਾਂਦੇ ਹਨ। ਜਿਸ ਦੇ ਆਮ ਸਾਲ ਦੀ ਲੰਬਾਈ 354.37 ਦਿਨ ਮੰਨੀ ਅਤੇ ਮਾੜਾ ਮਹੀਨਾ (ਮਲਮਾਸ) ਆਉਣ ਕਾਰਨ ਤੀਜੇ-ਚੌਥੇ ਸਾਲ ਦੀ ਲੰਬਾਈ 384 ਦਿਨ ਹੋ ਜਾਂਦੀ ਹੈ। ਜਿਸ ਕਾਰਨ ਹਰ ਸਾਲ ਹਰ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਪ੍ਰਧਾਨ ਜੀ, ਕੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ, ਸੈਂਕੜਿਆਂ ਦੀ ਗਿਣਤੀ ਵਿੱਚ ਪ੍ਰਚਾਰਕਾਂ ਅਤੇ ਸਿੱਖ ਇਤਿਹਾਸ ਖੋਜ ਬੋਰਡ ਦੇ ਖ਼ੋਜੀ ਵਿਦਵਾਨਾਂ ਨੂੰ ਇਸ ਮਸਲੇ ਬਾਰੇ ਜਾਣਕਾਰੀ ਨਹੀਂ ਹੈ ਜਾਂ ਉਨ੍ਹਾਂ ਤੋਂ ਸਲਾਹ ਹੀ ਨਹੀਂ ਲਈ ਜਾਂਦੀ? ਸਵਾਲ ਪੈਦਾ ਹੁੰਦਾ ਹੈ ਕਿ ਅਜੇਹੇ ਮਹੱਤਵ ਪੂਰਨ ਫ਼ੈਸਲੇ ਕੌਣ ਕਰਦਾ ਹੈ? ਇਹ ਹਾਸੋ ਹੀਣੀ ਸਥਿਤੀ ਪੈਦਾ ਕਰਨ ਲਈ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੈ। ਇਸ ਦੇ ਪ੍ਰਧਾਨ ਹੋਣ ਦੇ ਨਾਤੇ ਆਪ ਜੀ ਕੌਮ ਨੂੰ ਜਵਾਬਦੇਹ ਹੋ।

ਪ੍ਰਧਾਨ ਜੀ, ਇੱਥੇ ਇਹ ਨੁਕਤਾ ਵੀ ਧਿਆਨ 'ਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ, ਸਾਲ ਦੀ ਜਿਸ ਲੰਬਾਈ ਮੁਤਾਬਕ (365.2563 ਦਿਨ) ਅੱਜ ਕੈਲੰਡਰ ਛਾਪਦੀ ਹੈ, ਇਹ ਲੰਬਾਈ ਨਵੰਬਰ 1964 ਈ: ਵਿੱਚ ਵਿਦਵਾਨਾਂ ਵੱਲੋਂ ਨਿਰਧਾਰਿਤ ਕੀਤੀ ਗਈ ਸੀ। ਇਸ ਤੋਂ ਪਹਿਲਾਂ ਗੁਰੂ ਕਾਲ ਤੋਂ ਚਲੇ ਆ ਰਹੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਮੰਨੀ ਜਾਂਦੀ ਸੀ। ਹੁਣ ਜਦੋਂ ਸਾਰੀ ਦੁਨੀਆਂ ਮੰਨਦੀ ਹੈ ਕਿ ਕੁਦਰਤ ਦੇ ਨਿਯਮ ਮੁਤਾਬਕ ਧਰਤੀ, 365.2422 ਦਿਨਾਂ ਵਿੱਚ ਸੂਰਜ ਦੀ ਪ੍ਰਕਰਮਾ ਪੂਰੀ ਕਰ ਲੈਂਦੀ ਹੈ ਤਾਂ ਸ਼੍ਰੋਮਣੀ ਕਮੇਟੀ ਦੀ ਕੀ ਮਜਬੂਰੀ ਹੈ ਕਿ ਉਹ ਆਪਣੇ ਕੈਲੰਡਰ ਦੇ ਸਾਲ ਦੀ ਲੰਬਾਈ ਕੁਦਰਤ ਦੇ ਨਿਯਮ ਮੁਤਾਬਕ ਨਿਰਧਾਰਿਤ ਨਹੀਂ ਕਰਨਾ ਚਾਹੁੰਦੀ? ਸਾਲ ਦੀ ਇਸੇ ਲੰਬਾਈ (365.2422 ਦਿਨ) ਮੁਤਾਬਕ ਹੀ, ਇਸ ਧਰਤੀ ਉੱਪਰ ਰੁੱਤਾਂ ਆਉਂਦੀਆਂ-ਜਾਂਦੀਆਂ ਹਨ। ਇਸ ਧਰਤੀ ਉੱਪਰ ਦਿਨ-ਰਾਤ ਦਾ ਬਰਾਬਰ ਹੋਣਾ ਆਦਿ, ਸਭ ਇਸੇ ਲੰਬਾਈ ਮੁਤਾਬਕ ਹੀ ਹੋ ਰਿਹਾ ਹੈ। ਇਕ ਅਕਾਲ ਪੁਰਖ ਨੂੰ ਮੰਨਣ ਵਾਲੀ ਕੌਮ ਦੇ ਮੌਜੂਦਾ ਮੁਖੀ, ਅਕਾਲ ਪੁਰਖ ਦੇ ਨਿਯਮਾਂ ਤੋਂ ਆਕੀ ਕਿਉਂ ਹਨ?

ਪ੍ਰਧਾਨ ਜੀ, ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਅਪਨਾਏ ਗਏ ਗੈਰ ਜ਼ਿੰਮੇਵਾਰ ਵਤੀਰੇ ਨੂੰ ਸਮਝਣ ਲਈ ਇਕ ਉਦਾਹਰਨ ਦੇਣੀ ਜ਼ਰੂਰੀ ਸਮਝਦਾ ਹਾਂ। ਸਿੱਖ ਕੌਮ ਦੇ ਕੇਂਦਰੀ ਧੁਰੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਸਿਰਜਣਾ ਦਿਵਸ ਅਤੇ ਮੀਰੀ-ਪੀਰੀ ਦਿਵਸ ਦੇ ਇਤਿਹਾਸਕ ਦਿਹਾੜਿਆਂ ਦੇ ਦਰਜ ਪ੍ਰਵਿਸ਼ਟਿਆਂ ਦੀ ਪੜਤਾਲ ਕਰਨ 'ਤੇ ਬੜੀ ਹੀ ਅਨੋਖੀ ਤਸਵੀਰ ਸਾਹਮਣੇ ਆਈ ਹੈ।

| ਦਿਹਾੜਾ | ਸੰਮਤ 551 | ਸੰਮਤ 552 | ਸੰਮਤ 553 | ਸੰਮਤ 554 | ਸੰਮਤ 555 |
|---|---|---|---|---|---|
| **ਅਕਾਲ ਤਖ਼ਤ ਸਾਹਿਬ ਦਾ ਸਿਰਜਣਾ ਦਿਵਸ** | **18 ਹਾੜ** | **18 ਹਾੜ** | **18 ਹਾੜ** | **18 ਹਾੜ** | **25 ਜੇਠ** |
| **ਮੀਰੀ-ਪੀਰੀ ਦਿਹਾੜਾ** | **27 ਹਾੜ** | **17 ਹਾੜ** | **4 ਸਾਵਣ** | **25 ਹਾੜ** | **14 ਹਾੜ** |
| **ਫ਼ਰਕ** | **9 ਦਿਨ** | **1 ਦਿਨ** | **17 ਦਿਨ** | **7 ਦਿਨ** | **20 ਦਿਨ** |

ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ ਸੰਮਤ 551 ਦੇ ਕੈਲੰਡਰ ਮੁਤਾਬਕ ਤਾਂ ਅਕਾਲ ਤਖ਼ਤ ਸਾਹਿਬ ਜੀ ਦੇ ਸਿਰਜਣਾ ਦਿਵਸ ਤੋਂ 9 ਦਿਨ ਪਿੱਛੋਂ ਮੀਰੀ-ਪੀਰੀ ਦਿਹਾੜਾ ਆਇਆ ਸੀ। ਸੰਮਤ 552 ਦੇ ਕੈਲੰਡਰ ਵਿੱਚ ਅਕਾਲ ਤਖ਼ਤ ਸਾਹਿਬ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਸਿਰਜਣਾ ਤੋਂ ਇਕ ਦਿਨ ਪਹਿਲਾ ਕਿਵੇਂ ਆ ਗਿਆ? ਮੀਰੀ ਪੀਰੀ ਦੀਆਂ ਦੋ ਤਲਵਾਰਾਂ, ਥੜ੍ਹਾ ਬਣਨ ਤੋਂ ਇਕ ਦਿਨ ਪਹਿਲਾਂ ਪਹਿਨੀਆਂ ਗਈਆਂ ਸਨ? ਸੰਮਤ 553 ਵਿੱਚ 17 ਦਿਨ ਪਿੱਛੋਂ, ਸੰਮਤ 554 ਵਿੱਚ 7 ਦਿਨ ਪਿੱਛੋਂ ਅਤੇ ਸੰਮਤ 555 ਵਿੱਚ 20 ਦਿਨ ਪਿੱਛੋਂ ਮੀਰੀ-ਪੀਰੀ ਦਾ ਦਿਹਾੜਾ ਮਨਾਇਆ ਗਿਆ ਸੀ।

ਦੋਵਾਂ ਦਿਹਾੜਿਆਂ ਵਿਚ ਫ਼ਰਕ ਹਰ ਸਾਲ ਬਦਲ ਕਿਉਂ ਜਾਂਦਾ ਹੈ? ਜਦੋਂ ਕਿ ਸ਼੍ਰੋਮਣੀ ਕਮੇਟੀ ਹਰ ਸਾਲ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਹੀ ਛਾਪਦੀ ਹੈ। ਇੱਥੇ ਇਹ ਨੁਕਤਾ ਵੀ ਧਿਆਨ ਮੰਗਦਾ ਹੈ ਕਿ ਇਸ ਸਾਲ, ਅਕਾਲ ਤਖ਼ਤ ਸਾਹਿਬ ਦਾ ਸਿਰਜਣਾ ਦਿਵਸ ਪਿਛਲੇ ਸਾਲ (ਸੰਮਤ 554 ) ਤੋਂ 24 ਦਿਨ ਪਹਿਲਾਂ ਕਿਵੇਂ ਆ ਗਿਆ? 18 ਹਾੜ ਤੋਂ ਬਦਲ ਕੇ ਅਚਾਨਕ 25 ਜੇਠ ਕਿਵੇਂ ਹੋ ਗਿਆ? ਇਹ ਪ੍ਰਵਿਸ਼ਟਾ ਕਿਸ ਦੇ ਕਹਿਣ 'ਤੇ ਬਦਲਿਆ ਗਿਆ ਹੈ? ਜੇ ਅਜੇ ਵੀ ਨਾ ਸੰਭਲੇ ਤਾਂ, ਮੇਰੇ ਹਿਸਾਬ ਨਾਲ ਅਗਲੇ ਸਾਲ (ਸੰਮਤ 556) ਇਹ ਦਿਹਾੜਾ 13 ਹਾੜ ਨੂੰ, ਭਾਵ 383 ਦਿਨਾਂ ਪਿੱਛੋਂ ਆਵੇਗਾ, ਜਦੋਂ ਕਿ ਕੁਦਰਤ ਦੇ ਨਿਯਮ ਮੁਤਾਬਕ ਧਰਤੀ ਸੂਰਜ ਦੁਆਲੇ ਇਕ ਚੱਕਰ 365 ਦਿਨਾਂ ਵਿੱਚ ਪੂਰਾ ਕਰ ਲਵੇਗੀ। ਅਕਾਲ ਪੁਰਖ ਦੇ ਬਣਾਏ ਨਿਯਮ ਮੁਤਾਬਕ ਸਾਲ ਦੀ ਲੰਬਾਈ ਨੂੰ ਪ੍ਰਵਾਨ ਕਰਨ ਵਿੱਚ ਸ਼੍ਰੋਮਣੀ ਕਮੇਟੀ ਨੂੰ ਕੀ ਦਿੱਕਤ ਹੈ?

ਪ੍ਰਧਾਨ ਜੀ, ਜਦੋਂ ਸ਼੍ਰੋਮਣੀ ਕਮੇਟੀ ਆਪਣਾ ਕੈਲੰਡਰ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਛਾਪਦੀ ਹੈ ਤਾਂ ਇਤਿਹਾਸਿਕ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਕਿਉਂ ਨਹੀਂ ਦਰਜ ਕੀਤੇ ਜਾਂਦੇ? ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਨਿਰਧਾਰਿਤ ਕਰਨ ਨਾਲ ਗੁਰਮਤਿ ਜਾਂ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ? ਜੇ ਦਿਹਾੜੇ ਵਦੀ-ਸੁਦੀ ਮੁਤਾਬਕ ਮਨਾਉਣੇ ਹਨ ਤਾਂ ਕੈਲੰਡਰ ਵੀ ਉਹੀ ਛਾਪੋ, ਜਿਹੜਾ ਪਿਛਲੀ ਸਦੀ 'ਚ ਛਾਪਦੇ ਸੀ। ਮਿਲਗੋਭਾ ਕੈਲੰਡਰ ਛਾਪ ਕੇ ਕੌਮ ਨੂੰ ਗੁੰਮਰਾਹ ਤਾਂ ਨਾ ਕਰੋ। ਦੋ ਬੇੜੀਆਂ 'ਚ ਸਵਾਰੀ ਕਰਕੇ ਕਿਵੇਂ ਪਾਰ ਲੱਗੋਗੇ?

ਸ. ਹਰਜਿੰਦਰ ਸਿੰਘ ਧਾਮੀ ਜੀ, ਅੱਜ ਸਿੱਖ ਕੌਮ ਪੂਰੀ ਦੁਨੀਆਂ ਵਿੱਚ ਫੈਲ ਚੁੱਕੀ ਹੈ। ਸਾਨੂੰ ਵੀ ਸਮੇਂ ਦੇ ਹਾਣੀ ਬਣਨ ਦੀ ਲੋੜ ਹੈ। ਇਸ ਲਈ ਸਾਡੇ ਕੇਂਦਰੀ ਅਸਥਾਨ ਤੋਂ ਕੁਝ ਠੋਸ ਫ਼ੈਸਲੇ ਲੈਣ ਦੀ ਸਖ਼ਤ ਜ਼ਰੂਰਤ ਹੈ ਤਾਂ ਜੋ ਦੁਨੀਆਂ ਭਰ ਵਿੱਚ ਸਿੱਖ ਕੌਮ ਦੇ ਮਾਣ-ਸਤਿਕਾਰ ਵਿੱਚ ਵਾਧਾ ਹੋ ਸਕੇ ਅਤੇ ਕੌਮੀ ਅਨੁਸ਼ਾਸਨ ਨੂੰ ਕਾਇਮ ਰੱਖਿਆ ਜਾ ਸਕੇ।

ਨਿਮਰਤਾ ਸਹਿਤ ਬੇਨਤੀ ਹੈ ਕਿ ਨਵੇਂ ਸਾਲ (ਸੰਮਤ 556) ਦਾ ਕੈਲੰਡਰ ਤਿਆਰ ਕਰਨ ਵਿੱਚ ਅਜੇ ਡੇਢ ਮਹੀਨੇ ਤੋਂ ਵੱਧ ਦਾ ਸਮਾਂ ਹੈ। ਜੇ ਇੱਛਾ ਸ਼ਕਤੀ ਹੋਵੇ ਤਾਂ ਇਸ ਸਮੇਂ ਦੌਰਾਨ ਕੌਮੀ ਹਿੱਤਾਂ ਨੂੰ ਮੁੱਖ ਰੱਖ ਕੇ ਕੁਝ ਠੋਸ ਫ਼ੈਸਲੇ ਲਏ ਜਾ ਸਕਦੇ ਹਨ। ਆਸ ਕਰਦੇ ਹਾਂ ਕਿ ਆਪ ਜੀ, ਆਪਣੇ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ, ਇਸ ਬਹੁਤ ਹੀ ਅਹਿਮ ਮੁੱਦੇ ਵੱਲ ਧਿਆਨ ਜ਼ਰੂਰ ਦਿਓਗੇ। ਧੰਨਵਾਦ।

ਸਤਿਕਾਰ ਸਹਿਤ

ਸਰਵਜੀਤ ਸਿੰਘ, ਸੈਕਰਾਮੈਂਟੋ

13 ਮੱਘਰ ਸੰਮਤ 555 ਨਾਨਕਸ਼ਾਹੀ

---

# ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਫੁੱਲਾਂ ਦੀ ਬਰਸਾਤ

**–ਇੰਦਰਬੀਰ ਸਿੰਘ ਕਸ਼ਮੀਰੀ**

ਉੜੀਸਾ ਦੇ ਜਗਨਨਾਥ ਪੁਰੀ ਵਿਚ ਅੱਜ ਤੋਂ ਤਕਰੀਬਨ ਸਾਢੇ ਪੰਜ ਸੌ ਸਾਲ ਪਹਿਲਾਂ ਜਗਤ ਗੁਰੂ ਬਾਬੇ ਨਾਨਕ ਨੇ ਕਦਮ ਰੱਖੇ ਤਾਂ ਉੱਥੇ ਜਮ੍ਹਾਂ ਹੋਏ ਹਜ਼ਾਰਾਂ ਦੀ ਗਿਣਤੀ 'ਚ "ਜਗਨਨਾਥ" ਦੀ ਮੂਰਤੀ ਨੂੰ ਮੰਨਣ ਵਾਲੇ ਉਸਦੀ ਉਸਤਤਿ 'ਚ ਗਾ ਰਹੇ/ਆਰਤੀ ਕਰ ਰਹੇ ਸਨ। ਇਹ ਆਰਤੀ ਉਹ ਲੋਕ ਅੱਜ ਭੀ ਕਰ ਰਹੇ ਹਨ। ਇਹ ਲੋਕ ਹੱਥਾਂ ਵਿਚ ਫੁੱਲ ਫੜ ਕੇ ਮੂਰਤੀ 'ਤੇ ਸੁੱਟੀ ਜਾ ਰਹੇ ਸਨ।

ਬੇਬਾਕ ਤੇ ਨਿਡਰ ਗੁਰੂ ਨਾਨਕ ਨੇ ਉੱਥੇ ਇਕੱਤਰ ਸ਼ਰਧਾਲੂਆਂ ਦੇ ਹਜੂਮਾਂ ਦੀ ਕੋਈ ਪਰਵਾਹ ਨਾ ਕਰਦਿਆਂ 'ਮੂਰਤੀ ਦੀ ਉਸਤਤਿ' ਕਰਨ ਦੇ ਕਾਰਜ ਨੂੰ ਵਿਅਰਥ ਆਖਿਆ ਅਤੇ ਸਮਝਾਇਆ ਕਿ ਨਿਰੇ ਕੁਝ ਫੁੱਲ ਸੁੱਟਣ ਨਾਲ ਜਗਤ ਦੇ ਮਾਲਕ ਦੀ ਉਸਤਤਿ ਨਹੀਂ ਹੋ ਸਕਦੀ। ਇਸ ਤਰ੍ਹਾਂ ਤਾਂ ਸਾਰੀ ਬਨਸਪਤੀ ਹੀ ਪ੍ਰਭੂ ਜੀ ਦੀ ਪੈਦਾ ਕੀਤੀ ਹੋਈ ਹੈ : **ਸਗਲ ਬਨਰਾਇ ਫੂਲੰਤ ਜੋਤੀ॥੧॥** ਭਾਵ–ਸਾਰੀ ਬਨਸਪਤੀ ਜੋਤਿ-ਰੂਪ (ਪ੍ਰਭੂ ਦੀ ਆਰਤੀ) ਵਾਸਤੇ ਫੁੱਲ ਦੇ ਰਹੀ ਹੈ।

ਨੋਬੇਲ ਪੁਰਸਕਾਰ ਜੇਤੂ ਗੈਰ ਸਿੱਖ ਰਾਬਿੰਦਰ ਨਾਥ ਟੈਗੋਰ ਨੇ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਪੜ੍ਹਿਆ ਸੀ, ਸਮਝਿਆ ਸੀ, ਜੋ ਅਸੀਂ ਸਿੱਖ ਹੋ ਕੇ ਨਹੀਂ ਕਰ ਰਹੇ! ਅਤੇ ਕਿਸੇ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਤੁਸੀਂ ਹਿੰਦੁਸਤਾਨ ਦਾ ਕੌਮੀ ਤਰਾਨਾ ਤਾਂ ਲਿਖ ਦਿੱਤਾ!! ਪੂਰੇ ਵਿਸ਼ਵ ਦਾ ਤਰਾਨਾ ਕਦੋਂ ਲਿਖੋਗੇ? ਪਤਾ ਜੇ ਟੈਗੋਰ ਨੇ ਕੀ ਜੁਆਬ ਦਿੱਤਾ ਸੀ?

ਨਹੀਂ ਪਤਾ। ਕਿਉਂਕਿ ਸਾਨੂੰ ਪੜ੍ਹਨ ਖੋਜਣ ਦੀ ਆਦਤ ਹੀ ਨਹੀਂ!!! ਓ ਖ਼ਾਲਸਿਓ ਸੁਣੋ ਅਤੇ ਮਾਣ ਨਾਲ ਆਪਣਾ ਸਿਰ ਉੱਚਾ ਕਰ ਲਵੋ। ਰਬਿੰਦਰ ਨਾਥ ਟੈਗੋਰ ਜੁਆਬ ਦਿੰਦਾ ਹੈ : ਪੂਰੇ ਵਿਸ਼ਵ ਦਾ ਤਰਾਨਾ ਤਾਂ/ਕਈ ਸੌ ਸਾਲ ਪਹਿਲਾਂ ਹੀ ਸਤਿਗੁਰੂ ਨਾਨਕ ਸਾਹਿਬ ਲਿਖ ਕੇ ਗੁਰੂ ਗ੍ਰੰਥ ਸਾਹਿਬ ਵਿਚ ਦੇ ਗਏ ਹਨ :

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**



Sri Satguru Jagjit Singh Ji eLibrary NamdhariElibrary@gmail.com

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧ ॥ (੬੬੩)

ਪੂਰੇ ਜਗਤ ਦਾ ਮਾਲਕ ਇਕੋ ਅਕਾਲਪੁਰਖ ਹੈ ਜਿਸਦੀ ਉਸਤਤਿ ਪੂਰੇ ਜਗਤ ਵਿਚ ਹੋ ਰਹੀ ਹੈ। ਗੁਰੂ ਬਾਬੇ ਨੇ ਪੂਰੇ ਸੰਸਾਰ ਨੂੰ ਇਕੋ ਧਾਗੇ ਵਿਚ ਪਰੋ ਕੇ ਰੱਖ ਦਿੱਤਾ ਅਤੇ ਇਸ ਤੋਂ ਵਧੀਆ ਤਰਾਨਾ ਹੋਰ ਕੀ ਹੋ ਸਕਦਾ ਹੈ? ਆਓ! ਅੱਜ ਅਸੀਂ ਸਾਰੇ ਆਪਣੇ ਆਪ ਨੂੰ ਪੁੱਛੀਏ?

ਅਸੀਂ ਗੁਰੂ ਬਾਬੇ ਨੂੰ ਕਦੋਂ ਪੜ੍ਹਾਂਗੇ? ਕਦੋਂ ਸੁਣਾਂਗੇ? ਕਦੋਂ ਸਮਝਾਂਗੇ?

ਬਾਬੇ ਨੇ ਜਿਹੜੇ ਫੁੱਲ ਛਿੜਕਣ ਤੋਂ ਵਰਜਿਆ ਸੀ ਅਸੀਂ ਜਹਾਜ਼ ਰਾਹੀਂ ਉਨ੍ਹਾਂ ਫੁੱਲਾਂ ਥੱਲੇ ਬਾਬੇ ਨੂੰ ਹੀ ਢੱਕ ਲਿਆ? ਬਾਬੇ ਦੇ ਸਿਧਾਂਤਾਂ ਨੂੰ ਫੁੱਲਾਂ ਨਾਲ ਛਿਪਾ ਲਿਆ ?

ਦਰਬਾਰ ਸਾਹਿਬ ਵਿਚ ਫੁੱਲ ਪੈਣ ਜਾਂ ਪੁਰੀ ਵਿਖੇ??? ਕੀ ਫਰਕ ਹੈ ਸਾਡੇ ਵਿਚ ਅਤੇ ਪੁਰੀ ਦੇ ਪੁਜਾਰੀਆਂ ਵਿਚ? ਕੋਈ ਫਰਕ ਨਹੀਂ!!!!

---

ਲਘੂ ਕਥਾ

# ਦੀਵਾਲੀ

**– ਇੰਦਰਬੀਰ ਸਿੰਘ ਕਸ਼ਮੀਰੀ**

**ਪੁੱਤਰ :** ਪਿਤਾ ਜੀ ਅੱਜ ਦੀਵਾਲੀ ਹੈ ਤੁਸੀਂ ਪਟਾਕੇ ਨਹੀਂ ਲਿਆਏ।

**ਪਿਤਾ :** ਹਾਂ ਬੇਟਾ ਜੀ, ਅੱਜ ਦੀਵਾਲੀ ਹੈ ਅੱਜ ਹਰ ਥਾਂ ਪਟਾਕੇ ਚਲਾਏ ਜਾਂਦੇ ਹਨ ਅਤੇ ਲੱਖਾਂ ਦੀਵੇ ਬਾਲੇ ਜਾਂਦੇ ਹਨ।

**ਪੁੱਤਰ :** ਫਿਰ ਤੁਸੀਂ ਕਿਉਂ ਨਹੀਂ ਲਿਆਏ ਦੀਵੇ ਤੇ ਪਟਾਕੇ। ਤੁਸੀਂ ਕੰਜੂਸ ਹੋ ਮੈਂ ਤੁਹਾਡੇ ਨਾਲ ਗੱਲ ਨਹੀਂ ਕਰਨੀ।

**ਪਿਤਾ :** ਪੁੱਤਰ ਗੱਲ ਪਟਾਕੇ ਲਿਆਉਣ ਦੀ ਨਹੀਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ : ਕਿ 'ਦੀਵਾਲੀ ਦਾ ਸਿੱਖਾਂ ਨਾਲ ਕੀ ਸੰਬੰਧ ਹੈ? ਕੀ ਦੀਵਾਲੀ ਸਿੱਖਾਂ ਦਾ ਤਿਉਹਾਰ ਹੀ ਹੈ?'

**ਪੁੱਤਰ :** ਕੀ ਦੀਵਾਲੀ ਸਾਡਾ ਤਿਉਹਾਰ ਨਹੀਂ ਹੈ?

**ਪਿਤਾ :** ਹਾਂ, ਪੁੱਤਰ ਜੀ ਇਹ ਅਨਮਤੀ ਤਿਉਹਾਰ ਹੈ ਅਤੇ ਸਿੱਖਾਂ ਨੂੰ ਇਹ ਤਿਉਹਾਰ ਜਿਵੇਂ ਰੱਖੜੀ, ਲੋਹੜੀ ਆਦਿ ਹਨ, ਨਹੀਂ ਮਨਾਉਣੇ ਚਾਹੀਦੇ।

**ਪੁੱਤਰ :** ਪਰ ਪਿਤਾ ਜੀ ਦਰਬਾਰ ਸਾਹਿਬ ਤਾਂ ਇਹ ਦੀਵਾਲੀ ਹਰ ਸਾਲ ਮਨਾਈ ਜਾਂਦੀ ਹੈ?

**ਪਿਤਾ :** ਬੇਟਾ ਜੀ, ਸਾਡੇ ਸਾਰੇ ਇਤਿਹਾਸਕ ਗੁਰਦੁਆਰੇ ਲਗ ਪਗ ਦੋ ਸੌ ਸਾਲ ਤੱਕ ਸਿੱਖਾਂ ਤੋਂ ਦੂਰ ਰਹੇ। ਜਦੋਂ ਹਕੂਮਤ ਦੇ ਜ਼ੁਲਮਾਂ ਸਦਕਾ ਸਿੱਖਾਂ ਨੂੰ ਜੰਗਲਾਂ ਵਿਚ ਰਹਿਣਾ ਪਿਆ। ਇਸ ਦੌਰਾਨ ਸਿੱਖ ਲੁਕ ਛਿਪ ਕੇ ਹੀ ਆਪਣੇ ਗੁਰਦੁਆਰਿਆਂ ਵਿਚ ਇੱਕਾ ਦੁੱਕਾ ਆਉਂਦੇ ਸਨ। ਇਸ ਲੰਮੇ ਸਮੇਂ ਦੌਰਾਨ ਸਿੱਖ ਗੁਰਦੁਆਰੇ ਨਿਰਮਲੇ ਅਤੇ ਉਦਾਸੀ ਲੋਕਾਂ ਦੇ ਪ੍ਰਬੰਧ ਵਿਚ ਰਹੇ। ਇਨ੍ਹਾਂ ਲੋਕਾਂ 'ਤੇ ਸਨਾਤਨੀ ਮਤ ਦਾ ਪ੍ਰਭਾਵ ਸੀ, ਜਿਸ ਕਾਰਨ ਗੁਰਦੁਆਰਿਆਂ ਦੀ ਮਰਯਾਦਾ ਵੀ ਇਨ੍ਹਾਂ ਉਦਾਸੀ ਤੇ ਨਿਰਮਲੇ ਸਾਧਾਂ ਨੇ ਬਦਲ ਕੇ ਰੱਖ ਦਿੱਤੀ। ਇੱਥੋਂ ਤੱਕ ਕਿ ਗੁਰਦੁਆਰਿਆਂ ਵਿਚ ਮੂਰਤੀਆਂ ਵੀ ਰੱਖ ਦਿੱਤੀਆਂ ਗਈਆਂ ਸਨ।

ਸਿੱਖ ਉਸ ਸਮੇਂ ਮਜਬੂਰ ਸਨ। ਗੁਰਦੁਆਰਿਆਂ ਦੀ ਸੰਭਾਲ ਹੋਣ ਕਾਰਨ ਇਨ੍ਹਾਂ ਨੂੰ ਕੁਝ ਨਹੀਂ ਕੀਤਾ ਗਿਆ। ਇਹ ਅਨਮਤੀ ਤਿਉਹਾਰ ਵੀ ਉਸੇ ਸਮੇਂ ਦੀ ਦੇਣ ਹਨ।

**ਪੁੱਤਰ :** ਪਰ ਪਿਤਾ ਜੀ ਉਸ ਤੋਂ ਬਾਅਦ ਤਾਂ ਖ਼ਾਲਸਾ ਰਾਜ ਵੀ ਆਇਆ ਸੀ ਫਿਰ ਗੁਰਦੁਆਰਿਆਂ ਦੀ ਮਰਯਾਦਾ ਬਹਾਲ ਕਿਉਂ ਨਹੀਂ ਹੋਈ?

**ਪਿਤਾ :** ਹਾਂ ਪੁੱਤਰ, ਇਹ ਬਹੁਤ ਵਧੀਆ ਸਵਾਲ ਕੀਤਾ ਤੁਸੀਂ। ਖ਼ਾਲਸਾ ਰਾਜ ਵਿਚ ਸਭ ਤੋਂ ਪਹਿਲਾ ਕਾਰਜ ਗੁਰਦੁਆਰਿਆਂ ਨੂੰ ਅਮੀਰ ਬਣਾਉਣਾ ਭਾਵ ਗੁਰਦੁਆਰਿਆਂ ਨਾਲ ਵੱਡੀਆਂ ਵੱਡੀਆਂ ਜਗੀਰਾਂ ਲਾਉਣ ਦਾ ਕੀਤਾ ਗਿਆ ਤਾਂ ਜੁ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਸੇਵਾ ਵਿਚ ਕਮੀ ਨ ਆ ਸਕੇ। ਸਿੱਖ ਜਰਨੈਲਾਂ ਨੂੰ ਧਾਰਮਿਕ ਸੁਧਾਰ ਦਾ ਮੌਕਾ ਨਾ ਮਿਲਿਆ ਜਿਸ ਕਾਰਨ ਮਰਯਾਦਾ ਪੱਖੋਂ ਗੁਰਦੁਆਰੇ ਅਨਮਤੀ ਪ੍ਰਭਾਵ ਹੇਠ ਹੀ ਰਹੇ। ਜਿਸ ਨੂੰ ਅੱਜ ਸੁਧਾਰ ਕਰਨਾ ਬਹੁਤ ਕਠਨ ਲਗ ਰਿਹਾ ਹੈ।

**ਪੁੱਤਰ :** ਪਰ ਪਿਤਾ ਜੀ ਮੈਂ ਤਾਂ ਸੁਣਿਆ ਹੈ ਦੀਵਾਲੀ 'ਤੇ ਸਿੱਖ ਇਕੱਠੇ ਹੁੰਦੇ ਸਨ?

**ਪਿਤਾ :** ਸਹੀ ਸੁਣਿਆ ਹੈ ਪੁੱਤਰ, ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਦੋ ਇਕੱਠ ਸਾਲ ਵਿਚ ਵਿਸਾਖੀ ਅਤੇ ਦੀਵਾਲੀ 'ਤੇ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਜਿਸਦਾ ਮਨੋਰਥ ਸਿੱਖਾਂ ਨੂੰ ਧਾਰਮਿਕ ਜਾਗ੍ਰਿਤੀ ਦੇਣੀ ਅਤੇ ਪ੍ਰਚਾਰ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਹੁੰਦਾ ਸੀ। ਅਠਾਰ੍ਹਵੀਂ ਸਦੀ ਤੱਕ ਖ਼ਾਲਸੇ ਨੇ ਇਹ ਸਿਲਸਿਲਾ ਜਾਰੀ ਰੱਖਿਆ।

ਦੀਵਾਲੀ ਦੇ ਹੀ ਇਕੱਠ 'ਤੇ ਸਰਕਾਰ ਨੇ ਉਸ ਸਮੇਂ ਰੋਕ ਲਗਾ ਦਿੱਤੀ ਅਤੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰਨ ਦਾ ਕਾਰਨ ਵੀ ਦੀਵਾਲੀ ਹੀ ਸੀ।

ਸੋ ਤੁਸੀਂ ਆਪ ਸੋਚੋ ਕਿ ਜਿਸ ਦੀਵਾਲੀ ਕਾਰਨ ਹੀ ਬਜ਼ੁਰਗ ਜਰਨੈਲ ਨੂੰ ਸ਼ਹੀਦ ਕੀਤਾ ਗਿਆ ਹੋਵੇ। ਉਸ ਦਿਨ ਕੀ ਖ਼ਾਲਸਾ ਦੀਵੇ ਜਗਾ ਕੇ ਪਟਾਕੇ ਛੱਡੇਗਾ? ਕਦਾਚਿਤ ਇਹ ਤਰੀਕਾ ਗ਼ਲਤ ਹੈ ਅਤੇ ਸਾਨੂੰ ਸਹੀ ਇਤਿਹਾਸ ਪ੍ਰਚਾਰਨਾ ਚਾਹੀਦਾ ਹੈ ਜੋ ਗੁਰਬਾਣੀ ਤੇ ਗੁਰਮਤ ਦੇ ਆਸ਼ੇ ਅਨੁਕੂਲ ਹੋਵੇ।

**ਪੁੱਤਰ :** ਪਿਤਾ ਜੀ, ਸਾਨੂੰ ਆਪਣੇ ਇਤਿਹਾਸ ਨਾਲ ਜੁੜਨਾ ਚਾਹੀਦਾ ਹੈ ਅਤੇ ਹੋਰਾਂ ਦੀ ਦੇਖਾ ਦੇਖੀ ਅਨਮਤੀ ਤਿਉਹਾਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਮੈਂ ਪ੍ਰਣ ਕਰਦਾ ਹਾਂ ਅੱਜ ਤੋਂ ਬਾਅਦ ਦੀਵਾਲੀ 'ਤੇ ਕਦੀ ਪਟਾਕੇ ਜਾਂ ਦੀਵੇ ਨਹੀਂ ਮੰਗਾਂਗਾ ਨਾ ਹੀ ਇਹ ਤਿਉਹਾਰ ਮਨਾਵਾਂਗਾ।

• • •



Sri Satguru Jagjit Singh Ji eLibrary NamdhariElibrary@gmail.com

# ਸ. ਸ਼ਾਮ ਸਿੰਘ ਅਟਾਰੀ

ਸ. ਜਗਦੀਪ ਸਿੰਘ*

*"ਕੋਈ ਦੂਰ ਦੀ ਗੱਲ ਨਹੀਂ ਦੇਸ਼ ਅੰਦਰ,*
*ਕਦੇ ਅਸੀਂ ਵੀ ਹੁੰਦੇ ਸਾਂ ਸ਼ਾਨ ਵਾਲੇ"*

ਮਹਾਨ ਨੀਤੀਵਾਨ ਇਤਿਹਾਸਕਾਰ ਵਿਨਸਟਨ ਚਰਚਿਲ ਆਪਣੀ ਕਿਤਾਬ 'ਹਿਸਟਰੀ ਆਫ ਦੀ ਇੰਗਲਿਸ਼ ਸਪੀਕਿੰਗ ਪੀਪਲਜ਼' ਵਿਚ ਇਕ ਥਾਂ ਲਿਖਦਾ ਹੈ, "ਅੰਗਰੇਜ਼ਾਂ ਨੇ ਪੰਜਾਬ ਵਿਚ ਰੀਜੈਂਸੀ ਸਥਾਪਿਤ ਕਰ ਦਿੱਤੀ। ਤਿੰਨ ਸਾਲ ਮਗਰੋਂ ਸਿੱਖਾਂ ਨੇ ਰੀਜੈਂਸੀ ਨੂੰ ਖਤਮ ਕਰਨ ਦਾ ਯਤਨ ਕੀਤਾ। ਸੂਬੇ ਦੇ ਧੁਰ ਅੰਦਰ ਜਾ ਕੇ ਉਨ੍ਹਾਂ ਨਾਲ ਚਿਲਿਆਂ ਵਾਲਾ (ਚੇਲਿਆਂ ਵਾਲਾ) ਦੇ ਸਥਾਨ 'ਤੇ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿਚ ਤਿੰਨ ਅੰਗਰੇਜ਼ੀ ਪਲਟਨਾਂ ਆਪਣੇ ਝੰਡੇ ਗਵਾ ਬੈਠੀਆਂ ਪਰ ਮਗਰੋਂ ਅੰਗਰੇਜ਼ਾਂ ਨੇ ਲੜਾਈ ਵਿਚ ਆਪਣੀ ਪ੍ਰਸਿੱਧੀ ਮੁੜ ਸਥਾਪਿਤ ਕਰ ਲਈ ਤੇ ਸਿੱਖ ਫ਼ੌਜ ਨੂੰ ਤਬਾਹ ਕਰ ਦਿੱਤਾ"।

ਸਿੱਖ ਸਿਪਾਹੀਆਂ ਦੇ ਸੁਭਾਅ ਬਾਰੇ ਕਨਿੰਘਮ ਲਿਖਦਾ ਹੈ, "ਹਰ ਸਿੱਖ ਇਸ ਕਾਰਜ ਨੂੰ ਆਪਣਾ ਸਮਝਦਾ ਸੀ। ਉਹ ਮਜ਼ਦੂਰ ਦਾ ਕੰਮ ਵੀ ਕਰਦਾ ਸੀ ਅਤੇ ਬੰਦੂਕ ਵੀ ਧਾਰਨ ਕਰਦਾ ਸੀ। ਉਹ ਤੋਪਾਂ ਖਿੱਚਦਾ, ਬੈਲ ਹੱਕਦਾ ਅਤੇ ਚਾਂਈਂ-ਚਾਂਈਂ ਬੇੜੀਆਂ 'ਤੇ ਮਾਲ ਲੱਦਦਾ ਤੇ ਲਾਹੁੰਦਾ ਸੀ। ਇਸ ਦੇ ਮੁਕਾਬਲੇ 'ਤੇ ਅੰਗਰੇਜ਼ ਫ਼ੌਜ ਦੇ ਹਿੰਦੁਸਤਾਨੀ ਸਿਪਾਹੀ ਕੇਵਲ ਪੈਸੇ ਲਈ ਲੜ ਰਹੇ ਸਨ।"

ਕਿਉਂਕਿ ਗ਼ਦਾਰਾਂ ਤੇ ਚਾਪਲੂਸਾਂ ਦਾ 'ਸਰਕਾਰ-ਏ-ਖ਼ਾਲਸਾ' ਵਿਚ ਬੋਲ-ਬਾਲਾ ਹੋ ਚੁੱਕਾ ਸੀ, ਇਸ ਲਈ ਸਰਦਾਰ ਸ਼ਾਮ ਸਿੰਘ ਵਰਗਾ ਜਾਂਬਾਜ਼ ਜਰਨੈਲ ਨਾ ਚਾਹੁੰਦੇ ਹੋਏ ਵੀ ਆਪਣੇ ਘਰ ਅਟਾਰੀ ਵਿਖੇ ਬੈਠਾ ਸੀ। ਅੰਗਰੇਜ਼-ਸਿੱਖ ਲੜਾਈਆਂ ਸ਼ੁਰੂ ਹੋ ਚੁੱਕੀਆਂ ਸਨ, ਜਾਂ ਕਹਿ ਲਉ ਗ਼ਦਾਰੀਆਂ ਅਤੇ ਸ਼ਹਾਦਤਾਂ ਦੀ ਰੁੱਤ ਆ ਗਈ ਸੀ। ਰੱਜ ਕੇ ਗ਼ਦਾਰੀਆਂ ਹੋਈਆਂ ਪਰ ਕਿਸੇ ਵੀ ਲੜਾਈ ਵਿਚ ਸਿੱਖ ਫ਼ੌਜਾਂ ਡੋਲੀਆਂ ਨਹੀਂ, ਸਗੋਂ ਅੱਗੇ ਵਧ-ਵਧ ਕੇ ਸ਼ਹੀਦੀਆਂ ਪਾਈਆਂ।

ਸਿੱਖ ਫ਼ੌਜ ਨਾਲ ਸਤਲੁਜ ਪਾਰ ਕਰਨ ਉਪਰੰਤ ਲਾਲ ਸਿਹੁੰ ਨੇ ਕਪਤਾਨ ਨਿਕਲਸਨ ਨੂੰ ਲਿਖਿਆ, "ਮੈਂ ਸਿੱਖ ਫ਼ੌਜ ਸਮੇਤ ਦਰਿਆ ਪਾਰ ਕਰ ਲਿਆ ਹੈ। ਤੁਹਾਨੂੰ ਮੇਰੀ ਅੰਗਰੇਜ਼ ਦੋਸਤੀ ਦਾ ਪਤਾ ਹੀ ਹੈ। ਹੁਕਮ ਕਰੋ, ਹੁਣ ਮੈਂ ਕੀ ਕਰਾਂ?"

ਨਿਕਲਸਨ ਨੇ ਜਵਾਬ ਦਿੱਤਾ, "ਜੇ ਤੁਸੀਂ ਅੰਗਰੇਜ਼ਾਂ ਦੇ ਮਿੱਤਰ ਹੋ ਤਾਂ ਫਿਰੋਜ਼ਪੁਰ ਉੱਤੇ ਹਮਲਾ ਨਾ ਕਰੋ। ਜਿੰਨੀ ਦੇਰ ਹੋ ਸਕਦੀ ਹੈ ਕਰੋ, ਤੇ ਆਪਣੀ ਫ਼ੌਜ ਨੂੰ ਗਵਰਨਰ ਜਨਰਲ ਦੇ ਸਾਹਮਣੇ ਲੈ ਜਾਓ।"

ਲੁਡਲੋ ਇਸ ਬਾਰੇ ਕਹਿੰਦਾ ਹੈ, "ਜੇ ਉਹ ਉਸ ਸਮੇਂ ਹਮਲਾ ਕਰ ਦਿੰਦੇ ਤਾਂ ਫਿਰੋਜ਼ਪੁਰ ਵਿਖੇ ਸਾਡੀ 8000 ਫ਼ੌਜ ਬਿਲਕੁਲ ਨਸ਼ਟ ਹੋ ਜਾਂਦੀ ਅਤੇ ਜੇਤੂ 69000 ਫ਼ੌਜ ਸਰ ਹੈਨਰੀ ਹਾਰਡਿੰਗ ਉੱਤੇ ਟੁੱਟ ਪੈਂਦੀ ਜਿਸ ਕੋਲ ਉਸ ਸਮੇਂ ਕੇਵਲ 8000 ਨਫ਼ਰੀ ਦੀ ਫ਼ੌਜ ਸੀ। ਉਸ ਸਮੇਂ ਸਾਡੀ ਤਿਆਰੀ ਨਾਂਹ ਦੇ ਬਰਾਬਰ ਸੀ।"

ਮੁਦਕੀ ਦੀ ਰੇਤਲੀ ਧਰਤੀ ਨੂੰ ਬਹਾਦਰਾਂ ਦੇ ਲਹੂ ਨਾਲ ਸਿੰਜਣ ਵਾਸਤੇ 18 ਦਸੰਬਰ 1845 ਦਾ ਦਿਨ ਆ ਗਿਆ। ਇਕ ਪਾਸਿਓਂ ਅੰਗਰੇਜ਼ਾਂ ਦਾ ਯੂਨੀਅਨ-ਜੈਕ ਅਤੇ ਦੂਜੇ ਪਾਸਿਓਂ ਸਿੱਖ ਫ਼ੌਜਾਂ ਦਾ ਕੇਸਰੀ ਨਿਸ਼ਾਨ ਸਾਹਿਬ ਮੈਦਾਨ ਵਿਚ ਲਹਿਰਾਏ। ਅੰਗਰੇਜ਼ੀ ਫ਼ੌਜ ਨੇ ਉਸੇ ਜੋਸ਼ ਨਾਲ ਹਮਲਾ ਕੀਤਾ ਜਿਸ ਨਾਲ ਉਨ੍ਹਾਂ ਨੇ ਹਿੰਦੁਸਤਾਨ ਦੇ ਕਈ ਰਜਵਾੜੇ ਫ਼ਤਹਿ ਕੀਤੇ ਸਨ, ਪਰ ਛੇਤੀ ਹੀ ਪਤਾ ਲੱਗ ਗਿਆ ਕਿ ਐਤਕੀਂ ਬਰਾਬਰ ਦੇ ਬਹਾਦਰਾਂ ਨਾਲ ਵਾਹ ਪਿਆ ਹੈ। ਖ਼ਾਲਸਾ ਫ਼ੌਜ ਨੇ ਹੱਲੇ ਦਾ ਜਵਾਬ ਹੱਲੇ ਵਿਚ ਦਿੱਤਾ, ਅੰਗਰੇਜ਼ੀ ਫ਼ੌਜ ਲੋਹੇ ਦੀ ਕੰਧ ਨਾਲ ਟਕਰਾ ਕੇ ਪਿੱਛੇ ਹਟ ਰਹੀ ਸੀ। ਭੁੱਖੇ ਸ਼ੀਹਾਂ ਦੇ ਵਾਰ ਅੱਗੇ ਗਿੱਦੜ ਖੜ੍ਹ ਨਾ ਸਕੇ ਤੇ ਅੰਗਰੇਜ਼ੀ ਫ਼ੌਜ ਦਾ ਇਕ ਹਿੱਸਾ ਨੱਸ ਕੇ ਆਪਣੀ ਬ੍ਰਿਗੇਡ ਦੇ ਪਿਛਲੇ ਪਾਸੇ ਜਾ ਲੁਕਿਆ। ਲਾਲ ਸਿਹੁੰ ਨੂੰ ਕਦੇ ਪ੍ਰਵਾਨ ਨਹੀਂ ਸੀ ਕਿ ਸਿੱਖ ਜਿੱਤ ਜਾਣ ਸੋ ਉਹ ਆਪਣੀ 4000 ਡੋਗਰਾ ਫ਼ੌਜ ਸਣੇ ਮੈਦਾਨ ਵਿਚੋਂ ਭੱਜ ਪਿਆ। ਉਸ ਦੇ ਪਿੱਛੇ ਕਨ੍ਹੱਯਾ ਲਾਲ, ਅਜੁੱਧਿਆ ਪ੍ਰਸਾਦ ਤੇ ਅਮਰ ਨਾਥ ਆਦਿ ਵੀ ਨੱਸ ਗਏ। ਬਿਨਾਂ ਜਰਨੈਲਾਂ ਦੇ ਲੜ ਰਹੀ 6-7 ਹਜ਼ਾਰ ਖ਼ਾਲਸਾ ਫ਼ੌਜ ਨੂੰ ਦੇਖ ਕੇ ਅੰਗਰੇਜ਼ ਅਫ਼ਸਰ ਹੈਰਾਨ ਰਹਿ ਗਏ। ਅੰਗਰੇਜ਼ੀ ਫ਼ੌਜ ਆਪਣੇ ਹੋਸ਼ ਭੁਲਾ ਬੈਠੀ। ਕਈਆਂ ਨੇ ਤਾਂ ਇੱਥੋਂ ਤੱਕ ਲਿਖਿਆ ਹੈ ਕਿ ਅੰਗਰੇਜ਼ੀ ਫ਼ੌਜ ਦੇ ਕੁਝ ਬੰਦਿਆਂ ਨੇ ਘਬਰਾ ਕੇ ਆਪਸ ਵਿਚ ਗੋਲੀਆਂ ਚਲਾਉਣੀਆਂ ਅਰੰਭ ਕਰ ਦਿੱਤੀਆਂ। ਦਗ਼ੇ, ਫਰੇਬ ਤੇ ਗ਼ਦਾਰੀ ਵਾਲੇ ਹਾਲਾਤ ਵਿਚ ਮੁਦਕੀ ਦੀ ਲੜਾਈ ਹੋਈ ਜੋ ਬਹੁਤ ਥੋੜ੍ਹਾ ਸਮਾਂ ਚੱਲੀ। ਲਾਰਡ ਹਿਊ ਗਫ ਅਨੁਸਾਰ, "ਸਿੱਖ ਆਪਣਾ ਸਭ ਕੁਝ ਦਾਉ 'ਤੇ ਲਾ ਕੇ ਖੂਬ ਲੜੇ।"

21 ਦਸੰਬਰ 1845 ਨੂੰ ਆਥਣ ਵੇਲੇ ਫੇਰੂ ਸ਼ਹਿਰ ਦੀ ਲੜਾਈ ਸ਼ੁਰੂ ਹੋਈ ਜਿਸ ਬਾਰੇ ਕਨਿੰਘਮ ਨੇ ਲਿਖਿਆ ਹੈ, "ਉਹ ਭੁੱਲਣ ਵਾਲੀ ਰਾਤ ਨਹੀਂ ਸੀ, ਉਸ ਸਮੇਂ ਅੰਗਰੇਜ਼ਾਂ ਹੱਥੋਂ ਉਹ ਧਰਤੀ ਖੁੱਸਦੀ ਜਾਪਦੀ ਸੀ।" ਅੰਗਰੇਜ਼ ਸਿੱਖਾਂ ਦੇ ਮੋਰਚਿਆਂ ਤੱਕ ਪੁੱਜ ਗਏ ਪਰ ਸਿੱਖ ਜ਼ਰਾ ਨਾ ਘਬਰਾਏ ਸਗੋਂ ਵਧੇਰੇ ਜੋਸ਼ ਨਾਲ ਗੋਲੀਬਾਰੀ ਕਰਨ ਲੱਗੇ। ਹੈਰੀ ਸਮਿਥ ਦੀ ਫ਼ੌਜ ਬਿਜਲੀ ਵਾਂਗ ਗਰਜ ਕੇ ਸਿੱਖਾਂ 'ਤੇ ਜਾ ਪਈ ਤੇ 6 ਤੋਪਾਂ ਖੋਹ ਲਈਆਂ। ਨਾਲ ਹੀ ਮਾਨਾਂਵਾਲੀਆਂ ਚਾਰ ਪਲਟਨਾਂ ਖੜ੍ਹੀਆਂ ਸਨ। ਉਨ੍ਹਾਂ ਜੈਕਾਰਿਆਂ ਦੀ ਗੂੰਜ ਨਾਲ ਉਸ ਤੂਫ਼ਾਨ ਵਾਂਗ ਵਧਦੀ ਫ਼ੌਜ ਉੱਤੇ ਹੱਲਾ ਬੋਲ ਦਿੱਤਾ ਤੇ ਛੀਏ ਤੋਪਾਂ ਵਾਪਸ ਲੈ ਲਈਆਂ, ਹੁਣ ਅੰਗਰੇਜ਼ੀ ਫ਼ੌਜ ਕੋਲ ਪਿੱਛੇ ਹਟਣ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਗਿਆ ਸੀ। ਅੰਗਰੇਜ਼ ਫ਼ੌਜ ਵਿਚ ਕੁਰਲਾਹਟ ਮੱਚ ਰਿਹਾ ਸੀ। ਇਸ ਘਬਰਾਹਟ ਦੀ ਹਾਲਤ ਵਿਚ 21-22 ਦੀ ਰਾਤ ਨੂੰ ਅੰਗਰੇਜ਼ ਫੇਰੂ ਸ਼ਹਿਰ ਵਿਚ ਠਹਿਰੇ ਰਹਿਣ ਵਿਚ ਆਪਣੀ ਹਾਰ ਦੇਖ ਰਹੇ ਸਨ, ਇਸ ਲਈ ਫਿਰੋਜ਼ਪੁਰ ਵੱਲ ਪਿੱਛੇ ਹਟ ਜਾਣ ਦੀਆਂ ਸਲਾਹਾਂ ਕਰਨ ਲੱਗੇ, ਬਲਕਿ ਕਾਇਮ-ਮੁਕਾਮ ਐਡਜੂਟੈਂਟ ਜਨਰਲ ਕੈਪਟਨ ਲਮਲੀ ਨੇ ਕੁਝ ਰਿਸਾਲੇ ਨੂੰ ਹੁਕਮ ਵੀ ਦੇ


*ਫਰੀਦਕੋਟ। ਮੋਬਾ: 9815763313
Email : jagdeepsfaridkot@yahoo.com





Sri Satguru Jagjit Singh Ji eLibrary NamdhariElibrary@gmail.com

ਦਿੱਤਾ ਸੀ ਕਿ ਉਹ ਸਿੱਧਾ ਫਿਰੋਜ਼ਪੁਰ ਨੂੰ ਕੂਚ ਕਰ ਜਾਏ। ਇਹ ਹੀ ਨਹੀਂ ਬਲਕਿ ਹਥਿਆਰ ਛੱਡ ਕੇ ਆਪਣੇ ਆਪ ਨੂੰ ਬਿਨਾਂ ਸ਼ਰਤ ਸਿੱਖਾਂ ਦੇ ਹਵਾਲੇ ਕਰਨ ਦੇ ਉਪਾਉ ਵੀ ਸੋਚੇ ਜਾਣ ਲੱਗੇ ਅਤੇ ਸਰਕਾਰੀ ਕਾਗਜ਼ਾਂ ਨੂੰ ਅੱਗ ਲਾ ਕੇ ਫੂਕ ਦੇਣ ਦੀਆਂ ਵਿਉਂਤਾਂ ਵੀ ਬਣ ਗਈਆਂ ਸਨ। ਗਵਰਨਰ ਜਨਰਲ ਨੇ ਆਪਣੇ ਪੁੱਤਰ ਤੇ ਪ੍ਰਾਈਵੇਟ ਸੈਕਟਰੀ ਨੂੰ ਕੁਝ ਸਰਕਾਰੀ ਕਾਗਜ਼, ਆਪਣਾ ਸਟਾਰ ਔਫ਼ ਦੀ ਬਾਥ ਅਤੇ ਆਪਣੀ ਨੈਪੋਲੀਅਨ ਵਾਲੀ ਤਲਵਾਰ, ਜੋ ਡੀਊਕ ਔਫ਼ ਵੈਲਿੰਗਟਨ ਵਲੋਂ ਤੋਹਫਾ ਮਿਲੀ ਹੋਈ ਸੀ, ਦੇ ਕੇ ਅੰਬਾਲੇ ਵੱਲ ਚਲੇ ਜਾਣ ਦਾ ਹੁਕਮ ਦੇ ਦਿੱਤਾ ਸੀ ਅਤੇ ਕਹਿ ਦਿੱਤਾ ਸੀ ਕਿ ਜੇ ਹਾਰ ਹੋ ਜਾਵੇ ਤਾਂ ਉਹ ਸਰਕਾਰੀ ਕਾਗਜ਼ਾਂ ਨੂੰ ਅੱਗ ਲਾ ਕੇ ਫੂਕ ਦੇਵੇ ਤੇ ਸਿੱਧਾ ਦਿੱਲੀ ਨੂੰ ਚਲਾ ਜਾਵੇ। ਕਰਨਲ ਜੀ. ਬੀ. ਮੈਲੀਸਨ ਲਿਖਦਾ ਹੈ, "ਉਸ ਸਮੇਂ ਵਧੇਰੇ ਅੰਗਰੇਜ਼ੀ ਫ਼ੌਜ ਵਿਚ ਹਫੜਾ ਦਫੜੀ ਮੱਚ ਗਈ ਸੀ। ਇਕ ਕਮਾਨ ਅਫ਼ਸਰ, ਜਿਸ ਨੇ ਆਪਣੇ ਸਾਥੀਆਂ ਨੂੰ ਇਕੱਠੇ ਕਰਨ ਦਾ ਨਿਸਫਲ ਯਤਨ ਕੀਤਾ ਸੀ, ਦੇ ਮੂੰਹੋਂ 'ਭਾਰਤ ਗਿਆ' ਦੀ ਆਵਾਜ਼ ਸੁਣੀ ਗਈ। ਸਿੱਖ ਫ਼ੌਜ ਨੇ ਅੰਗਰੇਜ਼ਾਂ ਦਾ ਮੂੰਹ ਭੰਨ ਦਿੱਤਾ, ਸਮਿਥ ਨੂੰ ਪਿਛਾਂਹ ਹਟਣ 'ਤੇ ਮਜਬੂਰ ਕਰ ਦਿੱਤਾ, ਗਿਲਬਰਟ ਨੂੰ ਵੀ ਉਸ ਦੀ ਪ੍ਰਾਪਤ ਕੀਤੀ ਸਥਿਤੀ ਨੂੰ ਛੱਡਣ ਲਈ ਮਜਬੂਰ ਕਰ ਦਿੱਤਾ। ਜੇਕਰ ਉਸ ਸਮੇਂ ਕੋਈ ਸਿਆਣਾ ਆਗੂ ਫ਼ੌਜ ਨੂੰ ਯੋਗ ਹਦਾਇਤਾਂ ਦੇ ਸਕਦਾ ਤਾਂ ਥੱਕੀ ਹਾਰੀ ਅੰਗਰੇਜ਼ ਫ਼ੌਜ ਨੂੰ ਕੋਈ ਸ਼ਕਤੀ ਵੀ ਨਾ ਬਚਾ ਸਕਦੀ ਤੇ ਉਸ ਨੂੰ ਸਿਰ ਲੁਕਾਉਣ ਲਈ ਥਾਂ ਵੀ ਨਾ ਮਿਲਦੀ।" ਚਾਰਲਸ ਗਫ ਤੇ ਆਰਥਰ ਡੀ. ਇਨਸ ਲਿਖਦੇ ਹਨ, "ਕਦੇ ਕਿਸੇ ਫ਼ੌਜ ਨੇ, ਜਿਸ ਦੀ ਗਿਣਤੀ ਏਨੀ ਘੱਟ ਹੋਵੇ, ਅੰਗਰੇਜ਼ ਫ਼ੌਜ ਦਾ ਇਸ ਬਹਾਦਰੀ ਨਾਲ ਟਾਕਰਾ ਨਹੀਂ ਸੀ ਕੀਤਾ ਜਿਸ ਤਰ੍ਹਾਂ ਸਿੱਖਾਂ ਨੇ ਫੇਰੂ ਸ਼ਹਿਰ ਦੀ ਜੰਗ ਵਿਚ ਕੀਤਾ। ਭਾਵੇਂ ਅੰਗਰੇਜ਼ਾਂ ਨੂੰ ਜਿੱਤ ਪ੍ਰਾਪਤ ਹੋਈ, ਪਰ ਦਲੀਲ ਇਸ ਦੇ ਉਲਟ ਹੈ, ਜੇ ਸਿੱਖਾਂ ਨੂੰ ਇਹੋ ਜਿਹੇ ਸੈਨਾਪਤੀ ਮਿਲਦੇ, ਜਿਨ੍ਹਾਂ ਦੀ ਅਗਵਾਈ ਵਿਚ ਉਹ ਆਪਣਾ ਗੁਣ ਪ੍ਰਗਟ ਕਰ ਸਕਦੇ ਤਾਂ ਨਤੀਜਾ ਕੁਝ ਹੋਰ ਹੁੰਦਾ।"

ਭਾਵੇਂ ਰਾਤ ਨੂੰ ਹਾਲਾਤ ਸਿੱਖ ਫ਼ੌਜਾਂ ਦੇ ਪੱਖ ਵਿਚ ਸਨ ਪਰ 22 ਦਸੰਬਰ ਦੀ ਸਵੇਰ ਨੂੰ ਹਾਲਾਤ ਬਦਲ ਗਏ। ਲਾਲ ਸਿਹੁੰ ਰਾਤ ਨੂੰ ਆਪਣੇ ਘੋੜ-ਸਵਾਰਾਂ ਤੇ ਤੋਪਖਾਨੇ ਦੇ 60 ਤੋਪਚੀਆਂ ਨੂੰ ਨਾਲ ਲੈ ਕੇ ਭੱਜ ਗਿਆ ਸੀ। (ਕਰਨਲ ਮੂਤੇ ਦੀ ਰਿਪੋਰਟ) ਤੇਜ ਸਿਹੁੰ ਨੂੰ ਸਿੱਖ ਫ਼ੌਜਾਂ ਨੇ ਅੰਗਰੇਜ਼ਾਂ 'ਤੇ ਹੱਲਾ ਕਰਨ ਲਈ ਕਿਹਾ ਪਰ ਉਹ ਵੀ ਬਿਨਾਂ ਕੋਈ ਹੁਕਮ ਦਿੱਤੇ ਲੜਾਈ ਦੇ ਮੈਦਾਨ ਵਿਚੋਂ ਅੰਨ੍ਹੇਵਾਹ ਭੱਜ ਗਿਆ। ਇਹ ਉਹ ਵੇਲਾ ਸੀ ਜਦੋਂ ਅੰਗਰੇਜ਼ਾਂ ਦੇ ਤੋਪਖਾਨੇ ਦਾ ਬਾਰੂਦ ਮੁੱਕ ਚੁੱਕਾ ਸੀ ਅਤੇ ਉਨ੍ਹਾਂ ਦੀ ਫ਼ੌਜ ਦਾ ਇਕ ਹਿੱਸਾ ਮੁੜ ਕੇ ਫਿਰੋਜ਼ਪੁਰ ਨੂੰ ਹਟਿਆ ਜਾ ਰਿਹਾ ਸੀ। ਇਸ ਵੇਲੇ ਜ਼ਰਾ ਕੁ ਹਿੰਮਤ ਨਾਲ ਅੱਗੇ ਨੂੰ ਦੱਬ ਚਾੜ੍ਹੀ ਜਾਂਦੀ ਤਾਂ ਅੰਗਰੇਜ਼ਾਂ ਦਾ ਕੋਈ ਵੀ ਯਤਨ ਉਨ੍ਹਾਂ ਦੀ ਬਾਕੀ ਫ਼ੌਜ ਨੂੰ ਬਚਾ ਨਹੀਂ ਸੀ ਸਕਦਾ। (ਕਨਿੰਘਮ)

ਵਿਲੀਅਮ ਐਡਵਰਡਜ਼ ਲਿਖਦਾ ਹੈ, "ਜੇ ਸਿੱਖ ਅਗਾਂਹ ਨੂੰ ਵਧ ਆਉਂਦੇ ਤਾਂ ਇਸ ਦਾ ਨਤੀਜਾ ਸਾਡੀ ਤਬਾਹੀ ਸੀ, ਕਿਉਂਕਿ ਯੂਰਪੀਅਨ ਰੈਜਮੈਂਟਾਂ ਦੀ ਨਫਰੀ ਬਹੁਤ ਘੱਟ ਰਹਿ ਗਈ ਸੀ ਅਤੇ ਸਾਡੇ ਤੋਪਖਾਨੇ ਤੇ ਛੋਟੇ ਹਥਿਆਰਾਂ ਦਾ ਬਾਰੂਦ ਲਗਭਗ ਖਤਮ ਹੋ ਚੁੱਕਾ ਸੀ।"

*'ਲਾਲੂ ਦੀ ਲਾਲੀ ਗਈ ਤੇਜੂ ਦਾ ਗਿਆ ਤੇਜ।*
*ਰਣ ਵਿਚ ਪਿਠ ਦਿਖਾਇ ਕੇ ਮੋਢਾ ਆਏ ਫੇਰ।'*

**ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਸੱਦਾ:** ਫੇਰੂ ਸ਼ਹਿਰ ਦੀ ਲੜਾਈ ਵਿਚ ਲਾਲੂ ਤੇ ਤੇਜੂ ਦੇ ਭੱਜ ਜਾਣ ਦੀ ਖਬਰ ਮਹਾਰਾਣੀ ਜਿੰਦ ਕੌਰ ਨੂੰ ਪਹੁੰਚੀ। ਉਸ ਵੇਲੇ ਉਸ ਦੀ ਸੁਰਤ ਸਿੱਧੀ ਅਟਾਰੀ ਨੂੰ ਗਈ ਤੇ ਉਸ ਨੇ 10 ਸਵਾਰ ਸਰਦਾਰ ਵੱਲ ਭੇਜੇ ਤੇ ਜੰਗ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਢਾਡੀ ਸੋਹਣ ਸਿੰਘ ਸੀਤਲ ਨੇ ਇਸ ਦ੍ਰਿਸ਼ ਨੂੰ ਇੰਵ ਬਿਆਨ ਕੀਤਾ ਹੈ :

*"ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,*
*ਬੈਠ ਰਿਹੋਂ ਕੀ ਚਿੱਤ ਵਿਚ ਧਾਰ ਸਿੰਘਾ?*
*ਦੋਵੇਂ ਜੰਗ ਮੁੱਦਕੀ ਫੇਰੂ ਸ਼ਹਿਰ ਵਾਲੇ,*
*ਸਿੰਘ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾ!*
*ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦਿੰਦਾ,*
*ਜਿਉਂਦੀ ਹੁੰਦੀ ਜੇ ਅੱਜ ਸਰਕਾਰ ਸਿੰਘਾ?*
*ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋਈ,*
*ਐਪਰ ਆਪਣੇ ਹੋ ਗਏ ਗ਼ੱਦਾਰ ਸਿੰਘਾ!*
*ਹੁਣ ਵੀ ਚਮਕੀ ਨਾ ਜੇ ਸਿੰਘਾ 'ਤੇਗ' ਤੇਰੀ,*
*ਤਾਂ ਫਿਰ ਸਾਰੇ ਨਿਸ਼ਾਨ ਮਿਟਾਏ ਜਾਸਨ।*
*ਤੇਰੇ ਲਾਡਲੇ ਕੌਰ ਦੀ ਹਿੱਕ ਉੱਤੇ*
*ਕੱਲ੍ਹ ਨੂੰ ਗ਼ੈਰਾਂ ਦੇ ਝੰਡੇ ਝੁਲਾਏ ਜਾਸਨ।*
*ਪੁੱਟ ਸ਼ੇਰੇ-ਪੰਜਾਬ ਦੀ ਮੜ੍ਹੀ ਤਾਈਂ,*
*ਉਹਦੇ ਪੈਰਾਂ ਵਿਚ ਫੁੱਲ ਰੁਲਾਏ ਜਾਸਨ।*
*ਬਦਲੀ ਜਿਨ੍ਹੇ ਤਕਦੀਰ ਪੰਜਾਬ ਦੀ ਸੀ,*
*ਉਹਦੀ ਆਤਮਾ ਨੂੰ ਤੀਰ ਲਾਏ ਜਾਸਨ।*
*ਅਜੇ ਸਮਾਂ ਈ ਵਕਤ ਸੰਭਾਲ ਸਿੰਘਾ,*
*ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ!*
*ਲਹਿੰਦੀ ਦਿੱਸੇ 'ਰਣਜੀਤ' ਦੀ ਪੱਗ ਮੈਨੂੰ,*
*ਮੋਏ ਮਿੱਤਰ ਦੀ ਯੋਧਿਆ ਆਨ ਰੱਖ ਲੈ!"*

ਸਰਦਾਰ ਭਾਵੇਂ ਗ਼ੱਦਾਰ ਪੂਰਬੀਏ ਅਫਸਰ ਦੀ ਕਮਾਨ ਹੇਠਾਂ ਸਿੱਖਾਂ ਨੂੰ ਤਬਾਹ ਕਰਨ ਦੀ ਬਦਨੀਯਤ ਨਾਲ ਲੜੀ ਜਾ ਰਹੀ ਲੜਾਈ ਦੇ ਵਿਰੁੱਧ ਸੀ, ਪਰ ਇਸ ਖਿਆਲ ਨਾਲ ਕਿ ਸ਼ਾਇਦ ਉਹ ਕਮ-ਦਿਲੀ ਦੇ ਕਾਰਨ ਮੌਤ ਦੇ ਡਰ ਤੋਂ ਪਿੱਛੇ ਹਟਿਆ ਹੋਇਆ ਹੈ ਤਾਂ ਉਸ ਨੇ ਜੰਗ ਵਿਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ ਤੇ ਨਾਲ ਹੀ ਸਹੁੰ ਖਾ ਲਈ ਕਿ ਲੜਾਈ ਹਾਰੀ ਜਾਣ ਦੀ ਸੂਰਤ ਵਿਚ ਉਹ ਜਿਉਂਦਾ ਨਹੀਂ ਮੁੜੇਗਾ। ਸੀਤਲ ਜੀ ਲਿਖਦੇ ਨੇ :

*"ਮਰਦੀ ਕੌਮ ਵਿਚ ਜ਼ਿੰਦਗੀ ਭਰਨ ਖਾਤਰ,*
*ਮੈਂ ਹੁਣ ਦੇਸ਼ ਤੋਂ ਹੋਣ ਕੁਰਬਾਨ ਚੱਲਿਆਂ।*
*ਜਿਹੜੇ ਕੌਮੀ-ਗ਼ੱਦਾਰਾਂ ਨੇ ਦਾਗ਼ ਲਾਏ,*
*ਧੋ ਕੇ ਖ਼ੂਨ ਦੇ ਨਾਲ ਮਿਟਾਣ ਚੱਲਿਆਂ।*
*ਜਿਹੜੇ ਦੇਸ਼-ਧਰੋਹੀਆਂ ਨੇ ਲਾਏ ਲਾਂਬੂ,*
*ਛੱਟੇ ਰੱਤ ਦੇ ਮਾਰ ਬੁਝਾਣ ਚੱਲਿਆਂ।*
*ਪਿੱਛੋਂ ਹੋਊ, ਸੋ ਵੇਖੇਗਾ ਜੱਗ ਸਾਰਾ,*
*ਮੈਂ ਤਾਂ ਆਪਣੀ ਤੋੜ ਨਿਭਾਣ ਚੱਲਿਆਂ।*
*ਨਾ ਮੈਂ ਹੋਵਾਂਗਾ, ਨਾ ਇਹ ਪੰਜਾਬ ਹੋਸੀ,*
*ਐਪਰ ਦਿਲ ਵਿਚ ਦੋਹਾਂ ਦੀ ਯਾਦ ਰਹਿਸੀ।*
*'ਸੀਤਲ' ਸੂਰਜ ਕੁਰਬਾਨੀ ਦਾ ਚਮਕਦਾ ਰਹੂ,*
*ਜਦੋਂ ਤੀਕ ਇਹ ਦੇਸ਼ ਆਬਾਦ ਰਹਿਸੀ।"*

**9-10 ਫਰਵਰੀ 1846 ਸਭਰਾਵਾਂ**

ਗ੍ਰਿਫ਼ਿਨ ਲਿਖਦਾ ਹੈ ਕਿ ਆਖਿਆ ਜਾਂਦਾ ਹੈ ਕਿ ਸਭਰਾਵਾਂ ਦੀ ਲੜਾਈ ਤੋਂ ਪਹਿਲੀ ਰਾਤ ਨੂੰ ਤੇਜ ਸਿਹੁੰ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਵੀ ਆਪਣੀ ਗ਼ੱਦਾਰਾਨਾ ਸਾਜ਼ਿਸ਼ ਵਿਚ ਸ਼ਾਮਿਲ ਕਰਨ ਦਾ ਨਿਸਫਲ ਯਤਨ ਕੀਤਾ ਤੇ ਉਨ੍ਹਾਂ ਨੂੰ ਆਖਿਆ ਕਿ ਉਹ ਵੀ ਅੰਗਰੇਜ਼ਾਂ ਦੇ ਪਹਿਲੇ ਹੱਲੇ ਵੇਲੇ ਉਸ ਦੇ ਨਾਲ ਹੀ ਨਿਕਲ ਚੱਲਣ, ਪਰ ਸਰਦਾਰ ਸ਼ਾਮ ਸਿੰਘ ਅਟਾਰੀ ਇਕ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੀ। ਉਹ ਇਨ੍ਹਾਂ ਭਾੜੇ ਦੇ ਟੱਟੂ ਨਮਕ-ਹਰਾਮੀਆਂ ਵਿਚੋਂ ਨਹੀਂ ਸੀ। ਉਹ ਉਸ ਆਪਾ-ਵਾਰੂ ਸਰਦਾਰ ਨਿਹਾਲ ਸਿੰਘ ਦਾ ਅਣਖੀਲਾ ਸਪੁੱਤਰ ਸੀ ਜਿਸ ਨੇ ਕਿ



Sri Satguru Jagjit Singh Ji eLibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਸਰੀਰਕ ਕਸ਼ਟ ਨੂੰ ਨਿਵਾਰਨ ਲਈ ਹਸੂੰ-ਹਸੂੰ ਕਰਦੇ-ਆਪਣੀ ਜਾਨ ਵਾਰ ਦਿੱਤੀ ਸੀ। ਸਰਦਾਰ ਨੂੰ ਸਿੰਘਾਂ ਦੀ ਹਾਰ ਵਿਚ ਆਪਣੇ ਵਤਨ ਦੀ ਆਜ਼ਾਦੀ ਖੁੱਸਦੀ ਨਜ਼ਰ ਆ ਰਹੀ ਸੀ। ਤੇਜ ਸਿਹੁੰ ਨੇ ਗੁੱਸੇ ਵਿਚ ਆਖਿਆ, "ਜੇ ਤੂੰ ਐਡਾ ਹੀ ਬਹਾਦਰ ਹੈਂ ਤਾਂ ਇਕ ਵਾਰੀ ਖਾਹ ਤਾਂ ਸਹੁੰ, ਕਿਉਂਕਿ ਮੈਂ ਸਮਝਦਾ ਹਾਂ ਕਿ ਅੰਤ ਨੂੰ ਤੂੰ ਮੇਰੇ ਨਾਲ ਆ ਰਲਣਾ ਹੈ।" ਸਰਦਾਰ ਉਸੇ ਵੇਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤੇ ਗੁਰੂ ਨੂੰ ਹਾਜ਼ਰ-ਨਾਜ਼ਰ ਕਰ ਕੇ ਬਚਨ ਕੀਤਾ ਕਿ ਸਿੰਘਾਂ ਨੂੰ ਹਾਰ ਹੋ ਗਈ ਤਾਂ ਮੈਂ ਮੈਦਾਨ ਵਿਚੋਂ ਜਿਉਂਦਾ ਨਹੀਂ ਨਿਕਲਾਂਗਾ।

10 ਫਰਵਰੀ ਨੂੰ ਸਵੇਰੇ ਹੀ ਅੰਗਰੇਜ਼ਾਂ ਨੇ ਹੱਲਾ ਕਰ ਦਿੱਤਾ ਅਤੇ ਸਿੰਘ ਵੀ ਅੱਗੋਂ ਤਿਆਰ ਹੋ ਗਏ। ਸਵੇਰੇ ਹੀ ਸਰਦਾਰ ਸ਼ਾਮ ਸਿੰਘ ਨੇ ਚਿੱਟਾ ਬਾਣਾ ਸਜਾ ਲਿਆ ਅਤੇ ਆਪਣੀ ਖ਼ਾਸ ਸਵਾਰੀ ਚੀਨੀ ਘੋੜੀ 'ਤੇ ਸਵਾਰ ਹੋ ਕੇ ਨਿਕਲ ਪਏ। ਇਸ ਬਾਰੇ ਕਵੀ ਮਟਕ ਲਿਖਦਾ ਹੈ :

*"ਪਹਿਲੀ ਰਾਤ ਸਮੇਂ ਇਸ਼ਨਾਨ ਸ਼ਾਮ ਸਿੰਘ*
*ਵਿਚ ਨਦੀ ਦੇ ਕਰਿਆ, ਜਪੁ ਜੀ ਪੜ੍ਹਿਆ।*
*ਨਿਮਸਕਾਰ ਕਰਿ ਸ਼ਸਤਰ ਪਹਿਰੇ*
*ਤੋੜਾ ਬੰਦੂਕੀ ਜੜਿਆ, ਜ਼ਰਾ ਨਾ ਡਰਿਆ।*
*ਕਹਿਤ ਮਟਕ ਅਬ ਜੁਧ ਧਰਮ ਕਾ,*
*ਸ਼ਿਆਮ ਸਿੰਘ ਰਣ ਚੜ੍ਹਿਆ, ਖੰਡਾ ਫੜਿਆ।*

ਲੜਾਈ ਸ਼ੁਰੂ ਹੋ ਜਾਣ ਤੋਂ ਪਹਿਲਾਂ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਸਿਪਾਹੀਆਂ ਨੂੰ ਵਿਆਖਿਆਨ ਦਿੱਤਾ ਤੇ ਸਮਝਾਇਆ ਕਿ ਅੱਜ ਤੁਹਾਡੀ ਕੌਮੀ ਅਣਖ ਦੀ ਪਰਖ ਦਾ ਸਮਾਂ ਆ ਗਿਆ ਹੈ, ਜੇ ਤੁਸੀਂ ਖ਼ਾਲਸੇ ਦੇ ਸੱਚੇ ਸਪੁੱਤਰ ਹੋ ਤਾਂ ਆਪਣੇ ਸਿੰਘ ਨਾਮ ਤੇ ਦਾਹੜੀਆਂ ਨੂੰ ਲਾਜ ਨਾ ਲੱਗਣ ਦੇਣੀ, ਪੁਰਜ਼ਾ-ਪੁਰਜ਼ਾ ਹੋ ਕੇ ਕੱਟ ਮਰਨਾ ਅਤੇ ਦੇਸ਼ ਪੰਜਾਬ ਦੀ ਆਜ਼ਾਦੀ ਲਈ ਆਪਣੀਆਂ ਜਿੰਦਾਂ ਕੁਰਬਾਨ ਕਰ ਦੇਣੀਆਂ ਪਰ ਜੰਗ ਵਿਚ ਵੈਰੀ ਨੂੰ ਪਿੱਠ ਨਾ ਵਿਖਾਉਣਾ।

ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਅੱਗ ਵਿਖਾਈ। ਅੱਗੋਂ ਸਿੱਖਾਂ ਨੇ ਵੀ ਗੋਲੇ ਦਾਗੇ। ਪਿਛਲੀਆਂ ਲੜਾਈਆਂ ਵਿਚ ਅੰਗਰੇਜ਼ ਸਿੱਖਾਂ ਦੇ ਹੱਥ ਵੇਖ ਚੁੱਕੇ ਸਨ। ਡਰ ਉਨ੍ਹਾਂ ਦੇ ਦਿਲ ਵਿਚ ਬੈਠਾ ਹੋਇਆ ਸੀ। ਅੰਗਰੇਜ਼ਾਂ ਨੇ ਨਵੀਆਂ ਪਲਟਨਾਂ ਸਿੱਖਾਂ 'ਤੇ ਹਮਲਾ ਕਰਨ ਵਾਸਤੇ ਰਾਬਰਟ ਡਿੱਕ ਦੀ ਅਗਵਾਈ ਵਿਚ ਲਾਲ ਸਿਹੁੰ ਦੇ ਦੱਸੇ ਮੁਤਾਬਿਕ ਦੱਖਣੀ ਹਿੱਸੇ ਵੱਲ ਭੇਜੀਆਂ। ਪਰ ਰਾਬਰਟ ਡਿੱਕ ਨੂੰ ਜ਼ਖਮੀ ਹੋ ਕੇ ਪਿੱਛੇ ਮੁੜਨਾ ਪਿਆ। ਅਚਾਨਕ ਲਾਲ ਸਿਹੁੰ ਆਪਣੀ ਫ਼ੌਜ ਸਮੇਤ ਬਿਨਾਂ ਕੋਈ ਕਾਰਨ ਦੱਸੇ ਨੱਸ ਪਿਆ, ਥੋੜ੍ਹੀ ਦੇਰ ਪਿੱਛੋਂ ਤੇਜ ਸਿਹੁੰ ਵੀ ਆਪਣੀ 6000 ਫ਼ੌਜ ਸਮੇਤ ਭੱਜ ਗਿਆ ਤੇ ਨਾਲ ਹੀ ਬਾਰੂਦ ਭਰੀਆਂ ਬੇੜੀਆਂ ਦਰਿਆ ਵਿਚ ਡੋਬ ਗਿਆ। ਪੁਲ ਵੀ ਤੋੜ ਦਿੱਤਾ ਗਿਆ। ਹੁਣ ਫ਼ੌਜ ਫਿਰ ਜਰਨੈਲਾਂ ਤੋਂ ਸੱਖਣੀ ਸੀ। ਤੋਪਚੀਆਂ ਵਲੋਂ ਰੌਲਾ ਪਾਇਆ ਗਿਆ ਕਿ ਨਵੀਆਂ ਪੇਟੀਆਂ ਵਿਚੋਂ ਬਾਰੂਦ ਦੀ ਥਾਂ ਰੇਤ ਤੇ ਸਰ੍ਹੋਂ ਨਿਕਲਦੀ ਹੈ। ਹੌਲੀ-ਹੌਲੀ ਸਿੱਖ ਖਿਲਰਨ ਲੱਗ ਪਏ। ਐਨ ਇਸੇ ਵੇਲੇ ਚਿੱਟੇ ਨੂਰਾਨੀ ਦਾਹੜੇ ਤੇ ਚਿੱਟੇ ਬਾਣੇ ਵਿਚ ਸਜਿਆ ਸਰਦਾਰ ਸ਼ਾਮ ਸਿੰਘ ਅਟਾਰੀ ਮੈਦਾਨ ਵਿਚ ਪਹੁੰਚ ਗਿਆ। ਉਸ ਨੇ ਵੇਖਿਆ ਕਿ ਹੁਣ ਸ਼ਹੀਦੀਆਂ ਪਾਉਣ ਦਾ ਵੇਲਾ ਆ ਗਿਆ ਹੈ। ਉਸ ਨੇ ਖ਼ਾਲਸਾ ਫ਼ੌਜ ਨੂੰ ਮਰ-ਮਿਟਣ ਵਾਸਤੇ ਲਲਕਾਰਿਆ,

*"ਉਠੋ ਸੂਤ ਲੌ ਭਗੌਤੀਆਂ ਸੂਰਿਓ,*
*ਦਿਓ ਵੈਰੀਆਂ ਦੇ ਸੱਥਰ ਵਿਛਾ।*
*ਸ਼ਾਨ ਖਾਲਸੇ ਦੀ ਨਾਲ ਹੈ ਪੰਜਾਬ ਦੇ*
*ਕਿਤੇ ਦੋਹੇਂ ਹੀ ਨਾ ਬਿਹੋ ਜੇ ਲੁਟਾ।*
*ਮਰਨਾ ਦੇਸ਼ ਲਈ ਭਲਾ ਹੈ*
*'ਸੀਤਲ, ਲਵੋ ਮਰਤਬੇ ਸ਼ਹੀਦੀ ਪਾ।"*

ਸਰਦਾਰ ਦੇ ਆਉਣ ਨਾਲ ਖ਼ਾਲਸਾ ਫ਼ੌਜਾਂ ਵਿਚ ਨਵੀਂ ਰੂਹ ਫੂਕੀ ਗਈ। ਸਾਰੇ ਮੈਦਾਨ ਵਿਚ ਸਰਦਾਰ ਹੀ ਦਿੱਸ ਰਿਹਾ ਸੀ। ਜਿੱਥੇ ਫ਼ੌਜ ਥਿੜਕਦੀ ਦਿੱਸਦੀ ਉੱਥੇ ਉਹ ਆਪ ਪਹੁੰਚਦਾ ਤੇ ਕਹਿੰਦਾ, "ਖ਼ਾਲਸਾ ਜੀ! ਅਸੀਂ ਇਹ ਦਾਹੜੀਆਂ ਲੈ ਕੇ ਪੰਜਾਬ ਵਿਚ ਹਾਰ ਕੇ ਜਾਵਾਂਗੇ? ਹੁਣ ਵੇਲਾ ਸਨਮੁਖ ਸ਼ਹੀਦ ਹੋਣ ਦਾ ਹੈ।" ਸਰਦਾਰ ਦੀ ਘੋੜੀ ਗੋਲੀ ਲੱਗਣ ਨਾਲ ਮਾਰੀ ਗਈ। ਦੂਜੀ ਘੋੜੀ ਲੈ ਕੇ ਸਰਦਾਰ ਨੇ ਵਹਾਬੀ ਨੂੰ ਪਿੱਛੇ ਭੇਜ ਦਿੱਤਾ ਤੇ ਕਿਹਾ, "ਅਟਾਰੀ ਨੂੰ ਕਹਿ ਦੇਵੀਂ ਕਿ ਸ਼ਾਮ ਸਿੰਘ ਨੇ ਹੁਣ ਕਦੀ ਨਹੀਂ ਪਰਤਣਾ"। ਜਦੋਂ ਬਾਰੂਦ ਖ਼ਤਮ ਹੋ ਗਿਆ ਤੇ ਸਰਦਾਰ ਨੂੰ ਲੜਾਈ ਹਾਰਦੀ ਦਿੱਸੀ ਤਾਂ ਉਸ ਨੇ ਕਿਰਪਾਨ ਕੱਢ ਲਈ, ਆਪਣੇ ਪ੍ਰਣ ਨੂੰ ਨਿਭਾਉਣ ਲਈ ਉਹ ਅੱਗੇ ਵਧਿਆ। ਚੋਣਵੇਂ ਜਵਾਨਾਂ ਨੂੰ ਪੰਜਾਬ ਉੱਤੇ ਕੁਰਬਾਨ ਹੋ ਜਾਣ ਲਈ ਲਲਕਾਰਾ ਮਾਰਿਆ। ਪੰਜਾਹ ਕੁ ਸੂਰਮੇ ਛਾਲਾਂ ਮਾਰਦੇ ਸਰਦਾਰ ਦੇ ਮਗਰ ਨਿਕਲ ਪਏ। ਹੁਣ ਸਰਦਾਰ ਆਪਣੀ ਚਮਕਦੀ ਸ਼ਮਸ਼ੀਰ ਲੈ ਕੇ ਗੋਰਿਆਂ ਉੱਤੇ ਟੁੱਟ ਪਿਆ ਤੇ ਕਈਆਂ ਦੇ ਆਹੂ ਲਾਹ ਦਿੱਤੇ,

*ਸ਼ਾਮ ਸਿੰਘ ਸਰਦਾਰ ਨੇ, ਹੱਥ ਫੜੀ ਭਵਾਨੀ।*
*ਲਿਸ਼ਕ ਡਰਾਵੇ ਵੈਰੀਆਂ, ਬਿਜਲੀ ਅਸਮਾਨੀ।*
*ਉਸ ਬੁੱਢੇ ਜਰਨੈਲ 'ਤੇ, ਮੁੜ ਚੜ੍ਹੀ ਜਵਾਨੀ।*
*ਢਾਡੀ ਵਾਰਾਂ ਗਾਉਣਗੇ, ਜਗ ਰਹੂ ਨਸ਼ਾਨੀ।*

ਸਿੱਖ ਫ਼ੌਜਾਂ ਦੇ ਏਸ ਹੱਲੇ ਨੇ ਗੋਰਿਆਂ ਦੇ ਪੈਂਤੜੇ ਹਿਲਾ ਦਿੱਤੇ, ਪੈਰ ਉਖੇੜ ਦਿੱਤੇ। ਅੰਗਰੇਜ਼ੀ ਫ਼ੌਜਾਂ ਨੇ ਤੋਪਾਂ ਨਾਲ ਪਿੱਛੋਂ ਅੱਗ ਵਰ੍ਹਾਈ। ਸੱਤ ਗੋਲੀਆਂ ਤੇ ਸੰਗੀਨਾਂ ਦੇ ਅਨੇਕਾਂ ਫੱਟ ਖਾ ਕੇ ਸਰਦਾਰ ਘੋੜੇ ਤੋਂ ਹੇਠਾਂ ਡਿੱਗਿਆ ਅਤੇ ਸੱਚੇ ਸੂਰਬੀਰਾਂ ਦੀ ਤਰ੍ਹਾਂ ਆਪਣੇ ਵਤਨ ਦੀ ਆਜ਼ਾਦੀ ਤੋਂ ਲੜਦਾ ਹੋਇਆ ਸ਼ਹੀਦ ਹੋ ਗਿਆ ਤੇ ਇਸ ਤਰ੍ਹਾਂ ਸਿੱਖ ਰਾਜ ਦਾ ਆਖਰੀ ਥੰਮ੍ਹ ਡਿੱਗ ਪਿਆ।

ਅੰਤ ਸਰਕਾਰ ਨੇ ਇਹ ਸੱਚ ਕਰ ਦਿੱਤਾ ਕਿ ਸਭ ਸੋਚਾਂ ਤੇ ਵਿਚਾਰਾਂ ਮੈਦਾਨੇ-ਜੰਗ ਵਿਚ ਉਤਰਨ ਤੋਂ ਪਹਿਲਾਂ ਹੁੰਦੀਆਂ ਹਨ ਪਰ ਜਦ ਸੂਰਮਾ ਮੈਦਾਨ ਵਿਚ ਆ ਉਤਰਦਾ ਹੈ ਤਾਂ ਉਹ ਦਲੀਲਾਂ ਤੇ ਗਿਣਤੀਆਂ ਵਿਚ ਨਹੀਂ ਪੈਂਦਾ ਸਗੋਂ ਜਾਨ ਤਲੀ 'ਤੇ ਧਰ ਕੇ ਕੁਰਬਾਨ ਹੁੰਦਾ ਹੈ :

*ਫ਼ੌਜ ਵਿਚ ਬਹੁਤ ਸਰਦਾਰ ਨਾਮੀ,*
*ਸਿਫਤ ਨਹੀਂ ਕਰ ਸਕਦਾ ਕੁਝ ਕਹਿਣ ਵਾਲਾ।*
*ਇਕ ਦੂਜੇ ਦਾ ਸਾਨੀ ਚਤੁਰਾਈ ਦੇ ਵਿਚ,*
*ਅਤੇ ਲੜਾਈ ਵਿਚ ਪਿਛਾਂਹ ਨਾ ਰਹਿਣ ਵਾਲਾ।*
*ਐਪਰ ਇਕ ਸਰਦਾਰ ਅਜੀਬ ਯਾਰੋ,*
*ਜ਼ਖਮ ਸਾਹਮਣੇ ਮੂੰਹ 'ਤੇ ਸਹਿਣ ਵਾਲਾ।*
*ਕਾਦਰਯਾਰ ਜਹਾਨ 'ਤੇ ਨਾਮ ਰੌਸ਼ਨ,*
*ਸ਼ਾਮ ਸਿੰਘ ਅਟਾਰੀ ਦਾ ਰਹਿਣ ਵਾਲਾ।*

ਸਰਦਾਰ ਦੀ ਸ਼ਹੀਦੀ ਤੋਂ ਲੈ ਕੇ ਅੱਜ ਤੱਕ ਕੌਮ ਰੁਲਦੀ ਫਿਰ ਰਹੀ ਹੈ। ਪੰਜਾਬ ਦੀ ਧਰਤੀ ਇਥੋਂ ਦੀਆਂ ਮਾਵਾਂ ਦੀਆਂ ਕੁੱਖਾਂ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕ ਰਹੀ ਹੈ ਕਿ ਇਕ ਹੋਰ ਸ਼ਾਮ ਸਿੰਘ ਜਨਮ ਲਵੇ ਤੇ ਪੰਜਾਬ ਤੇ ਕੌਮ ਨੂੰ ਉਸ ਦੇ ਹੱਕ ਲੈ ਕੇ ਦੇਵੇ।

● ● ●

**ਸਿੱਖ ਫੁਲਵਾੜੀ ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਉ ਜੀ।**



Sri Satguru Jagjit Singh Ji eLibrary NamdhariElibrary@gmail.com

# ਅੱਲਾ ਯਾਰ ਖਾਂ ਜੋਗੀ

✍ **ਰਣਜੀਤ ਸਿੰਘ***

ਹਿੰਦੁਸਤਾਨ ਵਿੱਚ ਇੱਕੋ ਇਕ ਤੀਰਥ ਅਸਥਾਨ ਹੈ, ਉਹ ਹੈ ਚਮਕੌਰ ਜਿੱਥੇ ਧਰਮ ਦੀ ਖ਼ਾਤਰ ਬਾਪ ਨੇ ਬੱਚਿਆਂ ਦੇ ਸੀਸ ਕਟਵਾਏ।

*ਬੱਸ ਏਕ ਹਿੰਦ ਮੇ ਤੀਰਥ ਹੈ, ਯਾਤਰਾ ਕੇ ਲੀਏ।*
*ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।*

ਇਹ ਸ਼ਬਦ ਅੱਲਾ ਯਾਰ ਖ਼ਾਨ ਜੋਗੀ ਦੇ ਹਨ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾਂਜਲੀ ਅਰਪਣ ਕਰਦੇ ਹੋਏ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਫ਼ਾਰਸੀ ਵਿੱਚ ਦੋ ਪੁਸਤਕਾਂ ਲਿਖੀਆਂ ਹਨ। ਉਹ ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਚੰਦ ਦੇ ਨਾਲ ਤੁਲਨਾ ਕਰਦਾ ਹੋਇਆ ਲਿਖਦਾ ਹੈ ਕਿ ਅਸਮਾਨ ਵਿੱਚ ਇੱਕ ਚੰਦਰਮਾ ਹੈ ਪਰ ਚਮਕੌਰ ਦੀ ਧਰਤੀ ਉਪਰ ਦੋ ਚੰਦਰਮਾ ਇੱਕੋ ਸਮੇਂ ਚਮਕਦੇ ਹਨ ਤੇ ਉਹ ਹਨ ਅਜੀਤ ਸਿੰਘ ਤੇ ਜੁਝਾਰ ਸਿੰਘ। ਉਹ ਲਿਖਦਾ ਹੈ :

*ਗੁਰੂ ਗੋਬਿੰਦ ਕੇ ਲਖ਼ਤਿ-ਜਿਗਰ ਅਜੀਤ ਜੁਝਾਰ।*
*ਫ਼ਲਕ ਮਿ ਇਕ, ਯਹਾਂ ਦੋ ਚਾਂਦ ਜਿਯਾ ਕੇ ਲਿਯੇ।*

ਯੋਗੀ ਜੀ ਖ਼ਾਲਸੇ ਦੀ ਇਸ ਚਮਕੌਰ ਦੀ ਧਰਤੀ ਨੂੰ ਇਸਲਾਮ ਦੇ ਸਭ ਤੋਂ ਪਵਿੱਤਰ ਅਸਥਾਨ ਕਾਅਬੇ ਨਾਲ ਤੁਲਨਾ ਕਰਦੇ ਹੋਏ ਲਿਖਦੇ ਹਨ :

*ਭਟਕਤੇ ਫਿਰਤੇ ਹੋ ਕਿਉਂ? ਹੱਜ ਕਰੋਂ ਯਹਾਂ ਆ ਕਰ।*
*ਯਹ ਕਾਬਾ ਪਾਸ ਹੈ, ਹਰ ਇਕ ਖ਼ਾਲਸਾ ਕੇ ਲਿਯੇ।*

ਇਸ ਤਰ੍ਹਾਂ ਯੋਗੀ ਜੀ ਚਮਕੌਰ ਦੀ ਧਰਤੀ ਨੂੰ ਗੰਜਿ-ਸ਼ਹੀਦਾਂ ਲਿਖਦੇ ਹਨ। ਭਾਵ ਉਹ ਥਾਂ ਜਿਥੇ ਵੱਡੀ ਗਿਣਤੀ ਵਿੱਚ ਸ਼ਹਾਦਤਾਂ ਹੋਈਆਂ ਹੋਣ। ਫ਼ਰਿਸ਼ਤੇ ਵੀ ਐਸੀ ਧਰਤੀ ਦੀ ਖ਼ਾਕ ਨੂੰ ਲੋਚਦੇ ਹਨ। ਉਹ ਲਿਖਦੇ ਹਨ :

*ਮਿਜ਼ਾਰ ਗੰਜ ਸ਼ਹੀਦਾਂ ਹੈ, ਉਨ ਸ਼ਹੀਦੋਂ ਕਾ।*
*ਫਰਿਸ਼ਤੇ ਜਿਨ ਕੀ ਤਰਸਤੇ ਬੇ-ਖ਼ਾਕਿ-ਪਾਨੇ ਕੇ ਲਿਯੇ।*

1913 ਵਿੱਚ ਇਸ ਸ਼ਾਇਰ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਨ ਦੇ ਦਰਦਨਾਕ ਸਾਕੇ ਨੂੰ ਅਜਿਹੀ ਦਰਦਨਾਕ ਸ਼ੈਲੀ ਵਿੱਚ ਲਿਖਿਆ ਹੈ ਕਿ ਅੱਜ ਵੀ ਪੜ੍ਹਨ ਤੇ ਸੁਣਨ ਵਾਲਿਆਂ ਦਾ ਮਨ ਵੈਰਾਗ ਵਿੱਚ ਚਲਾ ਜਾਂਦਾ ਹੈ ਤੇ ਕਈ ਵਾਰ ਹੰਝੂਆਂ ਦੀ ਝੜੀ ਲੱਗ ਜਾਂਦੀ ਹੈ। **ਸ਼ਹੀਦਾਂ-ਏ-ਵਫ਼ਾ** ਦੇ ਸਿਰਲੇਖ ਹੇਠ ਉਹਨਾਂ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ। ਸਾਹਿਬਜ਼ਾਦਿਆਂ ਨੂੰ ਸ਼ਹਾਦਤ ਲਈ ਤੋਰਨ ਤੋਂ ਪਹਿਲਾਂ ਮਾਤਾ ਗੁਜਰੀ ਨੇ ਕੀ ਕਿਹਾ, ਯੋਗੀ ਜੀ ਲਿਖਦੇ ਹਨ :

*ਜਾਨੇ ਸੇ ਪਹਿਲੇ ਆਉ ਗਲੇ ਸੇ ਲਗਾ ਤੋ ਲੂੰ।*
*ਕੇਸੋਂ ਕੋ ਕੰਘੀ ਕਰ ਦੂੰ ਜਰਾ ਮੂੰਹ ਧੁਲਾ ਤੋ ਲੂੰ।*
*ਪਯਾਰੇ ਸਰੋਂ ਪੇ ਨਨੀ ਸੀ ਕਲਗੀ ਸਜਾ ਤੋ ਲੂੰ।*
*ਮਰਨੇ ਸੇ ਪਹਿਲੇ ਤੁਮ ਕੋ ਦੂਲ੍ਹਾ ਬਨਾ ਤੋ ਲੂੰ।*

ਜਦੋਂ ਬਾਬਾ ਬੰਦਾ ਸਿੰਘ ਜੀ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤੇ ਉਸ ਨੂੰ ਢਹਿ ਢੇਰੀ ਕੀਤਾ, ਉਸ ਵਕਤ ਦਾ ਵਰਣਨ ਜੋਗੀ ਜੀ ਇਸ ਤਰ੍ਹਾਂ ਕਰਦੇ ਹਨ :

*ਇਸ ਕੇ ਬਾਦ ਹੁਈ ਥੋੜੀ ਦੇਰ ਥੀ।*
*ਬਸਤੀ ਸਰਹਿੰਦ ਸਹਰ ਕੀ ਈਟੋਂ ਕਾ ਢੇਰ ਥੀ।*

ਇਹ ਮਹਾਨ ਸ਼ਾਇਰ ਸੰਨ 1870 ਈਸਵੀ ਵਿੱਚ ਲਹੌਰ ਦੇ ਬਜ਼ਾਰ ਅਨਾਰਕਲੀ, ਜੋ ਅੱਜ-ਕੱਲ੍ਹ ਪਾਕਿਸਤਾਨ ਵਿੱਚ ਹੈ, ਪੈਦਾ ਹੋਇਆ। ਇਹ ਲੰਬੇ ਕੱਦ, ਗੁੰਦਵੇਂ ਸਰੀਰ, ਛੋਟੀਆਂ ਮੁੱਛਾਂ ਅਤੇ ਖਸਖਸੀ ਦਾੜ੍ਹੀ ਵਾਲਾ ਖ਼ੂਬਸੂਰਤ ਨੌਜਵਾਨ ਸੀ। ਇਹ ਆਮ ਕਰਕੇ ਸ਼ਾਹੀ ਲਿਬਾਸ ਅਚਕਨ ਤੇ ਸਲਵਾਰ ਪਹਿਨਦਾ ਸੀ। ਉਹ ਆਪਣੇ ਸਮੇਂ ਦਾ ਇੱਕ ਉੱਘਾ ਹਕੀਮ ਤੇ ਉੱਚ ਕੋਟੀ ਦਾ ਸ਼ਾਇਰ ਸੀ। ਕਹਿੰਦੇ ਹਨ ਕਿ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਉਸ ਦੇ ਹੱਥ ਵਿੱਚ ਫੜੀ ਹੋਈ ਕਲਮ ਤੋਂ ਲਾਇਆ ਜਾਂਦਾ ਹੈ। ਇਸ ਤਰ੍ਹਾਂ ਜੋਗੀ ਜੀ ਦੀ ਸ਼ਖ਼ਸੀਅਤ ਉਹਨਾਂ ਦੀਆਂ ਲਿਖਤਾਂ ਵਿੱਚੋਂ ਉੱਭਰਦੀ ਹੈ।

ਅੱਲਾ ਯਾਰ ਖ਼ਾਨ ਜੋਗੀ ਇੱਕ ਧਾਰਮਿਕ ਤੇ ਸੱਚੇ ਸੁੱਚੇ ਇਨਸਾਨ ਸਨ। ਸਾਰੇ ਚੰਗੇ ਮਨੁੱਖਾਂ ਪ੍ਰਤੀ ਉਹਨਾਂ ਦੇ ਮਨ ਵਿੱਚ ਅਥਾਹ ਸ਼ਰਧਾ ਤੇ ਪਿਆਰ ਸੀ। ਉਹਨਾਂ ਨੇ ਸਿੱਖ ਇਤਿਹਾਸ ਦਾ ਬੜੀ ਗਹੁ ਨਾਲ ਅਧਿਐਨ ਕੀਤਾ। ਉਹ ਸੱਚ ਦਾ ਪੁਜਾਰੀ ਸੀ ਤੇ ਸੱਚ ਦੇ ਪੁਜਾਰੀ ਦੀ ਕਲਮ ਹੀ ਬਿਨਾਂ ਕਿਸੇ ਡਰ ਜਾਂ ਮਜ਼੍ਹਬ ਤੋਂ ਉਪਰ ਹੋ ਕੇ ਲਿਖ ਸਕਦੀ ਹੈ। ਮਜ਼੍ਹਬ ਤੋਂ ਉੱਪਰ ਉੱਠ ਕੇ ਉਹਨਾਂ ਨੇ ਦੋ ਲੰਬੀਆਂ ਕਵਿਤਾਵਾਂ ਸ਼ਹੀਦਾਂ-ਏ ਵਫ਼ਾ ਅਤੇ ਗੰਜ-ਏ-ਸ਼ਹੀਦਾਂ ਲਿਖੀਆਂ ਹਨ। ਇਹ ਕਵਿਤਾਵਾਂ ਸਿੱਖ ਇਤਿਹਾਸ ਨਾਲ ਸਬੰਧਿਤ ਹਨ। ਇਹਨਾਂ ਕਵਿਤਾਵਾਂ ਵਿੱਚ ਗੁਰੂ ਸਾਹਿਬ ਦੇ ਪਰਿਵਾਰ ਦੇ ਪੰਜ ਮੈਂਬਰ ਜਿਨ੍ਹਾਂ ਵਿੱਚ ਉਹਨਾਂ ਦੀ ਮਾਤਾ ਤੇ ਚਾਰੇ ਸਾਹਿਬਜ਼ਾਦੇ ਤੇ 40 ਸਿੰਘਾਂ ਦਾ ਵਰਣਨ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਉਹਨਾਂ ਦੀਆਂ ਇਹ ਨਜ਼ਮਾਂ ਖ਼ਲਕਤ ਵਿੱਚ ਬਹੁਤ ਸਲਾਹੀਆਂ ਗਈਆਂ। ਹੁਣ ਇਨ੍ਹਾਂ ਕਵਿਤਾਵਾਂ ਦਾ ਸੰਗ੍ਰਹਿ ਕਿਤਾਬੀ ਰੂਪ ਵਿੱਚ ਵੀ ਉਪਲਬਧ ਹੈ ਜੋ ਪੰਜਾਬ ਭਾਸ਼ਾ ਵਿਭਾਗ ਨੇ ਛਾਪਿਆ ਹੈ। ਜੋਗੀ ਜੀ ਨੇ ਕੇਵਲ ਇਹ ਨਜ਼ਮਾਂ ਲਿਖੀਆਂ ਹੀ ਨਹੀਂ ਸਗੋਂ ਸਿੱਖ ਸਟੇਜਾਂ 'ਤੇ ਗਾ ਕੇ ਵੀ ਵਾਹ ਵਾਹ ਖੱਟੀ ਹੈ। ਜੋਗੀ ਜੀ ਦੀ ਜੁਰਅਤ ਵੀ ਕਮਾਲ ਦੀ ਸੀ। ਉਹਨਾਂ ਨੇ ਉਸ ਵਕਤ ਇਹ ਕਵਿਤਾਵਾਂ ਲਿਖੀਆਂ ਤੇ ਸਟੇਜਾਂ ਉਪਰ ਗਾਈਆਂ ਜਦੋਂ ਜਨੂਨੀ ਹਕੂਮਤ ਦਾ ਜ਼ੁਲਮ ਸਿਖ਼ਰਾਂ 'ਤੇ ਸੀ। ਪੂਰੇ ਮੁਲਕ ਨੂੰ ਇਸਲਾਮੀ ਦਾਇਰੇ ਵਿੱਚ ਲਿਆਉਣ ਲਈ ਹਕੂਮਤ ਹਰ ਹੀਲਾ ਵਰਤ

* B.Sc. M.A., M.Ed. ਸਟੇਟ ਤੇ ਨੈਸ਼ਨਲ ਅਵਾਰਡੀ, ਹੈਡਮਾਸਟਰ (ਸੇਵਾ ਮੁਕਤ), 105, ਮਾਇਆ ਨਗਰ ਸਿਵਲ ਲਾਈਨਜ਼, ਲੁਧਿਆਣਾ, ਮੋਬਾ: 99155-15436



Sri Satguru Jagjit Singh Ji eLibrary NamdhariElibrary@gmail.com

ਰਹੀ ਸੀ। ਕਿਸੇ ਮੁਸਲਮਾਨ ਦਾ ਉਸ ਵਕਤ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨਾਲ ਹੋਈਆਂ ਜ਼ਿਆਦਤੀਆਂ ਦਾ ਵਰਣਨ ਕਰਨਾ ਕਿੰਨਾ ਵੱਡਾ ਜੁਰਮ ਹੋਵੇਗਾ। ਜੋਗੀ ਜੀ ਦੀ ਸ਼ਖ਼ਸੀਅਤ ਦੱਸਦੀ ਹੈ ਕਿ ਉਹਨਾਂ ਨੂੰ ਮੌਤ ਤੋਂ ਡਰ ਨਹੀਂ ਸੀ ਲੱਗਦਾ। ਸੱਚ ਲਿਖਣਾ ਤੇ ਸੱਚ ਬੋਲਣਾ, ਉਹਨਾਂ ਦੀ ਜ਼ਿੰਦਗੀ ਦਾ ਮਕਸਦ ਸੀ। ਇਹ ਨਜ਼ਮਾਂ ਲਿਖ ਕੇ ਜੋਗੀ ਜੀ ਨੇ ਜੋ ਪਿਆਰ ਤੇ ਸਤਿਕਾਰ ਕਮਾਇਆ ਹੈ, ਉਹ ਉਹਨਾਂ ਦੀ ਜ਼ਿੰਦਗੀ ਦਾ ਅਸਲ ਸਰਮਾਇਆ ਹੈ। ਸਾਕਾ ਸਰਹਿੰਦ ਬਾਰੇ ਲਿਖੀ ਨਜ਼ਮ ਨੂੰ ਅਜਿਹੀ ਦਰਦ ਭਰੀ ਸ਼ੈਲੀ ਵਿੱਚ ਬਿਆਨ ਕੀਤਾ ਹੈ ਕਿ ਪੜ੍ਹਨ ਵਾਲਿਆਂ ਦੇ ਰੌਂਗਟੇ ਖੜੇ ਹੋ ਜਾਂਦੇ ਹਨ।

ਜੋਗੀ ਜੀ ਚਮਕੌਰ ਦੀ ਜੰਗ ਵਿੱਚ ਸ਼ਹੀਦਾਂ ਦੀ ਦਾਸਤਾਨ ਨੂੰ ਬਿਆਨ ਕਰਦੇ ਹੋਏ ਸਿੰਘਾਂ ਦੀ ਸ਼ਹਾਦਤ ਦੀ ਕਰਬਲਾ ਦੇ ਮੈਦਾਨ ਨਾਲ ਤੁਲਨਾ ਕਰਦੇ ਹਨ। ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਜਿਸ ਬਹਾਦਰੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਅਨੇਕਾਂ ਨੂੰ ਮੌਤ ਦੇ ਘਾਟ ਉਤਾਰਿਆ ਉਸ ਦਾ ਬਿਆਨ ਜੋਗੀ ਜੀ ਇਸ ਤਰ੍ਹਾਂ ਕਰਦੇ ਹਨ :

*ਹਾਲਤ ਇਕ ਹਰਫ਼ ਹੈ ਜੋਗੀ ਤੋ ਫਿਰ ਹਜ਼ਾਰੋਂ ਮੇ।*
*ਜਵਾਬਦੇਹ ਹੂੰ ਸੁਖਨ ਹਾਇ ਨਾ ਰਵਾਂ ਕੇ ਲੋੜੀਏ।*

ਅੱਲਾ ਯਾਰ ਖ਼ਾਨ ਜੋਗੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਏਨਾ ਪਿਆਰ ਕਰਦਾ ਸੀ ਕਿ ਉਹ ਆਪਣੇ ਅੱਲਾਹ ਨੂੰ ਵੀ ਭੁੱਲ ਗਿਆ। ਉਸ ਨੇ ਆਪਣੀ ਸਾਰੀ ਜ਼ਿੰਦਗੀ ਵਿੱਚ ਲਿਖੀ ਸ਼ਾਇਰੀ ਕਿਸੇ ਨਾ ਕਿਸੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੇ ਪਰਿਵਾਰ ਨੂੰ ਸਮਰਪਿਤ ਕੀਤੀ ਸੀ। ਉਹ ਆਪਣੀ ਸ਼ਾਇਰੀ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਵਰਨਣ ਕਰਦੇ ਹੋਏ ਲਿਖਦਾ ਹੈ ਕਿ ਹੇ ਦੁਨੀਆਂ ਦੇ ਲੋਕੋ! ਜੇਕਰ ਤੁਸੀਂ ਸਾਰੀ ਉਮਰ ਗੁਰੂ ਗੋਬਿੰਦ ਸਿੰਘ ਜੀ ਬਾਰੇ ਬੋਲਦੇ ਰਹੇ ਤਾਂ ਵੀ ਉਹਨਾਂ ਦੀ ਪੂਰੀ ਸ਼ਖ਼ਸੀਅਤ ਬਿਆਨ ਨਹੀਂ ਕਰ ਸਕੋਗੇ। ਅਗਰ ਤੁਸੀਂ ਉਹਨਾਂ ਦੀ ਸ਼ਖ਼ਸੀਅਤ ਲਿਖਣ ਲਈ ਸਮੁੰਦਰ ਨੂੰ ਸਿਆਹੀ ਬਣਾ ਲਵੋ ਤੇ ਸਾਰੇ ਦਰਖਤਾਂ ਨੂੰ ਕਲਮਾਂ ਬਣਾ ਲਵੋ ਤਾਂ ਵੀ ਲਿਖ ਨਹੀਂ ਸਕੋਗੇ। ਉਹ ਬੋਲਣ ਵਾਲੇ ਦੇ ਵਜੂਦ ਦਾ ਇਕ ਬੁਲਬੁਲੇ ਨਾਲ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਣਾਂ ਦਾ ਮੁਕਾਬਲਾ ਸਮੁੰਦਰ ਨਾਲ ਕਰਦਾ ਹੋਇਆ ਲਿਖਦਾ ਹੈ :

*ਕਰਤਾਰ ਕੀ ਸੋਗੰਧ ਵਾ ਨਾਨਕ ਕੀ ਕਸਮ ਹੈ।*
*ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।*

ਗੁਰੂ ਸਾਹਿਬ ਦੀ ਤਾਰੀਫ਼ ਵਿੱਚ ਜੋਗੀ ਜੀ ਲਿਖਦੇ ਹਨ :

*ਕਟਵਾ ਕੇ ਪਿਸਰ ਚਾਰੇ ਇਕ ਅੰਸੂ ਨਾ ਗਿਰਾਯਾ।*
*ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਯੋਂ ਕਾ ਬੜ੍ਹਾਯਾ।*

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਅਵਸਰ 'ਤੇ ਡੇਰਾ ਸਾਹਿਬ ਲਾਹੌਰ ਵਿਖੇ ਸਜੇ ਦੀਵਾਨ ਵਿਚ ਅੱਲ੍ਹਾ ਯਾਰ ਖ਼ਾਨ ਜੋਗੀ ਨੇ ਪਹਿਲੀ ਵੇਰ ਸਿੱਖ ਸਟੇਜ 'ਤੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਬਿਆਨ ਕਰਦੀ ਆਪਣੀ ਨਜ਼ਮ ਦਿਲਕਸ਼ ਅਵਾਜ਼ ਵਿੱਚ ਗਾਈ ਅਤੇ ਖ਼ੂਬ ਰੰਗ ਬੰਨ੍ਹਿਆ ਤੇ ਸੰਗਤਾਂ ਦੀ ਵਾਹ ਵਾਹ ਖੱਟੀ। ਸੰਗਤਾਂ ਨੇ ਮਾਇਆ ਦਾ ਮੀਂਹ ਵਰ੍ਹਾ ਦਿੱਤਾ। ਫਿਰ ਇਸ ਤੋਂ ਬਾਦ ਜੋਗੀ ਜੀ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਹ ਸਿੱਖ ਧਾਰਮਿਕ ਦੀਵਾਨਾਂ ਅਤੇ ਜੋੜ ਮੇਲਿਆਂ 'ਤੇ ਆਪਣੀਆਂ ਨਜ਼ਮਾਂ ਲੈ ਕੇ ਹਾਜ਼ਰ ਹੁੰਦੇ। ਉਹ ਨਨਕਾਣਾ ਸਾਹਿਬ ਤੋਂ ਲੈ ਕੇ ਦਿੱਲੀ ਤੱਕ ਹਰ ਸਿੱਖ ਸਮਾਗਮ ਵਿੱਚ ਹਾਜ਼ਰ ਹੋ ਕੇ ਸੰਗਤਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ। ਸਰਹੰਦ ਅਤੇ ਚਮਕੌਰ ਸਾਹਿਬ ਵਿਖੇ ਸਾਲਾਨਾ ਸ਼ਹੀਦੀ ਜੋੜ ਮੇਲਿਆਂ 'ਤੇ ਬਕਾਇਦਾ ਹਾਜ਼ਰੀ ਭਰਦੇ ਤੇ ਸੰਗਤਾਂ ਨੂੰ ਨਿਹਾਲ ਕਰਦੇ। ਜਦੋਂ ਉਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਦੇ ਤਾਂ ਦੀਵਾਨ ਵਿੱਚ ਸੰਨਾਟਾ ਛਾ ਜਾਂਦਾ ਅਤੇ ਸ਼ਰਧਾਲੂਆਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰਦੇ। ਅਸਲੀਅਤ ਤਾਂ ਇਹ ਹੈ ਕਿ ਕਰੁਣਾ ਤੇ ਬੀਰ ਰਸ ਨੇ ਜੋਗੀ ਜੀ ਦੇ ਕਲਾਮ ਨੂੰ ਸਿਖ਼ਰਾਂ 'ਤੇ ਪਹੁੰਚਾ ਦਿੱਤਾ।

ਅੱਲਾ ਯਾਰ ਖ਼ਾਨ ਜੋਗੀ ਇੱਕ ਅਜਿਹਾ ਸਿਦਕੀ ਸ਼ਾਇਰ ਹੈ ਜਿਹੜਾ ਇਤਿਹਾਸ ਨੂੰ ਜਿਊਂਦਿਆਂ ਤੇ ਮਰਦਿਆਂ ਦੇਖਦਾ ਹੈ ਤੇ ਨਾਲ ਆਪ ਵੀ ਇਸੇ ਤਰ੍ਹਾਂ ਜਿਊਂਦਾ ਤੇ ਮਰਦਾ ਹੈ। ਦਰਅਸਲ ਉਸ ਨੂੰ ਪਤਾ ਹੈ ਕਿ ਇਤਿਹਾਸ ਦੀ ਫ਼ਿਲਾਸਫ਼ੀ ਕੀ ਹੁੰਦੀ ਹੈ। ਇਸ ਲਈ ਪਾਠਕ ਤੇ ਸਰੋਤੇ ਉਸ ਦੇ ਪਿੱਛੇ ਪਿੱਛੇ ਤੁਰੇ ਆਉਂਦੇ ਹਨ। ਉਸ ਨੇ ਧਰਮ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਸਿੱਖ ਸ਼ਹਾਦਤਾਂ ਨੂੰ ਕਲਮਬੰਦ ਕਰਕੇ ਆਪਣੀ ਮੁਹੱਬਤ ਨੂੰ ਬਾਖ਼ੂਬੀ ਨਿਭਾਇਆ ਹੈ। ਕੁੱਝ ਕੱਟੜ ਮੁਸਲਮਾਨਾਂ ਨੇ ਉਸ ਨੂੰ ਕਾਫ਼ਰ ਕਹਿਣਾ ਸ਼ੁਰੂ ਕਰ ਦਿੱਤਾ ਪਰ ਉਸ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ ਅਤੇ ਮਾਨਵਤਾ ਦਾ ਦਰਦ ਸਮਝਦਿਆਂ ਸੱਚ ਨੂੰ ਬਿਆਨ ਕਰਦੀ ਆਪਣੀ ਕਲਮ ਜਾਰੀ ਰੱਖੀ। ਉਹ ਇਨਸਾਨੀਅਤ ਨੂੰ ਸਭ ਤੋਂ ਉੱਚਾ ਧਰਮ ਬਿਆਨਦੇ ਹੋਏ ਲਿਖਦੇ ਹਨ :

*ਹਿੰਦੂ ਹੈਂ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ*
*ਦਿਲ ਨੇਕ ਹੈਂ ਜਿਨ ਕੇ ਵੁਹੀ ਇਨਸਾਨ ਹੈਂ ਅੱਛੇ।*

ਜਾਨੂੰਨੀ ਮੁਸਲਮਾਨਾਂ ਦੇ ਧਾਰਮਿਕ ਅਦਾਰੇ ਨੇ ਇਸ ਸੱਚੇ ਮੁਸਲਮਾਨ ਨੂੰ ਇਸਲਾਮ ਵਿੱਚੋਂ ਛੇਕ ਦਿੱਤਾ ਸੀ ਤੇ ਕਾਫ਼ਰ ਕਹਿ ਕੇ 30 ਸਾਲ ਮਸਜਿਦ ਵਿੱਚ ਨਹੀਂ ਵੜਨ ਦਿੱਤਾ। ਸਿਰਫ਼ ਇਸ ਲਈ ਕਿ ਇਸ ਸ਼ਾਇਰ ਦੀ ਲਿਖੀ ਜੀਵਨ ਭਰ ਦੀ ਸ਼ਾਇਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਸ ਦੇ ਪਰਿਵਾਰ ਨੂੰ ਸਮਰਪਿਤ ਸੀ। ਜਦੋਂ ਅੰਤ ਵੇਲੇ ਇਹ ਮੌਤ ਦੇ ਬਿਸਤਰੇ 'ਤੇ ਪਿਆ ਸੀ ਤਾਂ ਕਾਜ਼ੀ ਮਾਫ਼ੀਨਾਮਾ ਲੈ ਕੇ ਆਉਂਦਾ ਹੈ। ਕਹਿੰਦਾ ਹੈ ਕਿ ਤੂੰ ਆਪਣੀ ਸਾਰੀ ਜ਼ਿੰਦਗੀ ਇੱਕ ਕਾਫ਼ਰ ਦੇ ਨਾਮ ਕੀਤੀ ਹੈ। ਹੁਣ ਮਰਨ ਵੇਲੇ ਤਾਂ ਕਮ-ਸੇ-ਕਮ ਇਸ ਮਾਫ਼ੀਨਾਮੇ 'ਤੇ ਦਸਤਖ਼ਤ ਕਰ ਦੇ ਤਾਂ ਕਿ ਨਮਾਜ਼ੇ-ਮਯੀਤ ਅਤੇ ਨਮਾਜ਼ੇ ਜਨਾਜ਼ਾ ਪੜ੍ਹ ਕੇ ਤੈਨੂੰ ਇਸਲਾਮੀ ਸ਼ਰ੍ਹਾ ਮੁਤਾਬਕ ਦਫ਼ਨ ਕੀਤਾ ਜਾ ਸਕੇ। ਉਸ ਨੇ ਅੱਗੋਂ ਜੁਆਬ ਦਿੱਤਾ ਕਿ ਮੈਨੂੰ ਨਮਾਜ਼ੇ-ਮਯੀਤ ਤੇ ਨਮਾਜ਼ੇ-ਜਨਾਜ਼ੇ ਦੀ ਲੋੜ ਨਹੀਂ ਤੇ ਨਾ ਹੀ ਕਿਸੇ ਇਸਲਾਮੀ ਸ਼ਰ੍ਹਾ ਮੁਤਾਬਿਕ ਕਫ਼ਨ ਦਫ਼ਨ ਦੀ ਤੇ ਨਾ ਹੀ ਸਵਰਗ ਦੇ ਖੁੱਲ੍ਹੇ ਦਰਵਾਜ਼ਿਆਂ ਦੀ। ਮੇਰਾ ਗੁਰੂ ਗੋਬਿੰਦ ਸਿੰਘ ਮੈਨੂੰ ਆਪਣੇ ਦਰਵਾਜ਼ੇ ਖੋਲ੍ਹ, ਬਾਹਵਾਂ ਖਿਲਾਰ ਕੇ ਉਡੀਕ ਰਿਹਾ ਹੋਣਾ ਹੈ। ਇਹ ਸ਼ਾਇਰ 1956 ਵਿੱਚ ਇਸ ਫ਼ਾਨੀ ਸੰਸਾਰ ਨੂੰ ਵਿਦਾ ਕਹਿ ਗਿਆ।

• • •

**ਸਿੱਖ ਫੁਲਵਾੜੀ ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਉ ਜੀ।**



Sri Satguru Jagjit Singh Ji eLibrary NamdhariElibrary@gmail.com

# ’84 ਸਿੱਖ ਕਤਲੇਆਮ : ‘ਮੈਨੂੰ ਡਰ ਸੀ ਪੀੜਤ ਬੱਚੇ ਅਵਾਰਾ ਤੇ ਨਸ਼ੇੜੀ ਨਾ ਬਣਨ ਇਸੇ ਲਈ ਸੈਂਕੜੇ ਬੱਚੇ ਸਕੂਲੇ ਪਾਏ’



**ਅਵਤਾਰ ਸਿੰਘ (ਬੀਬੀਸੀ ਪੱਤਰਕਾਰ), 1 ਨਵੰਬਰ 2023 :** “1984 ਦੇ ਸਿੱਖ ਕਤਲੇਆਮ ਵਿੱਚ ਮਾਰੇ ਗਏ ਸਿੱਖਾਂ ਦੇ ਬੱਚੇ ਕਿਤੇ ਆਵਾਰਾ ਜਾਂ ਨਸ਼ੇੜੀ ਨਾ ਬਣ ਜਾਣ। ਬਸ ਇਹੋ ਗੱਲ ਮੈਨੂੰ ਵਾਰ-ਵਾਰ ਝੰਜੋੜ ਰਹੀ ਸੀ। ਇਸ ਲਈ ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦੀ ਪੜ੍ਹਾਈ ਬਾਰੇ ਸੋਚਿਆ।”

ਦਿੱਲੀ ਦੇ ਤਿਲਕ ਨਗਰ ਵਿੱਚ ਰਹਿੰਦੇ 75 ਸਾਲਾਂ ਕੁਲਬੀਰ ਸਿੰਘ ਨੇ ਇਹ ਗੱਲ ਭਰੇ ਮਨ ਨਾਲ ਕਹੀ।

31 ਅਕਤੂਬਰ, 1984 ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿੱਚ ਹੋਏ ਸਿੱਖ ਵਿਰੋਧੀ ਕਤਲੇਆਮ ਕਾਰਨ ਸੈਂਕੜੇ ਬੱਚੇ ਬੇਸਹਾਰਾ ਹੋ ਗਏ ਸਨ।

ਇਸ ਦੌਰਾਨ ਕੁਲਬੀਰ ਸਿੰਘ ਅਤੇ ਉਨ੍ਹਾਂ ਨਾਲ ਜੁੜੇ ਕਈ ਲੋਕਾਂ ਨੇ ਕੈਂਪਾਂ ਵਿੱਚ ਦਿਨ ਕੱਟ ਰਹੇ ਅਨਾਥ ਬੱਚਿਆਂ ਦੀ ਪੜ੍ਹਾਈ ਲਈ ਯਤਨ ਕਰਨੇ ਸ਼ੁਰੂ ਕੀਤੇ ਸੀ।

ਸ਼ੁਰੂਆਤ ਵਿੱਚ ਕੁਲਬੀਰ ਸਿੰਘ ਬੱਚਿਆਂ ਨੂੰ ਪਾਰਕਾਂ ਵਿੱਚ ਪੜ੍ਹਾਉਂਦੇ ਸਨ। ਉਨ੍ਹਾਂ ਨੇ ਸਕੂਲ ਛੱਡ ਚੁੱਕੇ ਵਿਦਿਆਰਥੀਆਂ ਨੂੰ ਮੁੜ ਦਾਖਿਲ ਕਰਵਾਇਆ। ਉਹ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਨ ਲਈ ਗਲੀਆਂ ਵਿੱਚ ਜਾ ਕੇ ਭਾਸ਼ਣ ਦਿੰਦੇ ਸੀ ਤਾਂ ਜੋ ਕਿਸੇ ਤਰੀਕੇ ਨਾਲ ਬੱਚੇ ਪੜ੍ਹਾਈ ਵੱਲ ਮੁੜ ਸਕਣ।

ਕੁਲਬੀਰ ਸਿੰਘ ਦੱਸਦੇ ਹਨ, “ਅਸੀਂ ਕਿਰਾਏ ’ਤੇ ਮਕਾਨ ਲੈ ਲਏ ਅਤੇ ਘਰਾਂ ਵਿੱਚੋਂ ਬੱਚਿਆਂ ਨੂੰ ਇਕੱਠੇ ਕਰਦੇ। ਮੈਂ ਡੁੱਗ-ਡੁਗੀ ਵਜਾਉਂਦਾ ਸੀ। ਇਸ ਤਰ੍ਹਾਂ ਘੁੰਮਦਾ ਸੀ ਜਿਵੇਂ ਜਾਗੋ ਕੱਢਦੇ ਹਨ।”

“ਇਲਾਕੇ ਵਿੱਚ ਲੋਕਾਂ ਨੂੰ ਛੋਟਾ-ਮੋਟਾ ਨਸ਼ਾ ਕਰਨ ਦੀ ਆਦਤ ਵੀ ਸੀ। ਮੈਂ ਸ਼ਰਾਬ ਖਿਲਾਫ਼ ਨਾਅਰੇ ਲਗਾਉਂਦਾ ਸੀ। ਅਸੀਂ ਖੇਡਾਂ ਸ਼ੁਰੂ ਕੀਤੀਆਂ। ਬੱਚਿਆਂ ਨੂੰ ਅਸੀਂ ਸਕੂਲ ਦਾ ਸਿਲੇਬਸ ਪੜ੍ਹਾਉਂਦੇ ਅਤੇ ਪੰਜਾਬੀ ਮੀਡੀਅਮ ਦੇ ਸਕੂਲ ਵੀ ਖੁਲ੍ਹਵਾਏ।”

ਉਹ ਕਹਿੰਦੇ ਹਨ, “ਅਸੀਂ ਇੱਕ ਸਰਵੇ ਕੀਤਾ ਕਿ ਕਿਹੜੇ ਬੱਚੇ ਪੜ੍ਹਨ ਵਾਲੇ ਹਨ। ਇਸ ਸਰਵੇ ਵਿੱਚ ਪਤਾ ਲਗਿਆ ਕਿ ਅਜਿਹੇ ਕਰੀਬ 800 ਬੱਚੇ ਹਨ। ਅਸੀਂ ਉਨ੍ਹਾਂ ਦੇ ਸਕੂਲ ਛੱਡਣ ਦੇ ਸਰਟੀਫਿਕੇਟ ਲਿਆਂਦੇ ਪਰ ਕੁਝ ਪ੍ਰਿੰਸੀਪਲ ਧਾਰਮਿਕ ਤੌਰ ’ਤੇ ਇੱਕ ਪਾਸੜ ਵਿਚਾਰ ਰੱਖਦੇ ਸਨ, ਉਨ੍ਹਾਂ ਨੇ ਬੱਚਿਆਂ ਦੇ ਸਰਟੀਫਿਕੇਟ ਨਹੀਂ ਦਿੱਤੇ।”

“ਅਸੀਂ ਬੱਚਿਆਂ ਨੂੰ ਇੱਕ-ਇੱਕ ਸਾਲ ਆਪ ਪੜ੍ਹਾ ਕੇ ਅਗਲੀ ਜਮਾਤ ਵਿੱਚ ਐਫੀਡੈਵਿਟ ਦੇ ਕੇ ਦਾਖ਼ਲ ਕਰਵਾ ਦਿੱਤਾ।”

ਕੁਲਬੀਰ ਸਿੰਘ ਦੱਸਦੇ ਹਨ, “ਅਸੀਂ ਕੁਝ ਦਾਨੀ ਸੱਜਣਾਂ ਤੋਂ ਆਰਥਿਕ ਸਹਾਇਤਾ ਲਈ ਤੇ ਬੱਚਿਆਂ ਨੂੰ ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਵਾਉਂਦੇ ਰਹੇ। ਮੈਂ ਕਦੇ ਵੀ ਕਿਸੇ ਰਾਜਨੀਤਿਕ ਪਾਰਟੀ ਨਾਲ ਨਹੀਂ ਜੁੜਿਆ ਸਗੋਂ ਅਸੀਂ ਆਪਣੀ ਐੱਨਜੀਓ ਚਲਾਉਂਦੇ ਰਹੇ।”

## ਮਨੋਵਿਗਿਆਨਿਕ ਡਾਕਟਰਾਂ ਦੀ ਸਹਾਇਤਾ

ਇੱਕੋ ਜਿਹੇ ਵਿਚਾਰਾਂ ਵਾਲੇ ਲੋਕਾਂ ਵੱਲੋਂ 1984 ਵਿੱਚ ‘ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ’ ਬਣਾਈ ਜੋ ਅੱਜ ਵੀ ਤਿਲਕ ਵਿਹਾਰ ਵਿੱਚ ਚੱਲ ਰਹੀ ਹੈ।

ਉਸ ਸਮੇਂ ਕੇਂਦਰ ਸਰਕਾਰ ਵਿੱਚ ਕਲਰਕ ਦੀ ਨੌਕਰੀ ਕਰਦੇ ਕੁਲਬੀਰ ਸਿੰਘ ਦੱਸਦੇ ਹਨ ਕਿ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਹਿੰਸਾ ਦਾ ਸ਼ਿਕਾਰ ਹੋਏ ਬੱਚੇ ਮਾਨਸਿਕ ਸਦਮੇ ਵਿੱਚ ਵੀ ਸਨ।

ਕੁਲਬੀਰ ਸਿੰਘ ਕਹਿੰਦੇ ਹਨ ਕਿ ਬੱਚਿਆਂ ਦੀ ਸਹਾਇਤਾ ਲਈ ਮਨੋਵਿਗਿਆਨਕ ਡਾਕਟਰ ਵੀ ਰੱਖੇ ਗਏ ਜੋ ਬੱਚਿਆਂ ਦੀ ਕਾਉਂਸਲਿੰਗ ਕਰਦੇ ਸਨ।

ਉਹ ਕਹਿੰਦੇ ਹਨ, “ਸਾਡੇ ਕੋਲ 25 ਬੱਚੇ ਅਨਾਥ ਸਨ ਤੇ 25 ਅਪਾਹਜ ਸਨ। ਉਨ੍ਹਾਂ ਨੂੰ ਸਕੂਲ ਵਿੱਚ ਦਾਖ਼ਲ ਕਰਵਾਇਆ, ਵਰਦੀ ਸਮੇਤ ਹੋਰ ਕੱਪੜੇ ਅਤੇ ਖਾਣਾ ਵੀ ਦਿੰਦੇ ਰਹੇ।”

## ਬੱਚੇ ਕਾਰੋਬਾਰ ਤੇ ਨੌਕਰੀਆਂ ਦੇ ਕਾਬਲ ਹੋਏ

ਕੁਲਬੀਰ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੇ ਜ਼ਿੰਦਗੀ ਨੂੰ ਲੀਹ ’ਤੇ ਲਿਆਉਣ ਲਈ ਕਤਲੇਆਮ ਤੋਂ ਕੁਝ ਸਮੇਂ ਬਾਅਦ ਹੀ ਆਪਣਾ ਕੰਮ ਸ਼ੁਰੂ ਕਰ ਦਿੱਤਾ।

ਉਹ ਦੱਸਦੇ ਹਨ, “ਜੋ ਨੌਜਵਾਨ ਆਉਂਦਾ, ਅਸੀਂ ਉਸ ਨੂੰ ਪੁੱਛਦੇ



Sri Satguru Jagjit Singh Ji eLibrary NamdhariElibrary@gmail.com

ਕਿ ਉਹ ਕੀ ਕੰਮ ਕਰਦਾ ਸੀ। ਜੇ ਕੋਈ ਕਹਿੰਦਾ ਕਿ ਮੱਛੀ ਵੇਚਦਾ ਸੀ ਤਾਂ ਨਾਲ ਦੀ ਨਾਲ ਉਸ ਨੂੰ ਕੁਝ ਪੈਸੇ ਦੇ ਦੇਣੇ ਕਿ ਚੱਲੋ ਭਾਈ ਆਪਣਾ ਕੰਮ ਸ਼ੁਰੂ ਕਰੋ।"

"ਜੇ ਕਿਸੇ ਨੂੰ ਸਾਇਕਲ ਦੀ ਲੋੜ ਹੁੰਦੀ, ਉਸ ਨੂੰ ਸਾਇਕਲ ਦੇ ਦਿੰਦੇ।"

ਕੁਲਬੀਰ ਸਿੰਘ, ਦੱਸਦਾ ਹੈ, "ਸਾਡੇ ਪੜ੍ਹਾਏ ਹੋਏ ਬੱਚੇ ਸਹਾਇਕ ਮੈਨੇਜਰ ਤੱਕ ਦੀਆਂ ਨੌਕਰੀਆਂ ਉਪਰ ਪਹੁੰਚੇ ਹਨ। ਕਈ ਮੁੰਡੇ-ਕੁੜੀਆਂ ਟੀਚਰ ਲੱਗ ਗਏ।"

## ਅਨਾਥ ਆਸ਼ਰਮ ਤੋਂ ਸਰਕਾਰੀ ਅਧਿਆਪਕ ਬਣਨ ਦਾ ਸਫ਼ਰ

43 ਸਾਲਾ ਸੁਖਚੈਨ ਸਿੰਘ ਦਿੱਲੀ ਵਿੱਚ ਸਰਕਾਰੀ ਸਕੂਲ ਦੇ ਅਧਿਆਪਕ ਹਨ। ਕਤਲੇਆਮ ਵਿੱਚ ਉਨ੍ਹਾਂ ਦੇ ਪਿਤਾ ਦੇ ਕਤਲ ਤੋਂ ਬਾਅਦ ਉਹ ਅਨਾਥ ਆਸ਼ਰਮ ਵਿੱਚ ਰਹੇ।

ਪਰ ਸਿਲਾਈ ਦਾ ਕੰਮ ਕਰਕੇ ਗੁਜ਼ਾਰਾ ਕਰਦੀ ਮਾਂ ਨੇ ਸੁਖਚੈਨ ਸਿੰਘ ਤੇ ਉਨ੍ਹਾਂ ਦੇ ਭਰਾ ਨੂੰ ਆਪਣੇ ਕੋਲ ਰੱਖਣਾ ਹੀ ਠੀਕ ਸਮਝਿਆ ਤੇ ਉਹ ਨਿਸ਼ਕਾਮ ਸੰਸਥਾ ਦੀ ਮਦਦ ਨਾਲ ਪੜ੍ਹਨ ਲੱਗੇ।

ਸੁਖਚੈਨ ਸਿੰਘ ਕਹਿੰਦੇ ਹਨ, "ਮੈਂ ਪੜ੍ਹਾਈ ਵਿੱਚ ਬਹੁਤ ਕਮਜ਼ੋਰ ਸੀ ਅਤੇ ਸਭ ਕਹਿੰਦੇ ਸਨ ਕਿ ਤੈਨੂੰ ਨੌਕਰੀ ਨਹੀਂ ਮਿਲ ਸਕਦੀ ਪਰ ਕੁਲਬੀਰ ਅੰਕਲ ਨੇ ਮੈਨੂੰ ਹਮੇਸ਼ਾ ਇਹ ਹੌਂਸਲਾ ਦਿਤਾ ਕਿ ਤੂੰ ਕਰ ਸਕਦਾ ਹੈਂ।"

"ਮੈਂ ਕਾਫੀ ਮਿਹਨਤ ਕੀਤੀ। ਕੁਝ ਹੋਰ ਕੰਮ ਵੀ ਕਰਦਾ ਰਿਹਾ ਪਰ ਸਾਲ 2019 ਵਿੱਚ ਮੇਰੀ ਸਰਕਾਰੀ ਨੌਕਰੀ ਲੱਗ ਗਈ।"

ਇਸ ਤਰ੍ਹਾਂ 42 ਸਾਲ ਦੇ ਰਣਜੀਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਸੰਗੀਤ ਵਿੱਚ ਐੱਮਏ ਕੀਤੀ ਹੈ ਅਤੇ ਸਾਲ 2000 ਵਿੱਚ ਉਨ੍ਹਾਂ ਦੀ ਅਧਿਆਪਕ ਦੀ ਸਰਕਾਰੀ ਨੌਕਰੀ ਲੱਗ ਗਈ ਸੀ।

ਹੱਸਦੇ ਹੋਏ ਰਣਜੀਤ ਸਿੰਘ ਦੱਸਦੇ ਹਨ, "ਜਦੋਂ ਮੈਂ ਨੌਕਰੀ ਜੁਆਇਨ ਕੀਤੀ ਤਾਂ ਬਹੁਤ ਛੋਟਾ ਜਿਹਾ ਲੱਗਦਾ ਸੀ। ਮੇਰੇ ਹਾਲੇ ਪੂਰੀ ਦਾੜ੍ਹੀ ਵੀ ਨਹੀਂ ਆਈ ਸੀ। ਨਿਸ਼ਕਾਮ ਸੰਸਥਾ ਵਿੱਚੋਂ ਟਿਊਸ਼ਨ ਪੜ੍ਹ ਕੇ ਸਰਕਾਰੀ ਨੌਕਰੀ ਲੈਣ ਵਾਲਾ ਮੈਂ ਪਹਿਲਾ ਵਿਦਿਆਰਥੀ ਸੀ।"

ਤਿਲਕ ਵਿਹਾਰ ਤੋਂ ਸ਼ੁਰੂ ਹੋਈ ਨਿਸ਼ਕਾਮ ਸੰਸਥਾ ਹੁਣ ਦੇਸ਼ ਦੇ ਕਈ ਸੂਬਿਆਂ ਵਿੱਚ ਲੋੜਵੰਦ ਬੱਚਿਆਂ ਨੂੰ ਸਿੱਖਿਆ ਦੇ ਰਹੀ ਹੈ।

ਸੰਸਥਾ ਵੱਲੋਂ ਬਿਨਾਂ ਕਿਸੇ ਧਾਰਮਿਕ ਵਿਤਕਰੇ ਦੇ ਬੱਚਿਆਂ ਲਈ ਲਾਇਬ੍ਰੇਰੀ ਸੇਵਾ, ਟਿਊਸ਼ਨ ਤੇ ਸੰਗੀਤ ਦੀਆਂ ਕਲਾਸਾਂ ਦਿੱਤੀਆਂ ਜਾਂਦੀਆਂ ਹਨ।

45 ਸਾਲਾ ਸਤਨਾਮ ਕੌਰ ਦੱਸਦੇ ਹਨ ਕਿ ਜਦੋਂ ਕਤਲੇਆਮ ਵਿੱਚ ਉਨ੍ਹਾਂ ਦੇ ਪਿਤਾ ਦੀ ਮੌਤ ਹੋਈ ਤਾਂ ਉਸ ਤੋਂ ਬਾਅਦ ਉਨ੍ਹਾਂ ਨੂੰ ਵੱਖ-ਵੱਖ ਕੈਂਪਾਂ ਵਿੱਚ ਰਹਿਣਾ ਪਿਆ ਸੀ।

ਸਤਨਾਮ ਕੌਰ ਯਾਦ ਕਰਦੇ ਹਨ, "ਜਦੋਂ ਅਸੀਂ ਤਿਲਕ ਵਿਹਾਰ ਆਏ ਤਾਂ ਕੁਲਬੀਰ ਸਿੰਘ ਅੰਕਲ ਹੁਰਾਂ ਨੇ ਸਾਨੂੰ ਦਰੀਆਂ ਵਿਛਾ ਕੇ ਪੜ੍ਹਾਉਣਾ ਸ਼ੁਰੂ ਕੀਤਾ।"

"ਉਹ ਗਲੀਆਂ ਵਿੱਚ ਬੱਚਿਆਂ ਨੂੰ ਖਿਡਾਉਣੇ ਵੰਡਦੇ ਤੇ ਇਕੱਠੇ ਬੈਠ ਕੇ ਖੇਡਣ ਲਈ ਕਹਿੰਦੇ ਤਾਂ ਜੋ ਆਪਸੀ ਭਾਈਚਾਰਾ ਵਧ ਸਕੇ।"

ਉਹ ਕਹਿੰਦੇ ਹਨ, "ਇੱਕ ਸਮੇਂ ਬਾਅਦ ਸੀ-ਬਲਾਕ ਵਿੱਚ ਇੱਕ ਫਲੋਰ ਕਿਰਾਏ 'ਤੇ ਲਿਆ ਗਿਆ। ਅਸੀਂ ਉੱਥੇ ਸੰਗੀਤ ਸਿੱਖਿਆ ਅਤੇ ਮੈਂ ਮਿਊਜ਼ਿਕ ਵਿੱਚ ਬੀਏ ਕੀਤੀ। ਅੱਜਕੱਲ੍ਹ ਮੈਂ ਬੱਚਿਆਂ ਨੂੰ ਸੰਗੀਤ ਸਿਖਾ ਰਹੀ ਹਾਂ।"

46 ਸਾਲਾ ਤ੍ਰਿਲੋਚਨ ਕੌਰ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਹਨ। ਉਨ੍ਹਾਂ ਨੇ ਕਤਲੇਆਮ ਵਿੱਚ ਆਪਣੇ ਪਿਤਾ ਨੂੰ ਗੁਆ ਦਿੱਤਾ ਸੀ। ਕੈਂਪਾਂ ਵਿੱਚ ਰਹਿਣ ਤੋਂ ਬਾਅਦ ਉਹ ਕੁਲਬੀਰ ਸਿੰਘ ਹੁਰਾਂ ਦੇ ਸੰਪਰਕ ਵਿੱਚ ਆਏ ਤੇ ਪੜ੍ਹਾਈ ਕਰਨ ਲੱਗੇ।

ਤ੍ਰਿਲੋਚਨ ਕੌਰ ਦੱਸਦੇ ਹਨ, "ਅਸੀਂ ਜਮਨਾ ਪਾਰ ਰਹਿੰਦੇ ਸੀ। ਮੇਰੇ ਪਿਤਾ ਰੌਲਾ-ਰੱਪਾ ਹੋਣ ਤੋਂ ਬਾਅਦ ਇੱਕ ਵਾਰ ਘਰੋਂ ਨਿਕਲ ਗਏ, ਉਸ ਤੋਂ ਬਾਅਦ ਸਾਨੂੰ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਲੱਗਾ।"

"ਕੈਂਪਾਂ ਵਿੱਚ ਰਹਿਣ ਤੋਂ ਬਾਅਦ 1985 ਵਿੱਚ ਅਸੀਂ ਤਿਲਕ ਵਿਹਾਰ ਆ ਗਏ। ਜੇਕਰ ਅੰਕਲ ਜੀ (ਕੁਲਬੀਰ ਸਿੰਘ) ਨਾ ਹੁੰਦੇ ਤਾਂ ਅਸੀਂ ਰੁਲ ਜਾਂਦੇ।"

ਉਹ ਕਹਿੰਦੇ ਹਨ, "ਇਨ੍ਹਾਂ ਨੇ ਸਭ ਤੋਂ ਪਹਿਲਾਂ ਸਾਨੂੰ ਗੁਰੂ ਨਾਲ ਜੋੜਿਆ। ਸਾਨੂੰ ਨਿਸ਼ਕਾਮ ਐੱਨਜੀਓ ਨੇ ਚੁੱਕਿਆ। ਅਸੀਂ ਛੋਟੇ-ਛੋਟੇ ਮੁਕਾਬਲਿਆਂ ਵਿੱਚ ਭਾਗ ਲੈਂਦੇ ਸੀ।"

"ਇੱਕ-ਦੂਜੇ ਨੂੰ ਦੇਖ ਕੇ ਸਾਡਾ ਹੌਸਲਾ ਵਧਦਾ। ਅੱਜ ਮੈਂ ਹਿੰਦੀ ਤੇ ਹਿਸਟਰੀ ਦੀ ਐੱਮਏ ਕੀਤੀ ਹੈ। ਅਸੀਂ ਇਸ ਲਾਇਕ ਹੋ ਗਏ ਹਾਂ ਕਿ ਹੋਰ ਲੋਕਾਂ ਨੂੰ ਪ੍ਰੇਰਣਾ ਦੇ ਸਕੀਏ।"

## 'ਆਪਣੇ ਸੁਪਨੇ ਅਧੂਰੇ ਰਹਿ ਗਏ'

ਕੁਲਬੀਰ ਸਿੰਘ ਨੇ ਬੀਏ ਤੱਕ ਦੀ ਪੜ੍ਹਾਈ ਕੀਤੀ ਹੈ। ਉਹ ਵਕੀਲ ਬਣਨਾ ਚਾਹੁੰਦੇ ਸਨ ਪਰ ਘਰ ਦੀ ਗਰੀਬੀ ਕਾਰਨ ਉਹ ਇਹ ਸੁਪਨਾ ਪੂਰਾ ਨਹੀਂ ਕਰ ਸਕੇ।

ਪਰ ਉਹ ਚਾਹੁੰਦੇ ਸਨ ਕਿ ਕਤਲੇਆਮ ਦੇ ਪੀੜਤ ਬੱਚਿਆਂ ਦੇ ਸੁਪਨੇ ਅਧੂਰੇ ਨਾ ਰਹਿ ਜਾਣ।

ਕੁਲਬੀਰ ਸਿੰਘ ਕਹਿੰਦੇ ਹਨ, "ਮੈਂ ਜਦੋਂ ਦੇਰ ਰਾਤ ਥੱਕਿਆ ਟੁੱਟਿਆ ਘਰ ਵਾਪਸ ਜਾਂਦਾ ਸੀ ਤਾਂ ਇੱਕ ਸਕੂਨ ਜਿਹਾ ਆਉਂਦਾ ਸੀ।"

"ਅੱਜ ਜਦੋਂ ਡੇਢ ਲੱਖ ਤਨਖਾਹ ਲੈਣ ਵਾਲਾ ਬੱਚਾ ਮੇਰੇ ਸਾਹਮਣੇ ਖੜ੍ਹਾ ਹੁੰਦਾ ਹੈ ਤਾਂ ਇੱਕ ਮਾਣ ਮਹਿਸੂਸ ਹੁੰਦਾ ਹੈ। ਮੇਰੀ ਆਪਣੀ ਤਨਖਾਹ 200-250 ਰੁਪਏ ਤੋਂ ਸ਼ੁਰੂ ਹੋਈ ਸੀ।"

ਇਹ ਕਹਿ ਕੇ ਕੁਲਬੀਰ ਸਿੰਘ ਹੱਸਣ ਲੱਗਦੇ ਹਨ।

ਫਿਰ ਕਹਿੰਦੇ ਹਨ, "ਮੇਰੀ ਆਪਣੀ ਨੌਕਰੀ ਡੇਢ ਲੱਖ 'ਤੇ ਖ਼ਤਮ ਨਹੀਂ ਹੋਈ ਸੀ। ਉਨ੍ਹਾਂ ਨੂੰ ਤਰੱਕੀ ਕਰਦਿਆਂ ਦੇਖ ਕੇ ਇੱਕ ਖੁਸ਼ੀ ਮਿਲਦੀ ਹੈ।"

• • •



Sri Satguru Jagjit Singh Ji eLibrary NamdhariElibrary@gmail.com

# ਪੰਜ ਤਖ਼ਤਾਂ ਦੀ ਮਹਾਨਤਾ

ਡਾ. ਹਰਬੰਸ ਸਿੰਘ, ਨਵੀਂ ਦਿੱਲੀ*

**(ਪਿਛਲੇ ਅੰਕ ਤੋਂ ਅੱਗੇ)**

## ਤਖ਼ਤ ਸ੍ਰੀ ਪਟਨਾ ਸਾਹਿਬ :

ਪਟਨਾ ਨਗਰ ਦਰਿਆ ਗੰਗਾ ਦੇ ਸੱਜੇ ਕੰਢੇ ਵੱਸਿਆ ਹੋਇਆ ਹੈ। ਇਸ ਨਗਰ ਦਾ ਪਹਿਲਾਂ ਨਾਮ ਪਾਟਲੀ ਪੁੱਤਰ ਸੀ ਅਤੇ ਇਹ ਮੌਰੀਆ ਸ਼ਾਸਕਾਂ ਦੀ ਰਾਜਧਾਨੀ ਸੀ। ਚੰਦਰਗੁਪਤ ਮੌਰੀਆ ਦੇ ਸਮੇਂ..... ਦਾ ਰਾਜਦੂਤ (ਅਤੇ ਯਾਤਰੀ) ਮੈਗਜ਼ਨੀਜ਼ ਕਾਫ਼ੀ ਸਮਾਂ ਇੱਥੇ ਠਹਿਰਿਆ ਸੀ ਤੇ ਜਿਨ੍ਹੇ ਆਪਣੀਆਂ ਲਿਖਤਾਂ ਵਿਚ ਇਥੋਂ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ। ਆਪਣੀ ਪੂਰਬ ਦੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਇੱਥੇ ਸਾਲਸਰਾਇ ਜੌਹਰੀ ਕੋਲ ਠਹਿਰੇ ਸਨ ਤੇ ਇਸ ਨੂੰ ਆਪਣਾ ਸਿੱਖ ਬਣਾਇਆ ਸੀ। ਸਾਲਸਰਾਇ ਨੇ ਪਟਨਾ ਸਾਹਿਬ ਵਿਖੇ ਇਕ ਧਰਮਸ਼ਾਲਾ ਸਥਾਪਿਤ ਕੀਤੀ ਸੀ ਅਤੇ ਸਿੱਖ ਸੰਗਤਾਂ ਨੂੰ ਜਥੇਬੰਦ ਕੀਤਾ ਸੀ। ਬੇਸ਼ਕ ਗੁਰੂ ਨਾਨਕ ਦੇਵ ਜੀ ਤੋਂ ਬਾਦ ਕਾਫ਼ੀ ਲੰਮੇ ਸਮੇਂ ਤੱਕ ਕਿਸੇ ਵੀ ਗੁਰੂ ਸਾਹਿਬ ਨੂੰ ਇਧਰ ਆਉਣ ਦਾ ਮੌਕਾ ਨਹੀਂ ਸੀ ਮਿਲਿਆ ਪਰ ਗੁਰੂ ਹਰਿਗੋਬਿੰਦ ਜੀ ਦੇ ਇਕ ਹੁਕਮਨਾਮੇ ਤੋਂ ਇਹ ਗੱਲ ਸਪਸ਼ਟ ਹੈ ਕਿ ਪਟਨੇ ਦੀ ਸਿੱਖ ਸੰਗਤ ਲਗਾਤਾਰ ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਜੁੜੀ ਹੋਈ ਸੀ। ਇਸ ਹੁਕਮਨਾਮੇ ਤੋਂ ਇਹ ਵੀ ਪਤਾ ਚਲਦਾ ਹੈ ਕਿ ਇਥੋਂ ਦੇ ਮੁਖੀ ਸਿੱਖ ਭਾਈ ਸਾਧੂ ਜੀ ਤੇ ਭਾਈ ਗੁਰਦਾਸ ਜੀ ਸਨ।

ਜਦੋਂ ਗੁਰੂ ਤੇਗ ਬਹਾਦਰ ਜੀ ਬਿਹਾਰ, ਬੰਗਾਲ ਅਤੇ ਆਸਾਮ ਆਦਿ ਪ੍ਰਾਂਤਾਂ ਦੀ ਯਾਤਰਾ ਲਈ ਨਿਕਲੇ ਤਾਂ ਆਪ ਆਪਣੇ ਪ੍ਰਵਾਰ ਸਮੇਤ ਇੱਥੇ ਠਹਿਰੇ ਸਨ। ਇੱਥੇ ਹੀ 22 ਦਸੰਬਰ 1666 ਈਸਵੀ ਨੂੰ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਦਾ ਆਗਮਨ ਹੋਇਆ ਸੀ। ਇਸੇ ਕਰਕੇ ਪੁਰਾਣੇ ਪਟਨਾ ਸ਼ਹਿਰ ਨੂੰ ਆਦਰ ਅਤੇ ਸਤਿਕਾਰ ਕਰਦੇ 'ਪਟਨਾ ਸਾਹਿਬ' ਕਿਹਾ ਜਾਂਦਾ ਹੈ। ਇਹ 'ਤਖ਼ਤ' ਭਾਰਤ ਦੇ ਪੂਰਬੀ ਪ੍ਰਾਂਤਾਂ ਵਿਚ ਵਸਦੇ ਸਿੱਖਾਂ ਦਾ ਇਕ ਮਹਾਨ ਕੇਂਦਰ ਹੈ ਅਤੇ ਸਿੱਖ ਪੰਥ ਦੇ ਪੰਜਾਂ ਤਖ਼ਤਾਂ ਵਿਚੋਂ ਇਕ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਚਪਨ ਦੇ ਮੁਢੱਲੇ ਵਰ੍ਹੇ ਇੱਥੇ ਹੀ ਬਿਤਾਏ ਸਨ। ਇਨ੍ਹਾਂ ਦੀ ਯਾਦ ਵਿਚ ਇਸ ਨਗਰ ਵਿਚ ਅਨੇਕ ਇਤਿਹਾਸਕ ਸਥਾਨ ਹਨ। ਇਨ੍ਹਾਂ ਵਿਚ ਗੁਰਦੁਆਰਾ ਬਾਲ ਲੀਲਾ, ਮੈਨੀ ਸੰਗਤ, ਗੁਰਦੁਆਰਾ ਗੋਬਿੰਦ ਘਾਟ ਅਤੇ ਗੁਰਦੁਆਰਾ ਗੁਰੂ ਕਾ ਬਾਗ ਸ਼ਾਮਲ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਜੀ ਵਿਖੇ ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਕਈ ਹੁਕਮਨਾਮੇ ਅਤੇ ਗੁਰੂ ਸਾਹਿਬ ਦੀਆਂ ਦੁਰਲੱਭ ਵਸਤਾਂ ਸੰਭਾਲੀਆਂ ਪਈਆਂ ਹਨ। ਡਾ: ਵੇਦ ਪ੍ਰਕਾਸ਼ ਨੇ ਆਪਣੀ



ਪੁਸਤਕ 'The Sikhs in Bihar' ਵਿਚ ਇਨ੍ਹਾਂ ਹੁਕਮਨਾਮਿਆਂ ਦੀ ਸੰਖਿਆ 35 ਲਿਖੀ ਹੈ ਜਿਨ੍ਹਾਂ ਵਿਚੋਂ 33 ਗੁਰੂ ਸਾਹਿਬਾਨ ਦੇ ਹਨ। ਐਨਸਾਈਕਲੋਪੀਡੀਆ ਆਫ਼ ਸਿਖਇਜ਼ਮ ਅਨੁਸਾਰ ਦੁਰਲੱਭ ਇਤਿਹਾਸਕ ਵਸਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਚੋਲਾ, ਗੁਰੂ ਤੇਗ ਬਹਾਦਰ ਜੀ ਦੀਆਂ ਖੜਾਵਾਂ ਅਤੇ ਗੁਰੂ ਜੀ ਦੇ ਸ਼ਸਤਰ ਹਨ। ਗੁਰੂ ਜੀ ਦੇ ਸਮੇਂ ਇਥੋਂ ਦੇ ਮੁੱਖ ਸਿੱਖਾਂ ਵਿਚੋਂ ਭਾਈ ਦਿਆਲ ਦਾਸ, ਭਾਈ ਰਾਮ ਰਾਇ ਅਤੇ ਭਾਈ ਦਰਬਾਰੀ ਦਾ ਨਾਮ ਕਈ ਹੁਕਮਨਾਮਿਆਂ ਵਿਚ ਆਇਆ ਹੈ। ਡਾ: ਸੁਖਦਿਆਲ ਸਿੰਘ ਅਨੁਸਾਰ ਇਕ ਹੋਰ ਸਿੱਖ ਭਾਈ ਜਵੇਹਰੀ ਬਨਾਰਸ ਦੀ ਸੰਗਤ ਦਾ ਮੁਖੀ ਸੀ ਤੇ ਇਸ ਤਖ਼ਤ ਨਾਲ ਵੀ ਜੁੜਿਆ ਹੋਇਆ ਸੀ।

ਗੁਰੂ ਗੋਬਿੰਦ ਸਿੰਘ ਜੀ 7 ਅਕਤੂਬਰ 1708 ਨੂੰ ਆਪਣੀ ਜੀਵਨ ਲੀਲਾ ਸੰਪੂਰਨ ਕਰ ਗਏ। ਲਗਦਾ ਹੈ ਪਟਨੇ ਦੀ ਸੰਗਤ ਨੇ ਲਗਾਤਾਰ ਆਪਣਾ ਸੰਪਰਕ ਮਾਤਾ ਸੁੰਦਰੀ ਜੀ ਨਾਲ ਬਣਾਈ ਰਖਿਆ ਅਤੇ ਉਨਾਂ ਤੋਂ ਅਗਵਾਈ ਲੈਂਦੇ ਰਹੇ। ਇਸ ਹੁਕਮਨਾਮੇ ਵਿਚ ਮਾਤਾ ਸੁੰਦਰੀ ਜੀ ਇਥੋਂ ਦੀ ਸੰਗਤ ਨੂੰ ਆਪਣਾ ਫ਼ਰਜ਼ੰਦ (ਅਰਥਾਤ ਪੁੱਤਰ) ਕਰਕੇ ਲਿਖਦੇ ਹਨ। ਗੁਰੂ ਘਰ ਵਿਚ ਇਥੋਂ ਦੀਆਂ ਸੰਗਤਾਂ ਦਾ ਰੁਤਬਾ ਬੜਾ ਉੱਚਾ ਸਮਝਿਆ ਜਾਂਦਾ ਰਿਹਾ ਹੈ। ਸਰ ਚਾਰਲਸ ਵਿਲਿਇਨਜ਼ (1750-1836) ਜਿਸ ਨੇ ਇਸ ਸ਼ਹਿਰ ਨੂੰ 1781 ਵਿਚ ਵੇਖਿਆ ਸੀ ਆਪਣੀ ਇਕ ਚਿੱਠੀ ਵਿਚ ਇੱਥੇ ਇਕ ਵਿਦਿਅਕ ਅਦਾਰੇ (ਕਾਲਜ) ਦਾ ਉਲੇਖ ਕਰਦਾ ਹੈ ਜਿੱਥੇ ਸਿੱਖ ਅਤੇ ਗੈਰ ਸਿੱਖ ਬੱਚਿਆਂ ਨੂੰ ਸ਼ਿਕਸ਼ਾ ਦਿੱਤੀ ਜਾਂਦੀ ਸੀ। ਉਹ ਆਪਣੀ ਇਕ ਮਾਰਚ ਦੀ ਚਿੱਠੀ ਵਿਚ ਲਿਖਦਾ ਹੈ ਕਿ "ਕਲਕੱਤੇ ਲਈ ਰਵਾਨਾ ਹੋਣ ਤੋਂ ਪਹਿਲਾਂ (ਮੈਨੂੰ) ਇਕ ਸੱਜਣ ਪੁਰਸ਼ ਨਾਲ ਉਸ ਫਿਰਕੇ ਦੇ ਲੋਕਾਂ (ਸਿੱਖਾਂ) ਬਾਰੇ ਵਿਚਾਰ ਕਰਨ ਦਾ ਮੌਕਾ ਮਿਲਿਆ, ਜਿਹੜਾ ਮੁਸਲਮਾਨ ਅਤੇ

*ਖ਼ਾਲਸਾ ਕਾਲਜ, ਦਿੱਲੀ ਯੂਨੀਵਰਸਿਟੀ।



Sri Satguru Jagjit Singh Ji eLibrary NamdhariElibrary@gmail.com

ਹਿੰਦੂ ਫ਼ਿਰਕੇ ਨਾਲੋਂ ਬਿਲਕੁਲ ਵੱਖਰਾ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਨ੍ਹਾਂ ਲੋਕਾਂ ਦੀ ਪਟਨਾ ਸ਼ਹਿਰ ਵਿਚ ਕਾਫ਼ੀ ਗਿਣਤੀ ਹੈ, ਜਿੱਥੇ ਕਿ ਇਨ੍ਹਾਂ ਦੇ ਧਰਮ ਬਾਰੇ ਜਾਣਕਾਰੀ ਦੇਣ ਲਈ ਇਕ ਉੱਚ ਵਿਦਿਆਲਾ (ਕਾਲਜ) ਸਥਾਪਤ ਹੈ।

ਤਖ਼ਤ ਸਾਹਿਬ ਦੇ ਮੁਖ ਹਾਲ ਬਾਰੇ ਉਹ ਲਿਖਦਾ ਹੈ ਕਿ ਹਾਲ ਦੇ ਖੱਬੇ ਹੱਥ ਇਕ ਛੋਟਾ ਕਮਰਾ ਹੈ ਅਤੇ ਦਰਬਾਰ ਦੇ ਅਖੀਰ 'ਤੇ (ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲਾ) ਉਹ ਅਸਥਾਨ ਹੈ ਜਿਹੜਾ ਸੁਨਹਿਰੀ ਕਪੜੇ ਦੀ ਚਾਨਣੀ ਨਾਲ ਢਕਿਆ ਹੋਇਆ ਹੈ।...... ਇਕ ਨੀਵੀਂ ਮੰਜੀ ਉਪਰ **ਇਕ ਵੱਡੀ ਪੋਥੀ (ਗੁਰੂ ਗ੍ਰੰਥ ਸਾਹਿਬ) ਪਈ ਹੈ।** ਜਿਸ ਤੋਂ ਹਰ ਰੋਜ਼ ਕੁਝ ਹਿੱਸੇ ਦਾ ਪਾਠ ਕੀਤਾ ਜਾਂਦਾ ਹੈ। ਇਕ ਹੋਰ ਲਿਖਾਰੀ ਅਤੇ ਯਾਤਰੂ ਮੁਲਾਹ ਅਹਿਮਦ ਬੁਖਾਰੀ ਜੋ ਅਠਾਰ੍ਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਪਟਨਾ ਸਾਹਿਬ ਆਇਆ ਸੀ, ਉਹ ਲਿਖਦਾ ਹੈ, 'ਗੁਰੂ ਗੋਬਿੰਦ (ਸਿੰਘ) ਦੇ ਜਨਮ ਅਸਥਾਨ 'ਤੇ ਸਿੱਖਾਂ ਨੇ ਇਕ ਜਨਤਕ ਯਾਦਗਾਰ ਉਸਾਰੀ ਹੋਈ ਹੈ। ਇਸ ਨੂੰ ਤਾਕਤ ਅਤੇ ਉਤਸ਼ਾਹ ਦੇਣ ਵਾਲੀ ਜਗਾਹ ਸਮਝਿਆ ਜਾਂਦਾ ਹੈ ਅਤੇ ਉਹ ਇਸ ਨੂੰ ਹਰਿਮੰਦਰ ਕਹਿੰਦੇ ਹਨ। ਇਸ ਨੂੰ ਸੰਗਤ ਵੀ ਕਿਹਾ ਜਾਂਦਾ ਹੈ ਅਤੇ ਇਸ ਸੰਗਤ ਨੂੰ ਮਹਾਨ ਸ਼ਰਧਾ ਨਾਲ ਸਤਿਕਾਰਿਆ ਜਾਂਦਾ ਹੈ। ਉਨ੍ਹਾਂ (ਸਿੱਖਾਂ) ਨੇ ਇਸ ਨੂੰ ਮਹਾਨ ਯਾਤਰਾ ਵਾਲੀ ਥਾਂ ਬਣਾਇਆ ਹੈ।'

ਤਖ਼ਤ ਸਾਹਿਬ ਦੀ ਪੁਰਾਣੀ ਇਮਾਰਤ 1834 ਵਿਚ ਇਕ ਭੁਚਾਲ ਕਾਰਨ ਗਿਰ ਕੇ ਨਸ਼ਟ ਹੋ ਗਈ। ਉਦੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ (1799-1839) ਦਾ ਰਾਜ ਸੀ। ਇਹ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਸੀ। ਰਣਜੀਤ ਸਿੰਘ ਦੁਆਰਾ ਇਸ ਇਮਾਰਤ ਨੂੰ ਦੁਬਾਰਾ ਬਣਾਇਆ ਗਿਆ। ਤਖ਼ਤ ਸਾਹਿਬ ਦੀ ਇਹ ਇਮਾਰਤ 1931 ਤੱਕ ਕਾਇਮ ਰਹੀ। ਪਰ ਇਸ ਸਾਲ ਇਕ ਭਿਆਨਕ ਅੱਗ ਲੱਗ ਜਾਣ ਕਾਰਣ ਰਣਜੀਤ ਸਿੰਘ ਦੁਆਰਾ ਬਣਵਾਏ ਗਏ ਗੁਰਦੁਆਰੇ ਦੀ ਖ਼ੂਬਸੂਰਤ ਇਮਾਰਤ ਗਿਰ ਗਈ। ਵਰਤਮਾਨ ਪੰਜ ਮੰਜ਼ਲੀ ਇਮਾਰਤ ਦੀ ਉਸਾਰੀ 10 ਨਵੰਬਰ 1954 ਨੂੰ ਸ਼ੁਰੂ ਕੀਤੀ ਗਈ। ਇਸ ਉਪਰ 20 ਲੱਖ ਰੁਪਏ ਤੋਂ ਵੱਧ ਖਰਚ ਹੋਇਆ ਜੋ ਸੰਗਤਾਂ ਦੇ ਸਹਿਯੋਗ ਨਾਲ ਇਕੱਠਾ ਕੀਤਾ ਗਿਆ। ਇਹ ਇਮਾਰਤ ਦਸੰਬਰ 1957 ਵਿਚ ਬਣ ਕੇ ਤਿਆਰ ਹੋ ਗਈ। ਇਸ ਦੀ ਉਸਾਰੀ ਵਿਚ ਸੰਤ ਨਿਸ਼ਚਲ ਸਿੰਘ ਜੀ (ਯਮੁਨਾ ਨਗਰ) ਅਤੇ ਸੰਤ ਬਾਬਾ ਕਰਤਾਰ ਸਿੰਘ ਜੀ ਕਪੂਰਥਲਾ ਨੇ ਬੜੀ ਸੇਵਾ ਕੀਤੀ ਸੀ। ਗੁਰਦੁਆਰੇ ਦਾ ਉਦਘਾਟਨ ਸ਼ਬਦ ਕੀਰਤਨ ਅਤੇ ਅਰਦਾਸ ਨਾਲ ਮਹਾਰਾਜਾ ਪਟਿਆਲਾ ਸ: ਯਾਦਵਿੰਦਰ ਸਿੰਘ ਕੋਲੋਂ ਕਰਵਾਇਆ ਗਿਆ।

ਬਹੁਤ ਲੰਮੇ ਸਮੇਂ ਤੱਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਬੰਧ ਮਹੰਤਾਂ ਅਤੇ ਪੁਜਾਰੀਆਂ ਦੇ ਹੱਥ ਵਿਚ ਹੀ ਰਿਹਾ ਹੈ। ਇਹੀ ਕਾਰਣ ਹੈ ਕਿ ਇਥੋਂ ਦੀ ਮਰਯਾਦਾ ਵੀ ਪੰਜਾਬ ਦੇ ਗੁਰਦੁਆਰਿਆਂ ਤੋਂ ਵੱਖਰੀ ਹੀ ਰਹੀ ਹੈ। ਇੱਥੋਂ ਦਾ ਮੁਖੀ ਜਥੇਦਾਰ ਨਹੀਂ ਅਖਵਾਂਦਾ ਸਗੋਂ ਆਪਣੇ ਆਪ ਨੂੰ ਹੈੱਡ ਗ੍ਰੰਥੀ ਜਾਂ ਪੁਜਾਰੀ ਹੀ ਅਖਵਾਂਦਾ ਹੈ। ਕਦੇ ਕਦੇ ਲੋੜ ਪੈਣ 'ਤੇ ਇਹੀ ਪੁਜਾਰੀ 'ਜਥੇਦਾਰ' ਬਣ ਜਾਂਦਾ ਹੈ। ਇਥੋਂ ਦੀ ਸੇਵਾ ਕਰਨ ਵਾਲੇ 'ਪੁਜਾਰੀ' ਆਮ ਕਰਕੇ ਸਰਕਾਰ ਪੱਖੀ ਨੀਤੀਆਂ ਦੇ ਹੀ ਸਮਰਥਕ ਰਹੇ ਹਨ। **1984 ਵਿਚ ਜਦੋਂ ਦਰਬਾਰ ਸਾਹਿਬ ਉਪਰ ਫ਼ੌਜੀ ਕਾਰਵਾਈ ਕੀਤੀ ਗਈ ਤਾਂ ਇੱਥੋਂ ਦੇ ਮੁਖੀ ਨੇ ਆਪਣੇ ਬਿਆਨਾਂ ਵਿਚ ਸਰਕਾਰ ਦਾ ਹੀ ਪੱਖ ਪੂਰਿਆ।**

ਇੱਥੋਂ ਬਹੁਤੇ ਹੁਕਮਨਾਮੇ ਤਾਂ ਜਾਰੀ ਨਹੀਂ ਕੀਤੇ ਗਏ ਪਰ ਸੰਮਤ 1872 ਵਿਚ ਲਿਖਿਤ ਇਕ ਹੁਕਮਨਾਮੇ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੂੰ ਮੁਲਤਾਨ ਫ਼ਤਿਹ ਕਰਨ ਦੀ ਅਸ਼ੀਰਵਾਦ ਦਿੱਤੀ ਗਈ ਹੈ। ਦੂਸਰਾ ਹੁਕਮਨਾਮਾ 4 ਫ਼ਰਵਰੀ 1862 ਦਾ ਲਿਖਿਆ ਮਿਲਦਾ ਹੈ ਅਤੇ ਤੀਸਰਾ 14 ਫ਼ਰਵਰੀ 1972 ਨੂੰ ਜਾਰੀ ਕੀਤਾ ਗਿਆ ਸੀ ਜਿਹੜਾ ਕੂਕਾ ਕੁਫ਼ਰ ਤੋੜ ਕਾਨਫ੍ਰੰਸ ਮੁੱਲਾਪੁਰ ਵਿਖੇ ਭੇਜਿਆ ਗਿਆ ਸੀ। 1956 ਵਿਚ ਇੱਥੋਂ ਦਾ ਪ੍ਰਬੰਧ ਚਲਾਉਣ ਲਈ 15 ਮੈਂਬਰੀ ਕਮੇਟੀ ਨਿਯੁਕਤ ਕੀਤੀ ਗਈ। ਇਸ ਕਮੇਟੀ ਨੇ 16 ਮਈ 1957 ਤੋਂ ਤਖ਼ਤ ਸਾਹਿਬ ਦਾ ਕੰਮਕਾਜ ਤੇ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ। ਇਸ ਕਮੇਟੀ ਵਿਚ ਪਟਨਾ ਸ਼ਹਿਰ, ਬਿਹਾਰ, ਕਲਕੱਤਾ ਅਤੇ ਕੁਝ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਚੀਫ਼ ਖਾਲਸਾ ਦੀਵਾਨ ਅਤੇ ਦਿੱਲੀ ਦੇ ਮੈਂਬਰ ਸ਼ਾਮਲ ਹਨ। ਡਿਸਟ੍ਰਿਕਟ ਜੱਜ ਪਟਨਾ ਆਪਣੇ ਵਲੋਂ ਤਿੰਨ ਮੈਂਬਰਾਂ ਨੂੰ ਨਾਮਜ਼ਦ ਕਰਦਾ ਹੈ। ਬੇਸ਼ਕ ਪਿਛਲੇ 40-45 ਸਾਲਾਂ ਵਿਚ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਕਾਫ਼ੀ ਸੁਧਾਰ ਹੋਇਆ ਹੈ। ਪਰ ਤਾਂ ਵੀ ਇੱਥੋਂ ਦੀ ਪ੍ਰਚਲਤ ਮਰਯਾਦਾ, ਅਰਦਾਸ ਕਰਨ ਅਤੇ ਆਰਤੀ ਆਦਿ ਦੇ ਢੰਗ ਵਿਚ ਕੁਝ ਵੀ ਨਹੀਂ ਬਦਲਿਆ ਗਿਆ। ਇਹ ਸਭ ਕੁਝ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਮਾਣਿਤ ਮਰਯਾਦਾ ਨਾਲ ਮੇਲ ਨਹੀਂ ਖਾਂਦਾ। ਇਹ ਤਾਂ ਪਟਨਾ ਸਾਹਿਬ ਨਾਲ ਜੁੜੀ ਸਿੱਖ ਪੰਥ ਦੀ ਭਾਵਨਾਤਮਕ ਸਾਂਝ ਹੈ ਜਿਸ ਨੇ ਇਸ ਤਖ਼ਤ ਦੀ ਮਹਾਨਤਾ ਵਿਚ ਕਦੇ ਕਮੀ ਨਹੀਂ ਆਉਣ ਦਿੱਤੀ।

ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਕੁਝ ਅਜਿਹਾ ਉਪਰਾਲਾ ਕਰਨਾ ਚਾਹੀਦਾ ਹੈ ਕਿ ਪੰਜੇ ਤਖ਼ਤਾਂ ਦੀ ਮਰਯਾਦਾ ਇਕ ਹੋ ਜਾਵੇ। ਕਿਸੇ ਵੀ ਤਖ਼ਤ ਦਾ ਜਥੇਦਾਰ, ਨਿੱਜੀ ਸਵਾਰਥ ਜਾਂ ਸਰਕਾਰੀ ਦਬਾ ਥੱਲੇ ਇਨ੍ਹਾਂ ਤਖ਼ਤਾਂ ਤੋਂ ਕੋਈ ਗਲਤ ਕਾਰਵਾਈ ਨਾ ਕਰ ਸਕੇ। ਜਦੋਂ ਕਦੇ ਵੀ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਦੀ ਗੱਲ ਚੱਲੀ ਹੈ, ਉਹ ਕਿਸੇ ਨਾ ਕਿਸੇ ਕਾਰਨ ਕਰਕੇ ਖਟਾਈ ਵਿਚ ਪੈ ਜਾਂਦੀ ਸੀ/ਹੈ।

## ਤਖ਼ਤ ਸ੍ਰੀ ਦਮਦਮਾ ਸਾਹਿਬ :

ਤਖ਼ਤ ਸ੍ਰੀ ਦਮਦਮਾ ਸਾਹਿਬ ਸਿੱਖ ਪੰਥ ਦੇ ਪੰਜਾਂ ਤਖ਼ਤਾਂ ਵਿਚੋਂ ਇਕ ਹੈ। ਦਮਦਮਾ ਸਾਹਿਬ ਨੂੰ ਸਾਬੋ ਕੀ ਤਲਵੰਡੀ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ। ਇਹ ਨਗਰ ਬਠਿੰਡਾ ਤੋਂ ਦੱਖਣ ਪੂਰਬ ਵੱਲ 28 ਕਿਲੋਮੀਟਰ ਦੇ ਫ਼ਾਸਲੇ 'ਤੇ ਹੈ। ਬੇਸ਼ੱਕ ਇਸ ਸਥਾਨ ਦੀ ਮਹੱਤਤਾ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ **ਪਰ ਇਸ ਨੂੰ ਪੰਜਾਂ ਤਖ਼ਤਾਂ ਵਿਚ ਸ਼ਾਮਲ ਹੋਣ ਦਾ ਦਰਜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 18 ਨਵੰਬਰ 1966 ਵਿਚ ਪਾਸ ਕੀਤੇ ਮਤਾ ਨੰਬਰ 32 ਅਨੁਸਾਰ ਹੀ ਸੰਭਵ ਹੋ ਪਾਇਆ ਹੈ।** ਇਸ ਮਤੇ ਦੀ ਸੂਚਨਾ ਪੰਜਾਬ ਸਰਕਾਰ ਨੂੰ ਵੀ ਦੇ ਦਿੱਤੀ ਗਈ



Sri Satguru Jagjit Singh Ji eLibrary NamdhariElibrary@gmail.com



ਸੀ ਤਾਕਿ ਉਹ ਗੁਰਦੁਅਰਾ ਐਕਟ ਵਿਚ ਤਰਮੀਮ ਕਰ ਲੈਣ। ਇਸ ਤਖ਼ਤ ਦੇ ਜਥੇਦਾਰ ਨੂੰ ਵੀ ਉਹ ਸਾਰੇ ਹੱਕ ਪ੍ਰਾਪਤ ਹਨ ਜੋ ਬਾਕੀ ਹੋਰ ਚਾਰ ਤਖ਼ਤਾਂ ਦੇ ਜਥੇਦਾਰਾਂ ਨੂੰ ਮਿਲੇ ਹੋਏ ਹਨ। ਤਲਵੰਡੀ ਸਾਬੋ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵੀ ਮਾਣ ਪ੍ਰਾਪਤ ਹੈ। 'ਸਾਖੀ ਪੋਥੀ' ਅਨੁਸਾਰ ਇਹ ਵਰਦਾਨ ਗੁਰੂ ਗੋਬਿੰਦ ਜੀ ਨੇ ਦਿੱਤਾ ਸੀ। ਮਾਲਵਾ ਦੇਸ਼ ਰਟਨ ਦੇ ਦੌਰਿਆਂ ਦੀ ਸਾਖੀ ਵਿਚ ਲਿਖਿਆ ਹੈ ਕਿ 'ਗੁਰੂ ਜੀ ਨੇ ਸਥਾਨਕ ਸੰਗਤਾਂ ਦੀ ਸ਼ਰਧਾ ਅਤੇ ਸਤਿਕਾਰ ਨੂੰ ਦੇਖਕੇ ਬਚਨ ਦਿੱਤਾ ਕਿ ਇਹ ਅਸਥਾਨ ਵਿਦਿਅਕ ਕੇਂਦਰ ਦੇ ਤੌਰ 'ਤੇ ਉਭਰੇਗਾ ਅਤੇ ਹਿੰਦੂਆਂ ਦੀ ਕਾਸ਼ੀ (ਵਾਰਾਣਸੀ) ਦੇ ਬਰਾਬਰ ਦਰਜਾ ਹਾਸਲ ਕਰੇਗਾ।' ਮੁਕਤਸਰ ਦੀ ਲੜਾਈ ਤੋਂ ਬਾਦ ਗੁਰੂ ਜੀ ਜਨਵਰੀ 1706 ਤੋਂ ਲੈ ਕੇ ਅਕਤੂਬਰ 1706 ਤੱਕ ਇੱਥੇ ਠਹਿਰੇ ਸਨ। ਗੁਰੂ ਜੀ ਦੇ ਇੱਥੇ ਬਿਰਾਜਣ ਦਾ ਸਮਾਂ 9 ਮਹੀਨੇ, 9 ਦਿਨ ਬਣਦਾ ਹੈ। ਗੁਰੂ ਨਾਨਕ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਵੀ ਇਧਰ ਆਉਣ ਦਾ ਪਤਾ ਚਲਦਾ ਹੈ।

ਅਠਾਰਵੀਂ ਸਦੀ ਵਿਚ ਜਦੋਂ ਸਿੱਖਾਂ ਉਪਰ ਸਖ਼ਤੀਆਂ ਦਾ ਦੌਰ ਜਾਰੀ ਸੀ ਤਾਂ ਬਹੁਤ ਸਾਰੇ ਸਿੱਖ ਪ੍ਰਵਾਰ ਕੇਂਦਰੀ ਪੰਜਾਬ ਨੂੰ ਛੱਡਕੇ ਇਧਰ ਆ ਗਏ ਸਨ। ਬਾਬਾ ਦੀਪ ਸਿੰਘ ਦੇ ਸਮੇਂ ਇਹ ਨਗਰ ਸੈਨਿਕ ਛਾਉਣੀ ਅਤੇ ਵਿਦਿਅਕ ਕੇਂਦਰ ਵੱਜੋਂ ਵਿਕਸਤ ਹੋ ਗਿਆ ਸੀ। ਬਾਬਾ ਦੀਪ ਸਿੰਘ ਜੀ ਨੇ ਗੁਰਬਾਣੀ ਦੇ ਸ਼ੁਧ ਉਚਾਰਣ ਅਤੇ ਸ਼ੁਧ ਅਰਥ ਕਰਨ ਲਈ ਸ੍ਰੀ ਦਮਦਮਾ ਸਾਹਿਬ ਦੀ ਸਥਾਪਨਾ ਕੀਤੀ ਸੀ। ਇੱਥੇ ਰਹਿੰਦਿਆਂ ਹੀ ਆਪ ਜੀ ਨੇ ਆਪਣੇ ਹੱਥੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਤਿਆਰ ਕੀਤੇ ਸਨ। ਇਹ ਚਾਰ ਸਰੂਪ ਚਾਰ ਤਖ਼ਤਾਂ ਉਪਰ ਰੱਖੇ ਗਏ ਸਨ। ਇਨ੍ਹਾਂ ਚਾਰ ਸਰੂਪਾਂ ਵਿੱਚੋਂ ਹੀ ਇਕ ਸਰੂਪ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦਾ ਪਦ ਪ੍ਰਵਾਨ ਕਰਕੇ ਮੱਥਾ ਟੇਕਿਆ ਸੀ। ਇਹ ਸਰੂਪ ਉਸ ਬੀੜ ਦੇ ਉਤਾਰੇ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਤੋਂ ਤਿਆਰ ਕਰਵਾਈ ਸੀ। ਜਦੋਂ 1757 ਵਿਚ ਅਹਿਮਦਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲਾ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਇਕ ਸੱਚੇ ਸੰਤ ਸਿਪਾਹੀ ਵਾਂਗ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਮਰਯਾਦਾ ਦੀ ਰੱਖਿਆ ਲਈ ਸਿੰਘਾਂ ਦਾ ਇਕ ਸ਼ਹੀਦੀ ਜਥਾ ਲੈਕੇ ਸ੍ਰੀ ਅੰਮ੍ਰਿਤਸਰ ਵੱਲ ਚਲ ਪਏ ਸਨ। ਗੋਹਲਵੜ ਦੇ ਨੇੜੇ ਉਨ੍ਹਾਂ ਦਾ ਮੁਕਾਬਲਾ ਅਫ਼ਗਾਨ ਜਰਨੈਲ ਜਹਾਨ ਖ਼ਾਂ ਦੀਆਂ ਫ਼ੌਜ਼ਾਂ ਨਾਲ ਹੋਇਆ ਸੀ। ਗੰਭੀਰ ਰੂਪ ਵਿਚ ਜ਼ਖਮੀ ਹੋ ਜਾਣ ਦੇ ਬਾਵਜੂਦ ਵੀ ਆਪ ਦੁਧਾਰਾ ਖੰਡਾ ਵਾਹੁੰਦੇ ਹੋਏ ਸ੍ਰੀ ਅੰਮ੍ਰਿਤ ਸਰੋਵਰ ਦੀ ਪ੍ਰਕਰਮਾ ਵਿਚ ਪਹੁੰਚਕੇ ਸ਼ਹੀਦ ਹੋ ਗਏ ਸਨ। ਜਿਥੇ ਉਨ੍ਹਾਂ ਦਾ ਹੁਣ ਇਕ ਯਾਦਗਾਰੀ ਸਥਾਨ ਬਣਿਆ ਹੋਇਆ ਹੈ।

ਜਦੋਂ ਤੱਕ ਬਾਬਾ ਦੀਪ ਸਿੰਘ ਜੀ 'ਤਖ਼ਤ' ਸ੍ਰੀ ਦਮਦਮਾ ਸਾਹਿਬ ਵਿਖੇ ਰਹੇ ਇੱਥੋਂ ਦਾ ਪ੍ਰਬੰਧ ਪੰਥਕ ਮਰਯਾਦਾ ਅਨੁਸਾਰ ਚਲਦਾ ਰਿਹਾ। ਪਰ ਆਪ ਜੀ ਦੇ ਇਥੋਂ ਚਲੇ ਜਾਣ ਤੋਂ ਬਾਅਦ ਇਹ ਪ੍ਰਬੰਧ ਪੰਥਕ ਹੱਥਾਂ ਵਿਚੋਂ ਨਿਕਲ ਗਿਆ। ਤਲਵੰਡੀ ਸਾਬੋ ਤੋਂ ਦੱਖਣ ਲਈ ਚੱਲਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਇੱਥੋਂ ਦੀ ਸੇਵਾ ਸੰਭਾਲ ਅਤੇ ਸਿੱਖ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਬੰਦਾ ਸਿੰਘ ਬਹਾਦਰ ਗੁਰੂ ਜੀ ਦੀ ਅਸ਼ੀਰਵਾਦ ਲੈਕੇ ਪੰਜਾਬ ਪਹੁੰਚਿਆ ਸੀ ਤਾਂ ਬਾਬਾ ਦੀਪ ਸਿੰਘ ਨੇ ਕਈ ਲੜਾਈਆਂ ਵਿਚ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ ਸੀ। ਮਗਰੋਂ ਕੁਝ ਮਤਭੇਦ ਹੋ ਜਾਣ ਕਾਰਣ ਆਪ ਵਾਪਸ ਦਮਦਮਾ ਸਾਹਿਬ ਆ ਗਏ ਸਨ। ਇੱਥੇ ਰਹਿੰਦਿਆਂ ਆਪ ਨੇ ਸਿੱਖ ਪੰਥ ਦੀ ਬੜੀ ਸੇਵਾ ਕੀਤੀ ਸੀ। ਬਾਬਾ ਦੀਪ ਸਿੰਘ ਤੋਂ ਬਾਦ ਇਹ ਥਾਂ ਨਿੱਜੀ ਹੱਥਾਂ ਵਿਚ ਚਲੀ ਗਈ ਸੀ ਤੇ ਕੁਝ ਪ੍ਰਵਾਰਾਂ ਦੀ ਜਗੀਰ ਬਣ ਕੇ ਹੀ ਰਹਿ ਗਈ ਸੀ। ਜਦੋਂ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਚੱਲੀ ਤਦ ਵੀ 'ਤਖ਼ਤ ਸ੍ਰੀ ਦਮਦਮਾ ਸਾਹਿਬ' ਦੇ ਪ੍ਰਬੰਧ ਵਿਚ ਕੋਈ ਬਦਲਾਉ ਨਾ ਆਇਆ। ਪਰ ਫ਼ਿਰ ਵੀ ਸਮੇਂ ਸਮੇਂ ਸਿਰ ਇੱਥੇ ਬੁਲਾਏ ਜਾਂਦੇ ਪੰਥਕ ਇਕੱਠ ਇਸ ਥਾਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਰਹੇ ਹਨ।

ਬੇਸ਼ੱਕ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਕਦੇ ਕਦੇ ਅਜੇਹੇ 'ਹੁਕਮਨਾਮੇ' ਵੀ ਜਾਰੀ ਕੀਤੇ ਗਏ ਜੋ ਪੰਥ ਦੇ ਹਿੱਤ ਵਿਚ ਨਹੀਂ ਸਨ, ਪਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੇ ਸਦਾ ਹੀ ਪੰਥਕ ਹਿੱਤਾਂ ਨੂੰ ਪਹਿਲ ਦਿੱਤੀ ਹੈ। ਇਸ ਦਾ ਵੱਡਾ ਕਾਰਨ ਇਸ ਦਾ ਪੰਜਾਬ ਵਿਚ ਹੋਣਾ ਅਤੇ ਸਿੱਖੀ ਦੀ ਮੂਲਧਾਰਾ ਨਾਲ ਜੁੜੇ ਰਹਿਣਾ ਕਿਹਾ ਜਾ ਸਕਦਾ ਹੈ। ਜਦੋਂ ਭਾਈ ਕਾਹਨ ਸਿੰਘ ਨਾਭਾ ਦੁਆਰਾ ਰਚਿਤ "ਹਮ ਹਿੰਦੂ ਨਹੀਂ" ਦਾ ਕਈ ਹਲਕਿਆਂ ਵੱਲੋਂ ਵਿਰੋਧ ਹੋ ਰਿਹਾ ਸੀ ਤਾਂ ਵੀ ਤਖ਼ਤ ਦਮਦਮਾ ਤੋਂ ਇਸ ਆਸ਼ੇ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਸਰਬ ਖ਼ਾਲਸੇ ਨੇ ਇਸ ਪੁਸਤਕ ਨੂੰ ਬਹੁਤਾ ਪਸੰਦ ਕੀਤਾ ਹੈ। 'ਇਸ ਪੁਸਤਕ ਤੋਂ ਉਨ੍ਹਾਂ ਨੂੰ ਬਹੁਤ ਲਾਭ ਹੋਵੇਗਾ ਜੋ ਗੁਰਾਂ ਦੇ ਉਪਦੇਸ਼ ਨੂੰ ਭੁੱਲ ਕੇ ਆਪਣੇ ਆਪ ਨੂੰ ਹਿੰਦੂ ਸਮਝਦੇ ਹਨ'। ਇਸ ਤਰ੍ਹਾਂ 1905, 1916, 1923, 1930 ਅਤੇ 1941 ਵਿਚ ਵੀ ਕਈ ਪੰਥਕ ਮਸਲਿਆਂ ਬਾਰੇ ਤਖ਼ਤ ਦਮਦਮਾ ਸਾਹਿਬ ਨੇ ਆਪਣੀ ਵੱਡਮੁੱਲੀ ਰਾਇ ਪ੍ਰਗਟ ਕੀਤੀ। ਬਹੁਤਾ ਕਰਕੇ ਅਜੇਹੇ 'ਹੁਕਮਨਾਮੇ' ਇੱਥੋਂ ਦੇ ਗ੍ਰੰਥੀਆਂ, ਪੁਜਾਰੀਆਂ ਅਥਵਾ ਸੇਵਾਦਾਰਾਂ ਵੱਲੋਂ ਜਾਰੀ ਕੀਤੇ ਜਾਂਦੇ ਸਨ ਜਿਨ੍ਹਾਂ ਨੂੰ ਸਮੁਚੇ ਪੰਥ ਵੱਲੋਂ ਪ੍ਰਮਾਣਿਤ 'ਹੁਕਮਨਾਮਾ' ਨਹੀਂ ਸੀ ਕਿਹਾ ਜਾ ਸਕਦਾ। ਫ਼ਿਰ ਵੀ ਪੰਥ ਦੇ ਹਿਰਦੇ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਦਵੀ ਅਤੇ ਉੱਚਾ ਦਰਜਾ ਸਦਾ ਬਰਕਰਾਰ ਰਿਹਾ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਨਵੀਂ ਇਮਾਰਤ 1970 ਦੇ ਦਹਾਕੇ ਵਿਚ ਹੋਂਦ ਵਿਚ ਆਈ ਸੀ। ਤਖ਼ਤ ਸ੍ਰੀ ਦਮਦਮਾ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਅਤੇ ਇਸ ਦੇ ਆਸ-ਪਾਸ ਬਣੇ ਨਵੇਂ ਭਵਨਾਂ ਦੀ ਸੇਵਾ ਸੰਤ ਸੇਵਾ ਸਿੰਘ ਜੀ ਕੇਸਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ ਸੀ। ਅਸਲ ਤਖ਼ਤ ਦੀ ਉਸਾਰੀ ਜ਼ਮੀਨੀ ਫ਼ਰਸ਼ ਤੋਂ ਦੋ ਮੀਟਰ ਉਪਰ ਹੈ। ਇੱਥੇ ਹੀ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਸੰਗਤਾਂ ਨੂੰ ਸੰਬੋਧਨ ਕਰਿਆ ਕਰਦੇ ਅਤੇ ਹੁਕਮਨਾਮੇ ਜਾਰੀ ਕਰਦੇ ਸਨ। ਸ਼ਾਮ ਦੇ ਦੀਵਾਨ ਦੀ ਸਮਾਪਤੀ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਪੁਰਾਣੇ ਮੰਜੀ ਸਾਹਿਬ ਵਾਲੇ ਸਥਾਨ 'ਤੇ ਲਿਜਾ ਕੇ ਸੁਖ ਆਸਨ ਕੀਤਾ ਜਾਂਦਾ ਸੀ।

ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਅਤੇ ਬਾਬਾ ਦੀਪ ਸਿੰਘ ਜੀ ਦੇ ਨਾਮ ਨਾਲ ਸਬੰਧਤ ਅਨੇਕ ਇਤਿਹਾਸਕ ਸਥਾਨ ਹਨ। ਇਨ੍ਹਾਂ ਵਿਚ ਗੁਰੂ ਸਰ ਸਰੋਵਰ, ਨਿਵਾਸ ਅਸਥਾਨ ਪਾਤਸ਼ਾਹੀ ਨੌਂਵੀਂ ਅਤੇ ਗੁਰਦੁਆਰਾ ਮਾਤਾ ਸੁੰਦਰੀ ਜੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਸਥਾਨ ਵੀ ਹਨ ਜਿਵੇਂ ਸਮਾਧ ਭਾਈ ਦਲ ਸਿੰਘ, ਥੜ੍ਹਾ ਭਾਈ ਬੀਰ ਸਿੰਘ ਅਤੇ ਧੀਰ ਸਿੰਘ ਅਤੇ ਬੁੰਗਾ ਮਸਤੂਆਣਾ ਸਾਹਿਬ। ਇਸ ਬੁੰਗੇ ਨੂੰ ਛੱਡਕੇ ਹੁਣ ਬਾਕੀ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਅਧਿਕਾਰ ਵਿਚ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੁਝ ਯਾਦਗਾਰੀ ਵਸਤਾਂ ਵੀ ਰੱਖੀਆਂ ਹੋਈਆਂ ਹਨ। ਇਨ੍ਹਾਂ ਵਿਚ ਦਸਮ ਪਾਤਸ਼ਾਹ ਦੀ ਸ੍ਰੀ ਸਾਹਿਬ, ਬਾਬਾ ਦੀਪ ਸਿੰਘ ਦਾ ਤੇਗਾ, ਦਸਮ ਪਾਤਸ਼ਾਹ ਦੀ ਉਹ ਬੰਦੂਕ ਜਿਸ ਨਾਲ ਗੁਰੂ ਜੀ ਨੇ ਡੱਲੇ ਦੇ ਸਾਥੀਆਂ ਅਤੇ ਆਪਣੇ ਸਿੱਖਾਂ ਦੇ ਸਿਦਕ ਦੀ ਪ੍ਰੀਖਿਆ ਕੀਤੀ ਸੀ। ਮੋਹਰ ਤਖ਼ਤ ਸਾਹਿਬ, ਆਦਿ ਬੀੜ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਪਾਤਸ਼ਾਹ ਨੂੰ ਭੇਂਟ ਕੀਤਾ ਗਿਆ ਸ਼ੀਸ਼ਾ। ਕੁਝ ਵਸਤਾਂ ਸ੍ਰ: ਸ਼ਮਸ਼ੇਰ ਸਿੰਘ ਦੇ ਮੁਤਬੰਨੇ ਪੁੱਤਰ ਸ੍ਰ: ਗੁਰਭੇਜ ਸਿੰਘ ਦੇ ਘਰ ਹਨ ਜਿਨ੍ਹਾਂ ਵਿਚ ਦਸਮ ਪਾਤਸ਼ਾਹ ਦੇ ਦੋ ਦਸਤਾਰੇ, ਇਕ ਚੋਲਾ, ਇਕ ਪਜਾਮਾ, ਇਕ ਡੋਰਾ ਬਾਜ਼ ਦਾ, ਇਕ ਖੰਡਾ, ਇਕ ਢਾਲ ਤੇ ਕੁਝ ਬਸਤਰ ਮਾਤਾ ਸਾਹਿਬ ਕੌਰ ਜੀ ਦੇ ਹਨ।

ਸਿੱਖ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦੇ ਕ੍ਰਮ ਅਨੁਸਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਚੌਥਾ ਤਖ਼ਤ ਹੈ ਜਦਕਿ ਇਸਦੀ ਪੰਜਵੇਂ ਤਖ਼ਤ ਵਜੋਂ ਮਾਨਤਾ ਕੇਵਲ 1966 ਵਿਚ ਹੀ ਸਥਾਪਤ ਹੋ ਸਕੀ। 1984 ਵਿਚ ਜਦੋਂ ਬਲੂਸਟਾਰ ਓਪਰੇਸ਼ਨ ਦੀਆਂ ਦੁਖਦਾਈ ਘਟਨਾਵਾਂ ਵਾਪਰੀਆਂ, ਤਖ਼ਤ ਸ੍ਰੀ ਦਮਦਮਾ ਸਾਹਿਬ ਵੀ ਉਸ ਮਾਰ ਤੋਂ ਬਚਿਆ ਨਾ ਰਹਿ ਸਕਿਆ।

## ਤਖ਼ਤ ਸ੍ਰੀ ਹਜ਼ੂਰ ਸਾਹਿਬ :

ਤਖ਼ਤ ਸ੍ਰੀ ਹਜ਼ੂਰ ਸਾਹਿਬ ਜਿਸ ਦਾ ਪੂਰਾ ਨਾਮ ਅਬਚਲ ਨਗਰ, ਹਜ਼ੂਰ ਸਾਹਿਬ ਹੈ, ਮਹਾਰਾਸ਼ਟਰ ਪ੍ਰਾਂਤ ਦੇ ਨਗਰ ਨਾਂਦੇੜ ਵਿਖੇ ਸਥਿਤ ਹੈ। ਇਹ ਨਗਰ ਦਰਿਆ ਗੋਦਾਵਰੀ ਦੇ ਕੰਢੇ ਵਸਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ ਯਾਤਰਾ ਦੇ ਆਖਰੀ ਚਾਲੀ ਦਿਨ ਇੱਥੇ ਹੀ ਬਿਤਾਏ ਸਨ। ਇੱਥੇ ਹੀ ਆਪ ਜੀ ਨੇ ਬੰਦਾ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ ਤੇ ਉਸ ਨੂੰ ਸਿੱਖ-ਜਥੇਬੰਦੀ ਦਾ ਮੁਖੀ ਥਾਪ ਕੇ ਜ਼ਾਲਮ ਅਧਿਕਾਰੀਆਂ ਅਤੇ ਪੰਥ ਦੋਖੀਆਂ ਨੂੰ



ਸੋਧਣ ਲਈ ਪੰਜਾਬ ਵੱਲ ਭੇਜਿਆ ਸੀ। ਇੱਥੇ ਹੀ ਆਪ ਜੀ ਨੇ ਸਮੁੱਚੇ ਖਾਲਸਾ ਪੰਥ ਨੂੰ ਆਤਮਿਕ ਗੁਰੂ (ਸ਼ਬਦ ਗੁਰੂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾ ਕੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਖ਼ਤਮ ਕੀਤਾ ਸੀ। ਆਪ 7 ਅਕਤੂਬਰ 1708 ਨੂੰ ਜੋਤੀ ਜੋਤ ਸਮਾਏ ਸਨ। ਇਥੇ ਹੀ ਆਪ ਜੀ ਨੇ ਸੰਸਾਰਕ ਸ਼ਕਤੀਆਂ ਖਾਲਸੇ ਦੀ ਝੋਲੀ ਵਿਚ ਪਾ ਕੇ ਫੁਰਮਾਇਆ ਸੀ :

**ਵਾਹਿ ਸਮੈ ਗੁਰ ਬੈਨ ਸੁਨਾਯੋ।**
**ਖਾਲਸ ਆਪਨ ਰੂਪ ਬਤਾਯੋ।**
**ਖਾਲਸ ਹੀ ਸੋ ਹੈ ਮਮਕਾਮਾ।**
**ਬਖ਼ਸ਼ ਕੀਓ ਖਾਲਸ ਕੋ ਜਾਮਾ।** *(ਕਵੀ ਸੈਨਾਪਤਿ)*

ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਅਤੇ ਖਾਲਸੇ ਨੂੰ 'ਮਮਰੂਪ' ਕਹਿਣ ਦੀ ਗੱਲ ਨੂੰ ਕੇਸਰ ਸਿੰਘ ਛਿੱਬਰ ਨੇ (ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ) ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ :

**ਗਰੀਬ ਨਿਵਾਜ਼ ਸਿਖ ਸੰਗਤਿ ਹੈ ਤੇਰੀ**
**ਇਸਦਾ ਕੀ ਹਵਾਲ?**
**ਬਚਨ ਕੀਤਾ ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ।**
**ਗੁਰੂ ਹੈ ਖ਼ਾਲਸਾ ਅਤੇ ਖਾਲਸਾ ਹੈ ਗੁਰੂ॥**

ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਇਕੱਠਾ ਕਰਕੇ ਆਪ ਜੀ ਨੇ ਫੁਰਮਾਇਆ ਸੀ ਮੈਂ ਗੁਰੂ ਗ੍ਰੰਥ ਅਤੇ ਖਾਲਸੇ ਦੇ ਰੂਪ ਵਿਚ ਸਦਾ ਤੁਹਾਡੇ ਅੰਗ ਸੰਗ ਹਾਂ। ਤੁਸੀਂ ਕਦੇ ਵੀ ਗੁਰੂ ਗ੍ਰੰਥ ਦਾ ਲੜ ਨਹੀਂ ਤਿਆਗਣਾ। ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਅਨੁਸਾਰ :

ਆਗਯਾ ਭਈ ਅਕਾਲ ਕੀ, ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ।

ਫ਼ਰਵਰੀ 1707 ਵਿਚ ਔਰੰਗਜ਼ੇਬ ਦੀ ਮੌਤ ਹੋ ਗਈ ਸੀ। ਹਿੰਦੁਸਤਾਨ ਦਾ ਤਖ਼ਤ ਹਾਸਲ ਕਰਨ ਲਈ ਔਰੰਗਜ਼ੇਬ ਦੇ ਪੁੱਤਰਾਂ ਵਿਚ ਜੰਗ ਛਿੜ ਗਈ। ਉਸਦੇ ਵਡੇ ਪੁੱਤਰ ਮੁਅਜ਼ਮ (ਜੋ ਗੁਰੂ ਗੋਬਿੰਦ ਸਿੰਘ ਜੀ ਦੀ ਅਜ਼ਮਤ ਤੋਂ ਵਾਕਫ਼ ਸੀ) ਨੇ ਗੁਰੂ ਜੀ ਤੋਂ ਸੈਨਿਕ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਉਸਦੀ ਬੇਨਤੀ ਪ੍ਰਵਾਨ ਕਰਦੇ ਹੋਏ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੀ ਅਗਵਾਈ ਥੱਲੇ ਇਕ ਸੈਨਿਕ ਟੁਕੜੀ ਆਗਰਾ ਵੱਲ



Sri Satguru Jagjit Singh Ji eLibrary NamdhariElibrary@gmail.com

ਰਵਾਨਾ ਕਰ ਦਿੱਤੀ। ਇਸ ਟੁਕੜੀ ਨੇ ਜਾਜੋ ਦੀ ਲੜਾਈ ਵਿਚ ਸ਼ਹਿਜ਼ਾਦਾ ਮੁਅਜ਼ਮ (ਬਹਾਦਰ ਸ਼ਾਹ) ਦਾ ਸਾਥ ਦਿੱਤਾ। ਲੜਾਈ ਜਿੱਤ ਜਾਣ ਮਗਰੋਂ 25 ਜੁਲਾਈ 1707 ਨੂੰ ਬਹਾਦਰ ਸ਼ਾਹ ਗੁਰੂ ਜੀ ਨੂੰ ਆਗਰਾ ਵਿਖੇ ਮਿਲਿਆ। ਉਸ ਨੇ ਗੁਰੂ ਜੀ ਨੂੰ ਇਕ ਕੀਮਤੀ ਧੁਖਧੁਖੀ (ਹਾਰ) ਅਤੇ ਇਕ ਖਿਲਅਤ ਪੇਸ਼ ਕੀਤੀ। ਉਸਨੇ ਗੁਰੂ ਜੀ ਨੂੰ ਇਹ ਵੀ ਯਕੀਨ ਦਵਾਇਆ ਕਿ ਉਨ੍ਹਾਂ ਦੇ ਪ੍ਰਵਾਰ ਅਤੇ ਸਿੱਖਾਂ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਦੇ ਦੋਖੀਆਂ ਨੂੰ ਸਜ਼ਾਵਾਂ ਜ਼ਰੂਰ ਦਿੱਤੀਆਂ ਜਾਣਗੀਆਂ।

ਜਾਜੋ ਦੀ ਲੜਾਈ ਜਿੱਤਣ ਤੋਂ ਬਾਦ ਬਹਾਦਰ ਸ਼ਾਹ ਆਪਣੇ ਭਰਾ ਕਾਮਬਖਸ਼ ਦੀ ਬਗਾਵਤ ਨੂੰ ਦਬਾਉਣ ਲਈ ਦੱਖਣ ਵੱਲ ਜਾ ਰਿਹਾ ਸੀ। ਉਸਨੇ ਗੁਰੂ ਜੀ ਨੂੰ ਵੀ ਨਾਲ ਚੱਲਣ ਲਈ ਬੇਨਤੀ ਕੀਤੀ। ਗੁਰੂ ਜੀ ਵੀ ਬਹਾਦਰ ਸ਼ਾਹ ਨਾਲ ਗੱਲਬਾਤ ਜਾਰੀ ਰਖਣਾ ਚਾਹੁੰਦੇ ਸਨ, ਉਹ ਉਸਦੇ ਨਾਲ ਚੱਲ ਪਏ। ਜਦੋਂ ਗੁਰੂ ਜੀ ਨੇ ਉਸ ਨਾਲ ਹੋਈ ਗੱਲਬਾਤ ਵਿੱਚੋਂ ਕੋਈ ਅਰਥ-ਭਰਪੂਰ ਸਿੱਟਾ ਨਿਕਲਦਾ ਨਾ ਵੇਖਿਆ ਤਾਂ ਆਪ ਬੁਰਹਾਨਪੁਰ ਦੇ ਸਥਾਨ 'ਤੇ ਉਸਦੇ ਕੈਂਪ ਤੋਂ ਅੱਡ ਹੋ ਗਏ।

ਇਥੋਂ ਹੀ ਆਪ ਨਾਂਦੇੜ ਪਹੁੰਚੇ ਸਨ। ਉਨ੍ਹਾਂ ਨਾਲ ਪੰਜਾਬ ਤੋਂ ਆਏ ਕੁਝ ਸਿੰਘਾਂ ਤੋਂ ਇਲਾਵਾ ਪੰਜਾਂ ਪਿਆਰਿਆਂ ਵਿੱਚੋਂ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਵੀ ਸਨ। ਗੁਰੂ ਜੀ ਅਗਸਤ 1708 ਵਿਚ ਨਾਂਦੇੜ ਪਹੁੰਚੇ ਸਨ। ਇੱਥੇ ਹੀ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ ਅਤੇ ਭਾਈ ਮਨੀ ਸਿੰਘ ਜੀ ਆਖਰੀ ਵਾਰ ਆਪ ਜੀ ਦੇ ਦਰਸ਼ਨ ਕਰਨ ਲਈ ਦਿੱਲੀ ਤੋਂ ਪਹੁੰਚੇ ਸਨ। ਇੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸ਼ਸ਼ਤਰ ਮਾਤਾ ਜੀ ਨੂੰ ਬਖਸ਼ਿਸ਼ ਕੀਤੇ ਸਨ।

ਕੁਝ ਸਾਲ ਪਹਿਲਾਂ ਤੱਕ ਇਹ ਸ਼ਸਤਰ ਗੁਰਦੁਆਰਾ ਮਾਤਾ ਸੁੰਦਰੀ ਵਿਖੇ ਸ਼ਸ਼ੋਭਿਤ ਸਨ। ਪਰ ਹੁਣ ਇਨ੍ਹਾਂ ਵਿਚੋਂ ਕੇਵਲ ਦੋ ਤਲਵਾਰਾਂ ਹੀ ਬਚੀਆਂ ਹਨ, ਬਾਕੀ ਦੇ ਤਿੰਨ ਸ਼ਸਤਰ ਚੋਰੀ ਹੋ ਚੁੱਕੇ ਹਨ। ਜਦੋਂ ਇਸ ਪਰਚੇ ਦੇ ਲੇਖਕ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਚਿੱਠੀ ਲਿਖੀ ਕਿ ਸਾਨੂੰ ਚੋਰੀ ਹੋਏ ਸ਼ਸਤਰਾਂ ਦੀ ਖੋਜ ਕਰਨੀ ਚਾਹੀਦੀ ਹੈ। ਇਹ ਸਾਡਾ ਕੀਮਤੀ ਖਜ਼ਾਨਾ ਹੈ, ਤਾਂ ਉੱਤਰ ਵਿਚ ਇਹ ਕਿਹਾ ਗਿਆ ਸੀ ਕਿ ਸ਼ਸਤਰਾਂ ਦੀ ਖੋਜ ਜਾਰੀ ਹੈ। ਪਰ ਲਗਦਾ ਹੈ ਕਿ ਕੌਮ ਦੀ ਬੇਰੁਖੀ ਕਾਰਨ ਚੋਰੀ ਹੋਏ ਤਿੰਨ ਸ਼ਸਤਰਾਂ ਦੇ ਦੁਬਾਰਾ ਮਿਲਣ ਦੀ ਕੋਈ ਆਸ ਨਹੀਂ।

ਗੁਰੂ ਜੀ ਦੇ ਜੋਤੀ ਜੋਤ ਸਮਾ ਜਾਣ ਮਗਰੋਂ ਆਪ ਜੀ ਦੇ ਅੰਗੀਠੇ ਅਤੇ ਇਸ ਸਥਾਨ ਦੀ ਸੇਵਾ ਸੰਭਾਲ ਭਾਈ ਦਇਆ ਸਿੰਘ ਜੀ ਅਤੇ ਫਿਰ ਭਾਈ ਧਰਮ ਸਿੰਘ ਜੀ ਕਰਦੇ ਰਹੇ। ਆਪ 1699 ਦੀ ਵਿਸਾਖੀ ਵਾਲੇ ਦਿਨ ਸੀਸ ਭੇਂਟ ਕਰਨ ਵਾਲੇ ਪਹਿਲੇ ਪਿਆਰਿਆਂ ਵਿਚੋਂ ਸਨ। ਅਨੰਦਪੁਰ (1705) ਛੱਡਣ ਤੋਂ ਬਾਅਦ ਆਪ ਹਮੇਸ਼ਾਂ ਗੁਰੂ ਜੀ ਦੇ ਨਾਲ ਰਹੇ ਸਨ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਮਗਰੋਂ 1714 ਈਸਵੀ ਤਕ ਇਸ 'ਤਖ਼ਤ' ਦੀ ਸੇਵਾ ਭਾਈ ਸੰਤੋਖ ਸਿੰਘ ਕਰਦੇ ਰਹੇ। ਮਗਰੋਂ ਭਾਈ ਲਾਲ ਸਿੰਘ (1728) ਅਤੇ ਭਾਈ ਬਖ਼ਤਾਵਰ ਸਿੰਘ (1785) ਦੇ ਨਾਮ ਮਿਲਦੇ ਹਨ। ਮੁਸਲਮਾਨੀ ਇਲਾਕਾ ਹੋਣ ਕਰਕੇ ਮੁੱਢਲੇ ਦੌਰ ਵਿਚ ਇਸ 'ਤਖ਼ਤ' ਦੇ ਸੇਵਾਦਾਰਾਂ ਨੂੰ ਬੜੀਆਂ ਦਿਕਤਾਂ ਪੇਸ਼ ਆਉਂਦੀਆਂ ਰਹੀਆਂ ਸਨ। ਪੰਜਾਬ ਵੱਲੋਂ ਸਿੰਘਾਂ ਦੇ ਇਸ ਪਾਸੇ ਨਾ ਆਉਣ ਕਰਕੇ ਵੈਸੇ ਵੀ 18ਵੀਂ ਸਦੀ ਦੇ ਅੰਤ ਤੱਕ ਇਸ ਸਥਾਨ 'ਤੇ ਸਾਧੂ-ਸੰਤਾਂ ਅਤੇ ਉਦਾਸੀਆਂ ਦਾ ਕਬਜ਼ਾ ਬਣਿਆ ਰਿਹਾ। ਸਿੰਘ 18ਵੀਂ ਸਦੀ ਦੇ ਪਹਿਲੇ ਅੱਧ ਵਿਚ ਆਪਣੀ ਹੋਂਦ ਅਤੇ ਨਵੇਕਲੀ ਦਿੱਖ ਨੂੰ ਬਣਾਏ ਰੱਖਣ ਵਾਸਤੇ ਬੜੇ ਔਖੇ ਦੌਰ ਚੋਂ ਲੰਘ ਰਹੇ ਸਨ।

ਸ਼ੁਰੂ ਸ਼ੁਰੂ ਵਿਚ ਇੱਥੇ ਘਾਸ-ਫੂਸ ਦੇ ਕਾਨਿਆਂ ਦਾ ਕੱਚਾ ਜਿਹਾ ਢਾਰਾ ਸੀ, ਪਰ ਜਦੋਂ ਪੰਜਾਬ ਵਿਚ ਖ਼ਾਲਸੇ ਦਾ ਜ਼ੋਰ ਵਧਿਆ ਤਾਂ ਧਾਰਮਿਕ ਅਸਥਾਨਾਂ ਦੀਆਂ ਨਵੀਆਂ ਤੇ ਸੁਹਣੀਆਂ ਇਮਾਰਤਾਂ ਬਨਣੀਆਂ ਸ਼ੁਰੂ ਹੋ ਗਈਆਂ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਪੱਕੀ ਇਮਾਰਤ ਦਾ ਨਿਰਮਾਣ ਮਹਾਰਾਜਾ ਰਣਜੀਤ ਸਿੰਘ ਨੇ 1833 ਤੋਂ 1839 ਦੇ ਵਿਚਕਾਰ ਕਰਵਾਇਆ ਸੀ। ਉਸਨੇ ਇਸ ਕਾਰਜ ਲਈ 5 ਲੱਖ ਰੁਪਏ ਭੇਂਟ ਕੀਤੇ ਸਨ। ਨਵਾਬ ਹੈਦਰਾਬਾਦ ਜਿਸਨੇ ਆਪਣੇ ਇਲਾਕੇ ਵਿਚ ਫ਼ੈਲੀ ਬਦਅਮਨੀ ਨੂੰ ਦਬਾਉਣ ਲਈ ਮਹਾਰਾਜੇ ਕੋਲੋਂ ਸੈਨਿਕ ਸਹਾਇਤਾ ਮੰਗੀ ਸੀ। ਉਸਨੇ ਵੀ ਤਖ਼ਤ ਸਾਹਿਬ ਦੇ ਨਿਰਮਾਣ ਵਿਚ ਕਾਫ਼ੀ ਹਿੱਸਾ ਪਾਇਆ ਸੀ।

1849 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਦਾ ਹਿੱਸਾ ਬਣਾ ਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇੱਥੋਂ ਦਾ ਪ੍ਰਬੰਧ ਬਾਬਾ ਗਜਗਾਹਾ ਸਿੰਘ, ਭਾਈ ਚੜਤ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਜੱਸਾ ਸਿੰਘ, ਭਾਈ ਈਸ਼ਰ ਸਿੰਘ ਅਤੇ ਭਾਈ ਤਾਰਾ ਸਿੰਘ ਇਤਿਆਦਿ ਸਯੋਗ ਹੱਥਾਂ ਵਿਚ ਸੀ। ਪਰ ਖ਼ਾਲਸਾ ਰਾਜ ਦੇ ਚਲੇ ਜਾਣ ਮਗਰੋਂ ਹਾਲਾਤ ਵਿਗੜਨੇ ਸ਼ੁਰੂ ਹੋ ਗਏ। ਪੰਜਾਬ ਦੇ ਹੋਰ ਗੁਰਦੁਆਰਿਆਂ ਵਾਂਗ ਇਨ੍ਹਾਂ ਗੁਰਦੁਆਰਿਆਂ ਅਤੇ ਇਤਿਹਾਸਕ ਸਥਾਨਾਂ ਉਪਰ ਸਰਕਾਰੀ ਦਖਲਅੰਦਾਜ਼ੀ ਵਧ ਗਈ। ਸਰਕਾਰੀ ਸ਼ਹਿ ਉਤੇ ਮਹੰਤ ਅਤੇ ਪੁਜਾਰੀ ਇਨ੍ਹਾਂ ਥਾਵਾਂ 'ਤੇ ਕਾਬਜ਼ ਹੋ ਗਏ। ਗੁਰਦਆਰਿਆਂ ਦੀ ਜ਼ਮੀਨ, ਜਾਇਦਾਦ ਅਤੇ ਪ੍ਰਬੰਧ ਨੂੰ ਲੈਕੇ ਕਈ ਕਿਸਮ ਦੇ ਵਿਵਾਦ ਖੜੇ ਹੋ ਗਏ। ਤਖ਼ਤ ਸ੍ਰੀ ਹਜ਼ੂਰ ਸਾਹਿਬ ਲਈ 1885 ਤੋਂ 1888 ਤਕ ਦਾ ਸਮਾਂ ਬੜਾ ਮਾੜਾ ਸੀ ਜਦੋਂ ਇਹ ਵਿਵਾਦ ਆਪਣੀ ਸੀਮਾ 'ਤੇ ਪਹੁੰਚ ਗਏ ਸਨ।

ਅੰਗਰੇਜ਼ਾਂ ਦੇ ਰਾਜ ਸਮੇਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਂਗ ਤਖ਼ਤ ਸ੍ਰੀ ਹਜ਼ੂਰ ਸਾਹਿਬ ਲਈ ਇਕ ਸਰਬਰਾਹ ਨਿਯੁਕਤ ਕੀਤਾ ਜਾਂਦਾ ਸੀ। ਤਖ਼ਤ ਦਾ ਕੰਟਰੋਲ 'ਪੁਜਾਰੀਆਂ' ਦੇ ਹੱਥ ਵਿਚ ਹੀ ਸੀ, ਜੋ ਆਪਣੇ ਆਪ ਨੂੰ ਜਥੇਦਾਰ ਨਹੀਂ ਸਨ ਕਹਿੰਦੇ। ਇਨ੍ਹਾਂ ਪੁਜਾਰੀਆਂ ਦੀ ਰਹਿਣੀ-ਬਹਿਣੀ ਅਤੇ ਆਚਰਣ ਸਿੱਖ ਮਰਯਾਦਾ ਅਨੁਸਾਰ ਨਹੀਂ ਸੀ। ਤਖ਼ਤ ਸਾਹਿਬ ਉੱਪਰ ਕੀਤੀਆਂ ਜਾਂਦੀਆਂ ਰਸਮਾਂ ਉੱਪਰ ਵੀ ਬ੍ਰਾਹਮਣੀ ਰਸਮਾਂ ਦਾ ਪ੍ਰਭਾਵ ਹਮੇਸ਼ਾ ਹਾਵੀ ਰਿਹਾ ਹੈ। ਇਸੇ ਕਰਕੇ ਸਿੱਖ ਸਿਆਸਤ ਅਤੇ ਧਾਰਮਕ ਮਾਮਲਿਆਂ ਵਿਚ ਇਸ ਤਖ਼ਤ ਨੇ ਕਦੇ ਕੋਈ ਬਹੁਤਾ ਰੋਲ ਅਦਾ ਨਹੀਂ ਕੀਤਾ।

ਅੰਗਰੇਜ਼ਾਂ ਦੇ ਸਮੇਂ ਸਥਾਪਤ ਹੋਇਆ ਪ੍ਰਬੰਧ ਥੋੜ੍ਹੀ ਬਹੁਤ ਤਬਦੀਲੀ ਨਾਲ 1956 ਤਕ ਜਾਰੀ ਰਿਹਾ। ਪਰ ਸਿੱਖ ਹਲਕਿਆਂ



Sri Satguru Jagjit Singh Ji eLibrary NamdhariElibrary@gmail.com

ਵੱਲੋਂ ਸੁਚਾਰੂ ਪ੍ਰਬੰਧ ਦੀ ਮੰਗ ਅਤੇ ਆਈ ਜਾਗ੍ਰਤੀ ਕਾਰਨ 20 ਸਤੰਬਰ 1956 ਦੇ ਇਕ ਸਰਕਾਰੀ ਗਜ਼ਟ ਅਨੁਸਾਰ 'ਨਾਂਦੇੜ ਸਿੱਖ ਗੁਰਦੁਆਰਾ ਤਖ਼ਤ ਸਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਬੋਰਡ' ਦਾ ਗਠਨ ਕੀਤਾ ਗਿਆ ਹੈ। 22 ਸਤੰਬਰ 1969 ਵਿਚ ਕੁਝ ਤਰਮੀਮਾਂ ਨਾਲ ਬੋਰਡ ਦੇ ਮੈਂਬਰਾਂ ਦੀ ਸੰਖਿਆ 16 ਨਿਸ਼ਚਿਤ ਕੀਤੀ ਹੈ, ਜਿਨ੍ਹਾਂ ਦਾ ਕੰਮ ਤਖ਼ਤ ਦੇ ਪ੍ਰਬੰਧ ਨੂੰ ਸੁਧਾਰਨਾ ਹੈ। ਪਰ ਤਖ਼ਤ ਸਾਹਿਬ ਤੋਂ ਕੀਤੀ ਜਾਂਦੀ ਨਿਤਾਪ੍ਰਤੀ ਦੀ ਮਰਯਾਦਾ ਵਿਚ ਅਜੇ ਤਕ ਕੋਈ ਖਾਸ ਤਬਦੀਲੀ ਦਿਖਾਈ ਨਹੀਂ ਦਿੰਦੀ।

ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਇਸ ਤਖ਼ਤ ਦੀ ਮਹੱਤਤਾ ਵਿਚ ਕੋਈ ਫ਼ਰਕ ਨਹੀਂ ਪਿਆ। ਇਹ ਤਖ਼ਤ ਦੱਖਣੀ ਸਿੱਖਾਂ ਅਤੇ ਪੰਜਾਬ ਦੇ ਸਿੱਖਾਂ ਵਿਚ ਇਕ ਕੜੀ ਦਾ ਕੰਮ ਕਰਦਾ ਹੈ। ਕਈ ਵਾਰ ਇਥੋਂ ਸਿੱਖੀ ਪ੍ਰਚਾਰ ਹਿੱਤ ਕਈ 'ਹੁਕਮਨਾਮੇ' ਜਾਰੀ ਹੁੰਦੇ ਰਹੇ ਹਨ ਜਿਨ੍ਹਾਂ ਨੇ ਇਸ ਤਖ਼ਤ ਨੂੰ ਸਮੁੱਚੇ ਸਿੱਖ ਭਾਈਚਾਰੇ ਨਾਲ ਜੋੜੀ ਰੱਖਿਆ ਹੈ।

ਇਹੋ ਜਿਹਾ ਇਕ ਹੁਕਮਨਾਮਾ, 1883 ਵਿਚ ਜਾਰੀ ਕੀਤਾ ਗਿਆ ਸੀ ਜਿਸ ਵਿਚ ਨਿਰਮਲਿਆਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਦੀ ਘੋਰ ਨਿੰਦਿਆ ਕੀਤੀ ਗਈ ਸੀ। ਇਸੇ ਤਰ੍ਹਾਂ ਇਕ ਹੁਕਮਨਾਮਾ ਪੰਚ ਖ਼ਾਲਸਾ ਦੀਵਾਨ ਭਸੌੜ ਵੱਲੋਂ ਰਾਗਮਾਲਾ ਨੂੰ ਪੜ੍ਹੇ ਜਾਣ ਤੋਂ ਬੰਦ ਕਰਨ ਦੇ ਵਿਰੋਧ ਵਿਚ ਤਖ਼ਤ ਦਮਦਮਾ ਸਾਹਿਬ ਦੇ ਸੇਵਾਦਾਰਾਂ ਨੂੰ ਭੇਜਿਆ ਗਿਆ ਸੀ। ਵੈਸੇ ਖਾਸ ਕਰਕੇ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ 'ਪੁਜਾਰੀ' ਅਰਥਾਤ ਸੇਵਾਦਾਰ ਸਰਕਾਰ ਪੱਖੀ ਹੀ ਰਹੇ ਹਨ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਨਾਲ ਕੁਝ ਹੋਰ ਗੁਰਦੁਆਰੇ ਵੀ ਹਨ ਜਿਨ੍ਹਾਂ ਨਾਲ ਸਿੱਖ ਇਤਿਹਾਸ ਦੀਆਂ ਕਈ ਮਹੱਤਵਪੂਰਨ ਘਟਨਾਵਾਂ ਜੁੜੀਆਂ ਹੋਈਆਂ ਹਨ। ਇਹ ਪ੍ਰਸਿੱਧ ਅਸਥਾਨ ਹਨ: ਗੁਰਦੁਆਰਾ ਸੰਗਤ ਸਾਹਿਬ, ਗੁਰਦੁਆਰਾ ਮਾਲ ਟੇਕਰੀ, ਗੁਰਦੁਆਰਾ ਸ਼ਿਕਾਰ ਘਾਟ, ਗੁਰਦੁਆਰਾ ਨਗੀਨਾ ਘਾਟ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਗੁਰਦੁਆਰਾ ਬੰਦਾ ਘਾਟ, ਗੁਰਦੁਆਰਾ ਮਾਈ ਭਾਗ ਕੌਰ ਜੀ, ਅੰਗੀਠਾ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਗੁਰਦੁਆਰਾ ਬਾਬਾ ਨਿਧਾਨ ਸਿੰਘ ਜੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਕਈ ਇਤਿਹਾਸਕ ਬਸਤਰ ਅਤੇ ਸ਼ਸਤਰ ਵੀ ਪਏ ਹਨ। ਇਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਛੋਟੀ ਸੁਨਹਿਰੀ ਕਿਰਪਾਨ, ਤੀਰ, ਤਲਵਾਰ, ਅਕਾਲੀ ਫੂਲਾ ਸਿੰਘ ਦਾ ਤੇਗਾ ਅਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਸੁਨਹਿਰੀ ਮੁੱਠ ਵਾਲੀਆਂ ਤਲਵਾਰਾਂ ਸ਼ਾਮਲ ਹਨ।

ਇਹ ਤਖ਼ਤ ਸਾਡੀ ਸਾਂਝ ਅਤੇ ਸਿੱਖ ਇਤਿਹਾਸ ਦੇ ਕੇਂਦਰ ਹਨ ਜਿੱਥੋਂ ਅਗਵਾਈ ਲੈ ਕੇ ਕੌਮ ਅਗਾਂਹ ਵਧਦੀ ਅਤੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਇਸ ਤਖ਼ਤ ਦਾ ਬਹੁਤ ਵਿਸਥਾਰ ਹੋਇਆ ਹੈ। ਯਾਤਰੂਆਂ ਦੀ ਸਹੂਲਤ ਲਈ ਅਨੇਕ ਸਰਾਵਾਂ ਤੇ ਭਵਨ ਉਸਾਰੇ ਗਏ ਹਨ, ਆਵਾਜਾਈ ਦੇ ਸਾਧਨਾਂ ਵਿਚ ਬੜੀ ਤਬਦੀਲੀ ਆਈ ਹੈ। ਗੁਰਦੁਆਰਾ ਨਾਨਕ ਝੀਰਾ ਅਤੇ ਸਿੱਖ ਇਤਿਹਾਸ ਦੀਆਂ ਅਨੇਕ ਮਹੱਤਵ ਪੂਰਨ ਸ਼ਤਾਬਦੀਆਂ ਬੜੇ ਉਤਸ਼ਾਹ ਨਾਲ ਮਨਾਈਆਂ ਗਈਆਂ ਹਨ ਜਿਸ ਵਿਚ ਪ੍ਰਦੇਸਾਂ ਵਿਚ ਵਸਦੇ ਭਾਈਚਾਰੇ ਨੇ ਮਾਇਆ ਅਤੇ ਸਰੀਰਕ ਸੇਵਾ ਵਜੋਂ ਨੁਮਾਇੰਦਾ ਹਿੱਸਾ ਪਾ ਕੇ ਇਨ੍ਹਾਂ ਦੀ ਸੁੰਦਰਤਾ ਵਿਚ ਬੜਾ ਵਾਧਾ ਕੀਤਾ ਹੈ।

• • •

## ਧਰਮ ਪ੍ਰਚਾਰ ਹਿੱਤ ਭੇਜੀ ਗਈ ਸਹਾਇਤਾ

* Devinder Singh Panchkula ਵੱਲੋਂ 8000/- ਰੁਪਏ ਦਸਵੰਧ ਭੇਜਿਆ ਗਿਆ।
* Nirmal Singh, Todar Majra (Mohali) ਵੱਲੋਂ 1000 ਰੁਪਏ ਦਸਵੰਧ ਭੇਜਿਆ ਗਿਆ।
* Abtar Singh ਵੱਲੋਂ 10,000 ਰੁਪਏ ਦਸਵੰਧ ਭੇਜਿਆ ਗਿਆ।
* S. Milkha Singh, Chahil ਵੱਲੋਂ 1000 ਰੁਪਏ ਦਸਵੰਧ ਭੇਜਿਆ ਗਿਆ।
* Master Balbir Singh ਵੱਲੋਂ 1000 ਰੁਪਏ ਦਸਵੰਧ ਭੇਜਿਆ ਗਿਆ।
* Malkit Singh ਵੱਲੋਂ 10,000 ਰੁਪਏ ਦਸਵੰਧ ਭੇਜਿਆ ਗਿਆ।
* Moga-2 Circle ਵੱਲੋਂ 51,100 ਰੁਪਏ ਦਸਵੰਧ ਭੇਜਿਆ ਗਿਆ।
* Gur-9 Circle ਵੱਲੋਂ 31,000 ਰੁਪਏ ਦਸਵੰਧ ਭੇਜਿਆ ਗਿਆ।
* Avtar Singh Chennai ਵੱਲੋਂ 2000 ਰੁਪਏ ਦਸਵੰਧ ਭੇਜਿਆ ਗਿਆ।
* GC Swadeshi ਵੱਲੋਂ 1000 ਰੁਪਏ ਦਸਵੰਧ ਭੇਜਿਆ ਗਿਆ।
* Rajinder Singh ਦੇ ਪਿਤਾ ਸ. ਜੋਗਿੰਦਰ ਸਿੰਘ ਦੀ ਅੰਮਿਤ ਅਰਦਾਸ ਸਮੇਂ 1000 ਰੁਪਏ ਦਸਵੰਧ ਭੇਜਿਆ ਗਿਆ।

**ਅਦਾਰਾ ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਇਹਨਾਂ ਸਾਰੇ ਵੀਰਾਂ/ਭੈਣਾਂ ਦਾ ਹਾਰਦਿਕ ਧੰਨਵਾਦ ਕਰਦਾ ਹੈ।**



Sri Satguru Jagjit Singh Ji eLibrary NamdhariElibrary@gmail.com

ਨੌਜਵਾਨਾਂ ਦਾ ਪੰਨਾ

# ਵਿਸ਼ਵ ਪੱਧਰ 'ਤੇ ਨੌਜਵਾਨਾਂ ਲਈ ਪ੍ਰੇਰਨਾ ਦਾ ਸੋਮਾ ਹਨ ਸਾਡੀਆਂ ਜੁਝਾਰੂ ਗਾਥਾਵਾਂ

**ਡਾ. ਅਮਰੀਕ ਸਿੰਘ ਸ਼ੇਰ ਖਾਂ***

ਅਜੋਕੇ ਦੌਰ ਵਿਚ ਸਮੁੱਚੇ ਵਿਸ਼ਵ ਦੀ ਜਵਾਨੀ ਕਈ ਤਰ੍ਹਾਂ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਦੀ ਪ੍ਰਤੀਤ ਹੋ ਰਹੀ ਹੈ। ਕਿਤੇ ਰੋਜ਼ੀ-ਰੋਟੀ ਦਾ ਮਸਲਾ ਮੂੰਹ-ਅੱਡੀ ਖੜੋਤਾ ਹੈ ਤੇ ਕਿਧਰੇ ਸਥਾਪਤ ਸਮਾਜਿਕ ਤੇ ਰਾਜਨੀਤਕ ਢਾਂਚਾ ਜਵਾਨੀ ਨੂੰ ਦਲਣ-ਮਲਣ ਲਈ ਤਿਆਰ ਖੜ੍ਹਾ ਹੈ। ਸੂਚਨਾ ਤਕਨੀਕ ਦੇ ਵਿਸਥਾਰ ਨਾਲ ਵੀ ਕਈ ਤਰ੍ਹਾਂ ਦੇ ਐਸੇ ਪਲੇਟਫ਼ਾਰਮ ਹੋਂਦ ਵਿਚ ਆ ਚੁੱਕੇ ਹਨ, ਜਿਨ੍ਹਾਂ ਦੀ ਅੰਧਾ-ਧੁੰਦ ਵਰਤੋਂ ਨਾਲ ਵਿਸ਼ਵ ਦੀ ਸਮੁੱਚੀ ਜਵਾਨੀ ਵਿਕਾਰੀ ਬਿਰਤੀ ਦਾ ਸ਼ਿਕਾਰ ਹੋ ਰਹੀ ਹੈ। ਵਿਕਾਰਾਂ 'ਚ ਗ਼ਲਤਾਨ ਹੋਈ ਇਹ ਜਵਾਨੀ ਨਿਰਾਸ਼ਾ ਦੇ ਆਲਮ ਵਿਚੋਂ ਗੁਜ਼ਰਦੀ ਹੋਈ ਆਪਣੀ ਜੀਵਨ-ਲੀਲ੍ਹਾ ਹੀ ਸਮਾਪਤ ਕਰਨ ਵਾਲੇ ਪਾਸੇ ਵੱਡੇ ਪੱਧਰ 'ਤੇ ਸੋਚਣ ਲੱਗ ਪਈ ਹੈ।

ਪਿਛਲੇ ਸਮਿਆਂ ਵਿਚ 'ਸਿਟੀ ਬਿਊਟੀਫੁੱਲ' ਵਜੋਂ ਜਾਣੇ ਜਾਂਦੇ ਆਧੁਨਿਕ ਸ਼ਹਿਰ ਚੰਡੀਗੜ੍ਹ ਦੇ ਇੱਕ ਸਰਵੇਖਣ ਨੇ ਸਭ ਨੂੰ ਹੈਰਾਨ-ਪਰੇਸ਼ਾਨ ਕਰ ਕੇ ਰੱਖ ਦਿੱਤਾ ਹੈ। ਇਸ ਸ਼ਹਿਰ ਵਿੱਚ ਹੋਣ ਵਾਲੀਆਂ ਕੁੱਲ ਜਵਾਨੀ-ਪਾਹਰੇ ਮੌਤਾਂ ਵਿਚੋਂ 33 ਪ੍ਰਤੀਸ਼ਤ ਮੌਤਾਂ ਉਹਨਾਂ ਮੁੰਡੇ-ਕੁੜੀਆਂ (Teen-ager) ਦੀਆਂ ਹਨ, ਜਿਨ੍ਹਾਂ ਨੇ ਆਪਣੀ ਜੀਵਨ-ਲੀਲ੍ਹਾ ਆਪਣੇ ਹੱਥੀਂ ਖ਼ਤਮ ਕਰ ਲਈ। ਵਿਸ਼ਵ ਪੱਧਰ 'ਤੇ ਵਿਕਸਤ ਸ਼ਹਿਰਾਂ ਦਾ ਐਸਾ ਅੰਕੜਾ ਹੋਰ ਵੀ ਦਿਲ-ਕੰਬਾਊ ਹੈ। ਸਭ ਤੋਂ ਸ਼ਕਤੀਸ਼ਾਲੀ ਮੰਨੇ ਜਾਂਦੇ ਸੰਯੁਕਤ ਰਾਜ ਅਮਰੀਕਾ ਵਿਚ ਕਈ ਨੌਜਵਾਨਾਂ ਨੇ ਹੱਥਾਂ ਵਿਚ ਹਥਿਆਰ ਲੈ ਕੇ ਬਿਨਾਂ ਕਿਸੇ ਮਕਸਦ ਤੋਂ ਸੈਂਕੜੇ ਸਕੂਲੀ ਜਾਂ ਕਾਲਜੀਏਟ ਸਾਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ।

ਜਦ ਕੋਈ ਪੂੰਜੀਪਤੀ ਕੰਗਾਲੀ ਦੇ ਰਾਹ 'ਤੇ ਤੁਰ ਪਵੇ ਤਾਂ ਫਿਰ ਜਿੱਥੇ ਉਹ ਆਪਣੀਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ ਉੱਥੇ ਉਹ ਆਪਣੀ ਪੁਰਾਣੀ ਸਾਂਭ ਕੇ ਰੱਖੀ ਰਾਸ ਵੱਲ ਵੀ ਧਿਆਨ ਮਾਰਨਾ ਸ਼ੁਰੂ ਕਰ ਦਿੰਦਾ ਹੈ। ਏਸੇ ਹੀ ਤਰ੍ਹਾਂ ਜਦ ਜ਼ਿੰਦਗੀ ਦੀ ਰਾਸ ਕੰਗਾਲੀ ਦੇ ਰਾਹੇ ਤੁਰ ਪਵੇ, ਜਿਊਣ ਦਾ ਚਾਅ ਮੱਧਮ ਪੈਣ ਲੱਗੇ, ਕਦਰਾਂ-ਕੀਮਤਾਂ ਤੋਂ ਦੂਰ ਭੱਜਿਆ ਮਨੁੱਖ ਪੈਸਾ-ਧੇਲਾ ਤੇ ਹਰ ਤਰ੍ਹਾਂ ਦੀ ਐਸ਼ੋ-ਇਸ਼ਰਤ ਹੋਣ ਦੇ ਬਾਵਜੂਦ ਰੌਸ਼ਨੀ ਤੋਂ ਸੱਖਣਾ ਹੋ ਕੇ ਹਨੇਰੀਆਂ ਗੁਫਾਵਾਂ ਦਾ ਪਾਂਧੀ ਬਣ ਚੁੱਕਿਆ ਹੋਵੇ, ਕਾਮੀ ਤੇ ਤਾਮਸੀ ਬਿਰਤੀ ਤੋਂ ਇਲਾਵਾ ਨਸ਼ਿਆਂ ਨੇ ਹੀ ਉਹਦੀਆਂ ਸਾਰੀਆਂ ਰਾਹਾਂ ਮੱਲ ਰੱਖੀਆਂ ਹੋਣ ਤਾਂ ਐਸੇ ਸਮੇਂ 'ਸਿਰੇ ਦੇ ਰੋਲ-ਮਾਡਲ' ਹੀ ਉਸਦੀ ਬਾਂਹ ਫੜ ਸਕਦੇ ਹਨ।

ਗੁਰੂ ਨਾਨਕ ਸਾਹਿਬ ਜਿਹੇ ਯੋਧੇ-ਮਹਾਂਪੁਰਸ਼ ਨੇ ਜਵਾਨੀ ਪਾਹਰੇ 'ਸੱਚੇ ਸੌਦੇ' ਤੋਂ ਲੈ ਕੇ 'ਮੋਦੀਖ਼ਾਨੇ' ਦੀ ਹੱਟ ਤੋਂ ਅੱਗੇ ਸਾਰੇ ਸੰਸਾਰ ਦਾ ਭ੍ਰਮਣ ਕਰਦਿਆਂ ਸਾਡੀ ਜਵਾਨੀ ਨੂੰ 'ਹੱਕ-ਸੱਚ ਤੇ ਉੱਚ-ਕਿਰਦਾਰ' ਦੇ ਲਾ-ਮਿਸਾਲ ਸੰਕਲਪ ਮੁਹੱਈਆ ਕਰਵਾਏ ਹਨ। ਇਹਨਾਂ ਹੀ ਨਕਸ਼ੇ ਕਦਮਾਂ 'ਤੇ ਚੱਲਦਿਆਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਜਵਾਨੀ ਦੀ ਉਮਰੇ 'ਪੀਰੀ' ਦੇ ਨਾਲ-ਨਾਲ 'ਮੀਰੀ ਦੀ ਤੇਗ' ਨੂੰ ਐਸਾ ਹੱਥ ਪਾਇਆ ਕਿ ਜਹਾਂਗੀਰ ਤੇ ਸ਼ਾਹ ਜਹਾਂ ਜਿਹੇ ਮੁਗ਼ਲੀਆ ਬਾਦਸ਼ਾਹਾਂ ਦੀ ਬੋਲਤੀ ਬੰਦ ਕਰ ਕੇ ਰੱਖ ਦਿੱਤੀ। ਬਾਲ ਉਮਰੇ ਤਿਆਗ ਮੱਲ ਦੀ ਵਾਹੀ ਤੇਗ ਨੇ ਉਹਨਾਂ ਨੂੰ 'ਗੁਰੂ ਤੇਗ ਬਹਾਦਰ' ਬਣਾ ਕੇ ਰੱਖ ਦਿੱਤਾ।

ਦਸਮੇਸ਼ ਪਿਤਾ ਦਾ ਜਾਹੋ-ਜਲਾਲ ਤੇ ਵੱਡੇ ਸਾਹਿਬਜ਼ਾਦਿਆਂ ਦੀਆਂ ਅਦੁੱਤੀ ਕੁਰਬਾਨੀਆਂ ਸਾਡੀ ਅਜੋਕੀ ਜਵਾਨੀ ਨੂੰ ਸੈਨਤਾਂ ਮਾਰਦੀਆਂ ਪ੍ਰਤੀਤ ਹੁੰਦੀਆਂ ਹਨ ਤੇ ਉਹਨਾਂ ਨੂੰ ਦੱਸਦੀਆਂ ਹਨ ਕਿ ਆਪਣੇ ਆਪ ਨੂੰ ਮਾਰ ਕੇ ਜਿਊਣ ਵਿੱਚ ਕਿੰਨਾ ਵੱਡਾ ਅਨੰਦ ਹੈ। ਜਬਰ-ਜ਼ੁਲਮ ਦੇ ਖ਼ਿਲਾਫ਼ ਜੂਝਦਿਆਂ ਮੌਤ ਦੀ ਅੱਖ 'ਚ ਅੱਖ ਪਾ ਕੇ ਗੱਲ ਕਰਨ ਦਾ ਵਿਸਮਾਦੀ ਅਨੰਦ ਕੋਈ ਛੋਟੇ ਸਾਹਿਬਜ਼ਾਦਿਆਂ ਤੋਂ ਸਿੱਖੇ। ਸੱਤ ਤੇ ਨੌਂ ਸਾਲ ਦੀਆਂ ਜਿੰਦਾਂ ਕਿੰਜ ਵਜੀਦ ਖਾਂ ਦੀ ਸਲਤਨਤ ਨੂੰ ਜੁੱਤੀ ਦੀ ਨੋਕ 'ਤੇ ਟਿਕਾਉਂਦੀਆਂ ਹਨ, ਇਹ ਜਾਚ ਸਾਹਿਬਜ਼ਾਦਿਆਂ ਦੀਆਂ ਅਦੁੱਤੀ ਕੁਰਬਾਨੀਆਂ ਨਾਲ ਲਬਰੇਜ਼ ਇਤਿਹਾਸਕ ਵਿਰਸਾ ਫੋਲਿਆਂ ਹੀ ਆ ਸਕੇਗੀ। ਭਾਈ ਤਾਰੂ ਸਿੰਘ ਤੇ ਵੀਰ ਹਕੀਕਤ ਰਾਇ ਜੈਸੀਆਂ ਉੱਚ ਦੁਮਾਲੜੀਆਂ ਰੂਹਾਂ ਅੱਜ ਵੀ ਸਮੁੱਚੇ ਵਿਸ਼ਵ ਦੀ ਜਵਾਨੀ ਨੂੰ 'ਤਾਮਸੀ-ਬਿਰਤੀ' ਦਾ ਤਿਆਗ ਕਰਕੇ 'ਸਾਤਵਿਕ-ਬਿਰਤੀ' ਵਾਲੇ ਪਾਸੇ ਮੁੜਨ ਦਾ ਇਸ਼ਾਰਾ ਕਰਦੀਆਂ ਪ੍ਰਤੀਤ ਹੋ ਰਹੀਆਂ ਹਨ। ਪਿਆਰੇ ਨੌਜਵਾਨੋ! ਆਓ, ਸਮਾਂ ਰਹਿੰਦਿਆਂ ਆਪਣੇ ਅਨਮੋਲ ਵਿਰਸੇ ਦਾ ਅਧਿਐਨ ਕਰਕੇ ਚੜ੍ਹਦੀ ਕਲਾ ਦਾ ਸਦ-ਵਿਗਾਸੀ ਜੀਵਨ ਜਿਊਣ ਦੇ ਰਾਹ ਪਈਏ।

ਪੋਹ ਦੇ ਮਹੀਨੇ ਦੀ ਜੇਕਰ ਗੱਲ ਕਰੀਏ ਤਾਂ ਇਹ ਮਹੀਨਾ ਸਿੱਖ ਮਾਨਸਿਕਤਾ ਨਾਲ ਧੁਰ ਅੰਦਰੋਂ ਜੁੜਿਆ ਹੋਇਆ ਮਹੀਨਾ ਹੈ। ਬਿਕਰਮੀ ਸੰਮਤ ਤੇ ਈਸਵੀ ਸੰਨ ਦਾ ਜੇ ਮਿਲਾਣ ਕਰੀਏ ਤਾਂ ਦਸੰਬਰ ਦਾ ਪਿਛਲਾ ਪੰਦਰਵਾੜਾ ਤੇ ਪੋਹ ਦਾ ਪਹਿਲਾ ਪੰਦਰਵਾੜਾ ਕਲਗੀਧਰ ਪਾਤਸ਼ਾਹ ਦੇ ਸਬਰ-ਸਿਦਕ ਤੇ ਦ੍ਰਿੜ੍ਹ ਇਰਾਦੇ ਦੀ ਕਮਾਲ ਦੀ ਤਸਵੀਰ ਅੱਖਾਂ ਮੂਹਰੇ ਲਿਆ ਰੱਖਦਾ ਹੈ। ਏਸੇ ਹੀ ਸਮੇਂ ਪਹਾੜੀ ਰਾਜਿਆਂ ਤੇ ਮੁਗ਼ਲਾਂ ਦੁਆਰਾ ਝੂਠੀਆਂ ਸਹੁੰਆਂ ਖਾਣ ਤੋਂ ਬਾਦ ਕਲਗੀਧਰ ਪਾਤਸ਼ਾਹ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਸਰਸਾ ਨਦੀ ਵੱਲ ਕੂਚ ਕਰਦੇ ਹਨ। ਰਾਤ ਨੂੰ ਸਰਸਾ ਦੇ ਕਿਨਾਰੇ, ਜਦ ਗੁਰੂ ਜੀ ਸਿੰਘਾਂ ਸਮੇਤ ਪਹੁੰਚਦੇ ਹਨ ਤਾਂ ਮਗਰੋਂ ਬਾਈ-ਧਾਰਾਂ ਦੇ ਰਾਜੇ ਤੇ ਮੁਗ਼ਲ ਗੁਰੂ ਜੀ ਉੱਪਰ ਜ਼ੋਰਦਾਰ ਹਮਲਾ ਕਰਦੇ ਹਨ। ਖ਼ਰਾਬ ਮੌਸਮ, ਹਨੇਰੀ-ਮੀਂਹ ਤੇ ਝੱਖੜ ਕਾਰਨ ਸਰਸਾ ਵੀ ਪੂਰੇ ਜੋਬਨ 'ਤੇ ਵਹਿ ਰਹੀ ਹੈ। ਗਹਿਗੱਚ ਲੜਾਈ

ਬਾਕੀ ਸਫ਼ਾ 36 'ਤੇ

*ਪਿੰਡ ਤੇ ਡਾਕ : ਸ਼ੇਰ ਖਾਂ, ਜ਼ਿਲ੍ਹਾ ਫਿਰੋਜ਼ਪੁਰ। ਮੋਬਾ: 98157-58466



Sri Satguru Jagjit Singh Ji eLibrary NamdhariElibrary@gmail.com

# ਆਪਿ ਬੁਝਾਏ ਸੋਈ ਬੂਝੈ॥

ਕਰਮ ਸਿੰਘ ਖੁੱਡਾ, ਪਿੰਡ ਖੁੱਡਾ, ਹੁਸ਼ਿਆਰਪੁਰ। ਮੋਬਾ: 98156-76453

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਮਾਝ ਰਾਗੁ ਵਿਚ ਉਚਾਰੇ ਇੱਕ ਸ਼ਬਦ ਦੀਆਂ ਕੁਝ ਪੰਕਤੀਆਂ ਹੇਠਾਂ ਲਿਖੇ ਅਨੁਸਾਰ ਹਨ :

**ਆਪਿ ਬੁਝਾਏ ਸੋਈ ਬੂਝੈ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ॥** *(੧੫੦)*

ਉਕਤ ਪੰਕਤੀਆਂ ਦੁਆਰਾ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਸ ਮਨੁੱਖ ਨੂੰ ਪ੍ਰਭੂ ਮਤਿ ਦੇਂਦਾ ਹੈ, ਉਸ ਨੂੰ ਹੀ ਮਤਿ ਆਉਂਦੀ ਹੈ। ਜਿਸ ਮਨੁੱਖ ਨੂੰ ਆਪ ਸੂਝ ਬਖ਼ਸ਼ਦਾ ਹੈ ਉਸ ਨੂੰ ਹਰ ਗੱਲ ਦੀ ਸਮਝ ਆ ਜਾਂਦੀ ਹੈ।

ਆਪਣੇ ਬਾਰੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਈ ਸਾਲਾਂ ਤੋਂ ਰੋਜ਼ਾਨਾ ਸਹਿਜ ਪਾਠ ਕਰਦੇ ਕਰਦੇ ਇਕ ਦਿਨ ਗੁਰਬਾਣੀ ਦੇ ਕੁਝ ਅਰਥ ਸਮਝਣ ਲਈ ਵਿਸ਼ਵਾਸਯੋਗ ਕੁਝ ਸਰੋਤਾਂ ਤੋਂ ਜਾਣਕਾਰੀ ਇਕੱਤ੍ਰ ਕਰਨ ਉਪਰੰਤ ਦਾਸ ਨੂੰ ਜੋ ਸਮਝ ਆਇਆ ਉਸਦੇ ਮੁੱਖ ਅੰਸ਼ਾਂ ਨੂੰ ਤਰਤੀਬ ਦੇ ਕੇ ਲਿਖਿਆ ਜਾਏ ਤਾਂ ਉਹ ਨਿਮਨ ਪ੍ਰਕਾਰ ਹੈ :

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਸ਼ੋਭਿਤ ਬਾਣੀ ਜਦ ਅਸੀਂ ਧਿਆਨ ਨਾਲ ਪੜ੍ਹਦੇ ਹਾਂ ਤਾਂ ਇਹ ਪਤਾ ਲਗਦਾ ਹੈ ਕਿ ਕਈ ਸਦੀਆਂ ਪਹਿਲਾਂ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੁਆਰਾ ਉਚਾਰੀ ਗਈ ਬਾਣੀ ਵਿਚ, ਲੰਬਾਈ, ਚੌੜਾਈ ਅਤੇ ਇਕ ਸਥਾਨ ਤੋਂ ਦੂਜੇ ਸਥਾਨ ਦੀ ਦੂਰੀ ਦੀ ਮਿਣਤੀ ਕਰਨ ਵਾਲੀ ਇੱਕ ਪੁਰਾਤਨ 'ਦੇਸੀ ਵਿਧੀ' ਦੀਆਂ ਇਕਾਈਆਂ ਦਾ ਹਵਾਲਾ ਦੇ ਕੇ ਮਾਰਗ ਦਰਸ਼ਨ ਲਈ ਸਾਨੂੰ ਅਨੇਕ ਉਪਦੇਸ਼ ਬਖਸ਼ੇ ਗਏ ਹਨ। ਬਹੁਤ ਸਮਾਂ ਪਹਿਲਾਂ ਬੰਦ ਹੋ ਚੁੱਕੀ ਉਸ ਪ੍ਰਨਾਲੀ ਦੀਆਂ ਮਿਣਤੀ ਕਰਨ ਵਾਲੀਆਂ ਇਕਾਈਆਂ ਦਾ ਤੁਲਨਾਤਮਿਕ ਮੁੱਲ (Value) ਸਾਨੂੰ ਵਰਤਮਾਨ ਸਮੇਂ ਭਾਰਤ ਵਿਚ ਚੱਲ ਰਹੀ ਪ੍ਰਣਾਲੀ ਅਨੁਸਾਰ ਪਤਾ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਵਿਚਾਰਧੀਨ ਉਨ੍ਹਾਂ ਅਨਮੋਲ ਬਚਨਾਂ ਦੁਆਰਾ ਬਖ਼ਸ਼ੇ ਗਏ ਉਪਦੇਸ਼ ਸ਼ਪੱਸ਼ਟ ਰੂਪ ਵਿਚ ਸਮਝ ਸਕਾਂਗੇ। ਇਸ ਲਈ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿਚ ਵਰਤਮਾਨ ਸਮੇਂ ਮਿਣਤੀ ਕਰਨ, ਭਾਰ ਤੋਲਣ ਅਤੇ ਸਮੇਂ ਦੀ ਜਾਣਕਾਰੀ ਲਈ ਕਿਹੜੀ ਪ੍ਰਣਾਲੀ ਚੱਲ ਰਹੀ ਹੈ ਅਤੇ ਇਸਦੇ ਲਾਗੂ ਹੋਣ ਸਮੇਂ ਕਿਹੜੀ ਪ੍ਰਣਾਲੀ ਚੱਲ ਰਹੀ ਸੀ।

ਇਸ ਬਾਰੇ ਕੁਝ ਜਾਣਕਾਰੀ ਨਿਮਨ ਪ੍ਰਕਾਰ ਹੈ : ਗੂਗਲ/Wikipedia ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਕਈ ਸਦੀਆਂ ਪਹਿਲਾਂ ਤੋਂ ਇੰਗਲੈਂਡ ਵਰਗੇ ਉੱਨਤ ਦੇਸ਼ ਵਿਚ ਮਿਣਤੀ ਕਰਨ, ਭਾਰ ਤੋਲਣ ਅਤੇ ਸਮੇਂ ਦੀ ਜਾਣਕਾਰੀ ਲਈ ਫੁੱਟ, ਪਾਉਂਡ, ਸੈਕੰਡ, ਪ੍ਰਣਾਲੀ ਪ੍ਰਚੱਲਤ ਹੈ ਜਿਸ ਨੂੰ ਸੰਖੇਪ ਸ਼ਬਦਾਂ ਵਿਚ ਐਫ.ਪੀ.ਐਸ. ਪ੍ਰਣਾਲੀ ਕਿਹਾ ਜਾਂਦਾ ਹੈ। ਕਈ ਸਦੀਆਂ ਪਹਿਲਾਂ ਭਾਰਤ ਦੁਆਰਾ ਭੀ ਇਹ ਪ੍ਰਣਾਲੀ ਅਪਨਾ ਲਈ ਗਈ ਸੀ ਜਿਸ ਦੀਆਂ ਇਕਾਈਆਂ ਹੇਠ ਲਿਖੇ ਅਨੁਸਾਰ ਹੁੰਦੀਆਂ ਸਨ :

ਇਤਿਹਾਸ ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਭਾਰਤ ਵਿਚ ਵਿੱਦਿਆ ਦਾ ਬਹੁਤਾ ਪ੍ਰਸਾਰ ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਹੀ

| ਮਿਣਤੀ ਲਈ | ਭਾਰ ਤੋਲਣ ਲਈ | ਸਮੇਂ ਲਈ |
|---|---|---|
| 8 Soot = 1 Inch | 16 Ounces (oz) = 1 Pounds (Lb) | 1 Second = 1/60 of an minute |
| 12 Inch = 1 Foot | 14 Pounds = 1 Stone | 1 Minute = 1/60 of an Hour |
| 3 Feet = 1 yard | 28 Pounds = 1 Quarter | 1 Hour = 60 Minute |
| 22 Yards = 1 Chain | 04 Quarters (112 Pounds) = 1 Hundered weight (cwt) | |
| 10 Chains = 1 Furlong | 20 Hundered weight (2240 Pounds) = 1 Ton | |
| 8 Furlongs = 1 Mile (1760 Yards) | | |

ਹੋਇਆ ਹੈ, ਉਸ ਤੋਂ ਪਹਿਲਾਂ ਪੁਰਾਤਨ ਸਮੇਂ ਦੌਰਾਨ ਤਾਂ ਸਾਡੇ ਦੇਸ਼ ਅੰਦਰ ਵਿੱਦਿਆ ਦਾ ਪ੍ਰਸਾਰ ਬਹੁਤ ਘੱਟ ਸੀ ਇਸ ਲਈ ਸਾਡੇ ਬਹੁ-ਗਿਣਤੀ ਲੋਕ ਅਨਪੜ੍ਹ ਹੀ ਸਨ ਜਾਂ ਘੱਟ ਪੜ੍ਹੇ ਲਿਖੇ ਸਨ। ਇਸ ਲਈ ਵਿਕਸਤ ਦੇਸ਼ ਦੀਆਂ ਉਕਤ ਇਕਾਈਆਂ ਨੂੰ ਸਮਝਣਾ ਸਾਡੇ ਦੇਸ਼ ਵਾਸੀਆਂ ਦੇ ਵੱਸ ਦੀ ਗੱਲ ਨਹੀਂ ਸੀ। ਆਮ ਲੋਕਾਂ ਦੀ ਸੁਵਿਧਾ ਲਈ ਸਾਡੇ ਪੁਰਾਤਨ ਵਿਦਵਾਨਾਂ ਨੇ ਮਿਣਤੀ ਕਰਨ ਵਾਲੀਆਂ ਉਕਤ ਸੂਤ, ਇੰਚ, ਫੁੱਟ ਆਦਿ... ਇਕਾਈਆਂ ਤਾਂ ਵਿਦੇਸ਼ਾਂ ਵਾਲੀਆਂ ਹੀ ਰੱਖ ਲਈਆਂ ਲੇਕਿਨ ਭਾਰ ਤੋਲਣ ਅਤੇ ਸਮੇਂ ਦੀ ਜਾਣਕਾਰੀ ਲਈ ਨਵੀਆਂ ਇਕਾਈਆਂ ਬਣਾ ਲਈਆਂ। ਇਨ੍ਹਾਂ ਇਕਾਈਆਂ ਬਾਰੇ ਕੁਝ ਜਾਣਕਾਰੀ ਨਿਮਨ ਪ੍ਰਕਾਰ ਹੈ :

ਭਾਰ ਤੋਲਣ ਲਈ ਤਿਆਰ ਕੀਤੀਆਂ ਗਈਆਂ ਇਕਾਈਆਂ ਦੇ ਨਾਮ ਰੱਖੇ ਗਏ ਸਨ– ਚਾਵਲ, ਰੱਤੀ, ਮਾਸ਼ਾ, ਤੋਲਾ, ਛਟਾਂਕ, ਪਾਉ, ਸੇਰ, ਮਣ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰੇ ਨਿਮਨ ਬਚਨਾਂ ਵਿਚ ਭਾਰ ਤੋਲਣ ਵਾਲੀਆਂ ਉਕਤ ਨਵੀਆਂ



Sri Satguru Jagjit Singh Ji eLibrary NamdhariElibrary@gmail.com

ਇਕਾਈਆਂ ਵਿਚੋਂ ਮਾਸ਼ਾ, ਤੋਲਾ ਅਤੇ ਸੇਰ ਇਕਾਈਆਂ ਦੀ ਕੀਤੀ ਗਈ ਵਰਤੋਂ ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਗੁਰੂ ਕਾਲ ਸਮੇਂ ਭਾਰਤ ਵਿਚ ਐਫ.ਪੀ.ਐਸ. ਪ੍ਰਣਾਲੀ ਪ੍ਰਚੱਲਤ ਸੀ–

– **ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥**
**ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥** (੧੧੨੧)

– **ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥ ਅਵਰ ਵਸਤੁ ਤੁਝ ਪਾਹਿ ਅਮਾਨ॥** (੩੭੪)

ਭਗਤ ਕਬੀਰ ਜੀ ਦੁਆਰਾ ਉਚਾਰੇ ਗਏ ਨਿਮਨ ਬਚਨਾਂ ਵਿਚ ਭਾਰ ਤੋਲਣ ਵਾਲੀਆਂ ਨਵੀਆਂ ਇਕਾਈਆਂ ਵਿਚੋਂ ਪਾਉ ਅਤੇ ਸੇਰ ਇਕਾਈਆਂ ਦਾ ਕੀਤਾ ਗਿਆ ਜ਼ਿਕਰ ਹੇਠ ਲਿਖੇ ਅਨੁਸਾਰ ਹੈ–

**ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥**
**ਅਧ ਸੇਰੁ ਮਾਂਗਉ ਦਾਲੇ॥ਮੋ ਕਉ ਦੋਨਉ ਵਖਤ ਜਿਵਾਲੇ॥ ੨॥** (੬੫੬)

ਭਗਤ ਕਬੀਰ ਜੀ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਹੋਏ ਹਨ, ਇਸ ਲਈ ਭਗਤ ਜੀ ਦੁਆਰਾ ਉਚਾਰੇ ਗਏ ਉਕਤ ਬਚਨਾਂ ਤੋਂ ਇਹ ਪਤਾ ਲੱਗਦਾ ਹੈ ਕਿ ਐਫ.ਪੀ.ਐਸ. ਪ੍ਰਣਾਲੀ ਸਾਡੇ ਦੇਸ਼ ਵਿਚ ਗੁਰੂ ਕਾਲ ਤੋਂ ਪਹਿਲਾਂ ਹੀ ਚੱਲ ਰਹੀ ਸੀ।

### ਸਮੇਂ ਦੀ ਜਾਣਕਾਰੀ ਲਈ ਇਕਾਈਆਂ

ਵਰਤਮਾਨ ਸਮੇਂ ਦੁਨੀਆਂ ਅੰਦਰ ਪ੍ਰਚੱਲਤ ਘੜੀ ਸਭ ਤੋਂ ਪਹਿਲਾਂ ਜਰਮਨੀ ਦੇ ਡੀ ਵਿਕ ਨਾਮ ਦੇ ਖੋਜ ਵਿਅਕਤੀ ਦੁਆਰਾ 1379 ਈ. ਵਿਚ ਤਿਆਰ ਕੀਤੀ ਗਈ ਸੀ। ਉਸ ਤੋਂ ਪਹਿਲਾਂ ਸਮੇਂ ਦੀ ਜਾਣਕਾਰੀ ਲਈ ਵਿਦੇਸ਼ਾਂ ਅੰਦਰ ਪਾਣੀ ਨਾਲ ਚੱਲਣ ਵਾਲੀ ਘੜੀ ਦੀ ਵਰਤੋਂ ਕੀਤੀ ਜਾਂਦੀ ਸੀ ਜਿਸ ਨੂੰ ਕਲੈਪਸਿਡਰਾ (Clepsydra) ਕਿਹਾ ਜਾਂਦਾ ਸੀ। ਇਸ ਦੀਆਂ ਸਮੇਂ ਦੀਆਂ ਇਕਾਈਆਂ ਹੁੰਦੀਆਂ ਸਨ ਸੈਕੰਡ, ਮਿੰਟ ਅਤੇ ਘੰਟਾ।



CLEPSYDRA

ਉਨ੍ਹਾਂ ਸਮਿਆਂ ਵਿਚ ਭਾਰਤ ਵਿਚ ਸਮੇਂ ਦੀ ਜਾਣਕਾਰੀ ਲਈ ਵੀ ਪਾਣੀ ਵਾਲੀ ਘੜੀ ਵਰਤੀ ਜਾਂਦੀ ਸੀ ਜਿਸ ਨੂੰ 'ਜਲ ਘੜੀ' ਕਿਹਾ ਜਾਂਦਾ ਸੀ। ਸਾਡੇ ਪੁਰਾਤਨ ਵਿਦਵਾਨਾਂ ਦੁਆਰਾ ਸਮੇਂ ਦੀ ਜਾਣਕਾਰੀ ਲਈ ਜੋ ਇਕਾਈਆਂ ਤਿਆਰ ਕੀਤੀਆਂ ਗਈਆਂ ਉਨ੍ਹਾਂ ਵਿਚੋਂ ਇੱਕ ਇਕਾਈ ਦਾ ਨਾਂ ਹੁੰਦਾ ਸੀ 'ਘੜੀ'। ਐਫ.ਪੀ.ਐਸ. ਪ੍ਰਣਾਲੀ ਅਨੁਸਾਰ ਘੜੀ ਇਕਾਈ 22½ ਮਿੰਟ ਦੀ ਹੁੰਦੀ ਸੀ। ਘੜੀ ਇਕਾਈ ਨੂੰ ਆਧਾਰ ਬਣਾ ਕੇ ਸਾਡੇ ਵਿਦਵਾਨਾਂ ਦੁਆਰਾ ਇਸ ਇਕਾਈ ਤੋਂ ਵੱਡੀਆਂ ਅਤੇ ਛੋਟੀਆਂ ਜੋ ਇਕਾਈਆਂ ਤਿਆਰ ਕੀਤੀਆਂ ਗਈਆਂ ਉਨ੍ਹਾਂ ਦੇ ਨਾਮ ਸਨ : ਨਿਮਖ, ਵਿਸਵੇ, ਚਸਵੇ, ਪਲ, ਘੜੀ, ਪਹਿਰ, ਦਿਨ ਰਾਤ।


ਜਲ ਘੜੀ

ਸਾਧਾਰਨ ਗਿਆਨ ਲਈ ਇਹ ਜਾਣ ਲੈਣਾ ਚਾਹੀਦਾ ਹੈ ਕਿ ਪੁਰਾਤਨ ਸਮੇਂ ਦੌਰਾਨ ਜਦ ਭਾਰਤ ਅੰਦਰ 'ਜਲ ਘੜੀ' ਦੀ ਵਰਤੋਂ ਕੀਤੀ ਜਾਂਦੀ ਸੀ ਉਦੋਂ ਸਮੇਂ ਦੀ ਜਾਣਕਾਰੀ ਲਈ ਤਿਆਰ ਕੀਤੀਆਂ ਗਈਆਂ ਨਿਮਖ, ਵਿਸਾ, ਚਸਾ, ਪਲ, ਘੜੀ, ਪਹਿਰ ਅਤੇ ਦਿਨ ਰਾਤ ਇਕਾਈਆਂ ਦਾ ਐਫ.ਪੀ. ਐਸ. ਪ੍ਰਣਾਲੀ ਅਨੁਸਾਰ ਤੁਲਨਾਤਮਕ ਮੁੱਲ (Value) ਹੇਠ ਲਿਖੇ ਅਨੁਸਾਰ ਹੁੰਦਾ ਸੀ :

| **ਪੁਰਾਤਨ ਵਿਦਵਾਨਾਂ ਦੁਆਰਾ ਤਿਆਰ ਕੀਤੀਆਂ ਇਕਾਈਆਂ** | **ਕਾਲਮ 1 ਵਿਚ ਲਿਖੀਆਂ ਇਕਾਈਆਂ ਦਾ ਐਫ.ਪੀ.ਐਸ. ਪ੍ਰਣਾਲੀ ਅਨੁਸਾਰ ਮੁੱਲ (Value)** |
|---|---|
| ਨਿਮਖ = ਅੱਖ ਝਮਕਣ ਵਿਚ ਲੱਗਦਾ ਸਮਾਂ | 0.0333 ਸਕਿੰਟ |
| ਵਿਸਵੇ = 15 ਨਿਮਖ | 1/2 ਸਕਿੰਟ |
| ਚਸਵੇ = 15 ਵਿਸਵੇ | 7.5 ਸਕਿੰਟ |
| ਪਲ = 3 ਚਸਵੇ | 22.5 ਸਕਿੰਟ |
| ਘੜੀ = 60 ਪਲ | 22.5 ਮਿੰਟ |
| ਪਹਿਰ = 8 ਘੜੀ | 3 ਘੰਟੇ |
| ਦਿਨ ਰਾਤ = 8 ਪਹਿਰ (64 ਘੜੀਆਂ) | 24 ਘੰਟੇ |

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਸ਼ੋਭਿਤ ਬਾਣੀ ਜਦ ਅਸੀਂ ਗਹੁ ਨਾਲ ਪੜ੍ਹਦੇ ਹਾਂ ਤਾਂ ਇਹ ਪਤਾ ਲੱਗਦਾ ਹੈ ਕਿ ਮੂਲ ਐਫ.ਪੀ. ਐਸ. ਪ੍ਰਣਾਲੀ ਦੀਆਂ ਸੈਕਿੰਡ, ਮਿੰਟ ਅਤੇ ਘੰਟਾ ਇਕਾਈਆਂ ਦੀ ਵਰਤੋਂ ਇਕ ਵਾਰ ਵੀ ਨਹੀਂ ਕੀਤੀ ਗਈ ਹੈ ਜਦਕਿ ਭਾਰਤੀ ਵਿਦਵਾਨਾਂ ਦੁਆਰਾ ਤਿਆਰ ਕੀਤੀਆਂ ਗਈਆਂ ਨਵੀਆਂ ਇਕਾਈਆਂ ਦੀ ਵਰਤੋਂ ਅਨੇਕ ਵਾਰ ਕੀਤੀ ਗਈ ਹੈ। ਉਦਾਹਰਨ ਵਜੋਂ ਸ੍ਰੀ ਗੁਰੂ ਨਾਨਕ ਦੇਵ



Sri Satguru Jagjit Singh Ji eLibrary NamdhariElibrary@gmail.com

ਜੀ ਦੁਆਰਾ ਆਸਾ ਰਾਗੁ ਵਿਚ ਉਚਾਰੇ ਇੱਕ ਸ਼ਬਦ ਦੀਆਂ ਨਿਮਨ ਪੰਕਤੀਆਂ ਦੇ ਦਰਸ਼ਨ ਕਰਦੇ ਹਾਂ :

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥**

**ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥** *(ਅੰਗ ੧੨)*

ਭਗਤ ਕਬੀਰ ਜੀ ਦੁਆਰਾ ਉਚਾਰੇ ਗਏ ਸਲੋਕਾਂ ਵਿਚੋਂ ਸਲੋਕ ਨੰ: 235 ਵਿਚ ਆਈ ਇਕ ਪੰਕਤੀ ਹੇਠ ਲਿਖੇ ਅਨੁਸਾਰ ਹੈ :

**ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥** *(੧੩੭੭)*

ਉਪਰੋਕਤ ਪੰਕਤੀ ਵਿਚ ਆਏ ਕੁਝ ਸ਼ਬਦਾਂ ਦੇ ਅੱਖਰੀ ਅਰਥ ਨਿਮਨ ਅਨੁਸਾਰ ਹਨ :

ਆਠ ਦੇ ਅਰਥ ਹਨ – ਅੱਠ, ਹਿੰਦੀ ਦੇ ਜਾਮ ਸ਼ਬਦ (ਜਾਮ) ਦੇ ਅਰਥ ਹਨ – ਪਹਿਰ (a period of three hours), ਚਉਸਠਿ ਘਰੀ ਦੇ ਅਰਥ ਹਨ – 64 ਘੜੀਆਂ।

ਉਕਤ ਅਰਥਾਂ ਤੋਂ ਇਹ ਸਮਝ ਆ ਜਾਂਦਾ ਹੈ ਕਿ ਦਿਨ ਰਾਤ ਦੀ ਇਕਾਈ ਆਠ ਜਾਮ ਭਾਵ 24 ਘੰਟੇ ਦੀ ਹੁੰਦੀ ਸੀ ਅਤੇ ਦਿਨ ਰਾਤ ਦੀ ਇਸ ਇਕਾਈ ਵਿਚ 64 ਘੜੀਆਂ ਹੁੰਦੀਆਂ ਸਨ। ਇਸ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਘੜੀ ਇਕਾਈ 24x60÷64 ਭਾਵ 22½ ਮਿੰਟ ਦੀ ਹੁੰਦੀ ਸੀ।

**1 ਅਪ੍ਰੈਲ 1957 ਤੋਂ ਪਹਿਲਾਂ ਭਾਰਤ ਵਿਚ ਕਿਹੜੀ ਪ੍ਰਣਾਲੀ ਪ੍ਰਚੱਲਤ ਸੀ?**

ਸਾਡੇ ਉਹ ਸਤਿਕਾਰਯੋਗ ਬਜ਼ੁਰਗ ਜੋ ਇਸ ਸਮੇਂ 70 ਕੁ ਸਾਲ ਦੀ ਉਮਰ ਤੋਂ ਵੱਧ ਦੇ ਹੋ ਚੁੱਕੇ ਹਨ ਅਤੇ ਪਰਮਾਤਮਾ ਦੀ ਕਿਰਪਾ ਨਾਲ ਜੀਵਨ ਦੀਆਂ ਗੱਲਾਂ ਸਾਡੇ ਨਾਲ ਸਾਂਝੀਆਂ ਕਰ ਸਕਦੇ ਹਨ, ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਭਾਰਤ ਸਰਕਾਰ ਦੁਆਰਾ 1 ਅਪ੍ਰੈਲ 1957 ਤੋਂ ਦੇਸ਼ ਵਿਚ ਐਮ.ਕੇ.ਐਸ. ਪ੍ਰਣਾਲੀ ਦੀਆਂ ਇਕਾਈਆਂ ਲਾਗੂ ਕਰਨ ਤੋਂ ਪਹਿਲਾਂ ਇੱਥੇ ਐਫ.ਪੀ.ਐਸ. ਪ੍ਰਣਾਲੀ ਦੀਆਂ ਨਿਮਨ ਇਕਾਈਆਂ ਪ੍ਰਚੱਲਤ ਸਨ :

| ਮਿਣਤੀ ਕਰਨ ਲਈ | | | ਭਾਰ ਤੋਲਣ ਲਈ | | | ਸਮੇਂ ਲਈ |
|---|---|---|---|---|---|---|
| 8 ਸੂਤ | = | ਇੰਚ | 8 ਚਾਵਲ | = | ਰੱਤੀ | ਸਕਿੰਟ |
| 12 ਇੰਚ | = | ਫੁੱਟ | 8 ਰੱਤੀ | = | ਮਾਸਾ | ਮਿੰਟ |
| 3 ਫੁੱਟ | = | ਗਜ਼ | 12 ਮਾਸੇ | = | ਤੋਲਾ | ਘੰਟਾ |
| 220 ਗਜ਼ | = | ਫਰਲਾਂਗ | 5 ਤੋਲੇ | = | ਛਟਾਂਕ | |
| 8 ਫਰਲਾਂਗ | = | ਮੀਲ (1760 ਗਜ਼) | 4 ਛਟਾਂਕ | = | ਪਾਉ | |
| | | | 4 ਪਾਉ | = | ਸੇਰ | |
| | | | 40 ਸੇਰ | = | ਮਣ | |

**ਮਿਣਤੀ ਕਰਨ ਵਾਲੀਆਂ ਇਕਾਈਆਂ :** ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਸ਼ੋਭਿਤ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਬਾਣੀ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਐਫ.ਪੀ.ਐਸ. ਪ੍ਰਣਾਲੀ ਦੀਆਂ ਮਿਣਤੀ ਕਰਨ ਵਾਲੀਆਂ ਸੂਤ, ਇੰਚ, ਫੁੱਟ, ਫਰਲਾਂਗ, ਅਤੇ ਮੀਲ ਇਕਾਈਆਂ ਦੀ ਵਰਤੋਂ ਇਕ ਵਾਰ ਭੀ ਨਹੀਂ ਕੀਤੀ ਗਈ ਹੈ। ਅਜਿਹਾ ਕਰਨ ਦਾ ਕਾਰਣ ਸਮਝਣ ਲਈ ਜਦ ਅਸੀਂ ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ ਤਾਂ ਇਹ ਪਤਾ ਲਗਦਾ ਹੈ ਕਿ ਪੁਰਾਤਨ ਸਮੇਂ ਦੌਰਾਨ ਮਿਣਤੀ ਕਰਨ ਲਈ ਸਾਡੇ ਦੇਸ਼ ਵਿਚ ਇਕ 'ਦੇਸੀ ਵਿਧੀ' ਪ੍ਰਚੱਲਤ ਸੀ ਜਿਸ ਦੀਆਂ ਇਕਾਈਆਂ ਮਨੁੱਖ ਦੇ ਅੰਗਾਂ ਦੀ ਲੰਬਾਈ, ਚੌੜਾਈ 'ਤੇ ਆਧਾਰਿਤ ਸਨ ਜਿਨ੍ਹਾਂ ਦੇ ਨਾਮ ਸਨ – ਗਿਰਹ, ਗਿੱਠ, ਹੱਥ, ਗਜ਼, ਕੋਹ ਜਾਂ ਕੋਸ ਅਤੇ ਜੋਜਨ।

ਅੱਗੇ ਬਣਾਏ ਗਏ ਚਿੱਤਰਾਂ ਦੀ ਸਹਾਇਤਾ ਨਾਲ ਉਕਤ ਇਕਾਈਆਂ ਦਾ ਐਫ.ਪੀ.ਐਸ. ਪ੍ਰਣਾਲੀ ਅਨੁਸਾਰ ਤੁਲਨਾਤਮਕ ਮੁੱਲ (Value) ਅਸੀਂ ਸਮਝ ਸਕਦੇ ਹਾਂ, ਜੋ ਨਿਮਨ ਪ੍ਰਕਾਰ ਹੈ :

ਭਗਤ ਕਬੀਰ ਜੀ ਅਤੇ ਭਗਤ ਨਾਮ ਦੇਵ ਜੀ ਦੁਆਰਾ ਉਚਾਰੀ ਗਈ ਬਾਣੀ ਵਿਚ 'ਦੇਸੀ ਵਿਧੀ' ਦੀਆਂ ਉਪਰੋਕਤ ਇਕਾਈਆਂ ਵਿਚੋਂ ਹੱਥ ਅਤੇ ਜੋਜਨ ਇਕਾਈਆਂ ਦੀ ਕੀਤੀ ਗਈ ਵਰਤੋਂ ਨਿਮਨ ਪ੍ਰਕਾਰ ਹੈ :




**1. ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥ ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥** *(੧੩੭੬)*



Sri Satguru Jagjit Singh Ji eLibrary NamdhariElibrary@gmail.com

2. ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥ ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ॥ (੬੯੩)

ਇੱਕ ਪ੍ਰਣਾਲੀ ਦੀਆਂ ਇਕਾਈਆਂ ਦਾ ਤੁਲਨਾਤਮਿਕ ਮੁੱਲ ਦੂਸਰੀ ਪ੍ਰਣਾਲੀ ਅਨੁਸਾਰ ਜਾਨਣ ਲਈ Conversion Factor ਬਣੇ ਹੋਏ ਹਨ ਜਿਨ੍ਹਾਂ ਬਾਰੇ ਕੁਝ ਜਾਣਕਾਰੀ ਨਿਮਨ ਪ੍ਰਕਾਰ ਹੈ :

1. ਮਨੁੱਖ ਦੇ ਹੱਥ ਦੀਆਂ ਤਿੰਨ ਉਂਗਲਾਂ ਦੀ ਚੌੜਾਈ (ਸਵਾ ਦੋ ਇੰਚ) ਨੂੰ 'ਦੇਸੀ ਵਿਧੀ' ਅਨੁਸਾਰ ਗਿਰਹ ਕਿਹਾ ਜਾਂਦਾ ਸੀ।
2. 'ਦੇਸੀ ਵਿਧੀ' ਦੀ ਗਿੱਠ ਇਕਾਈ 4 ਗਿਰਹ (9 ਇੰਚ) ਦੀ ਹੁੰਦੀ ਸੀ।
3. ਦੋ ਗਿੱਠਾਂ ਦੀ ਲੰਬਾਈ (1½ ਫੁੱਟ) ਨੂੰ ਹੱਥ ਕਿਹਾ ਜਾਂਦਾ ਸੀ।
4. ਦੋ ਹੱਥਾਂ ਦੀ ਲੰਬਾਈ (3 ਫੁੱਟ) ਨੂੰ ਗਜ਼ ਕਿਹਾ ਜਾਂਦਾ ਸੀ।
5. ਅੱਠ ਹਜ਼ਾਰ ਹੱਥਾਂ ਦੀ ਲੰਬਾਈ (4000 ਗਜ਼) ਨੂੰ ਕੋਹ ਜਾਂ ਕੋਸ ਕਿਹਾ ਜਾਂਦਾ ਸੀ।
6. ਚਾਰ ਕੋਹ ਭਾਵ 32000 ਹੱਥਾਂ (16000 ਗਜ਼) ਨੂੰ ਜੋਜਨ ਕਿਹਾ ਜਾਂਦਾ ਸੀ।
7. ਇੱਕ ਫੁੱਟ 0.305 ਮੀਟਰ ਦਾ ਹੁੰਦਾ ਸੀ।
8. ਇੱਕ ਮੀਟਰ 39.37 ਇੰਚ (3.28 ਫੁੱਟ) ਦਾ ਹੁੰਦਾ ਹੈ।
9. ਇੱਕ ਮੀਲ 1.609 ਕਿੱਲੋਮੀਟਰ ਦਾ ਹੁੰਦਾ ਸੀ।
10. ਇੱਕ ਇੰਚ ਵਿਚ 2.54 ਸੈਂਟੀਮੀਟਰ ਹੁੰਦੇ ਹਨ।
11. ਇੱਕ ਸੇਰ 9.33.1 ਗ੍ਰਾਮ ਦਾ ਹੁੰਦਾ ਸੀ।

ਉਕਤ ਜਾਣਕਾਰੀ ਦੇ ਆਧਾਰ 'ਤੇ 'ਦੇਸੀ ਵਿਧੀ' ਦੀਆਂ ਇਕਾਈਆਂ ਦਾ ਐਫ.ਪੀ.ਐਸ. ਅਤੇ ਐਮ.ਕੇ.ਐਸ. ਪ੍ਰਣਾਲੀ ਅਨੁਸਾਰ ਤੁਲਨਾਤਮਕ ਮੁੱਲ (Value) ਨਿਮਨ ਚਾਰਟ ਵਿਚ ਦਿਖਾਇਆ ਗਿਆ ਹੈ :

| ਦੇਸੀ ਵਿਧੀ ਦੀਆਂ ਇਕਾਈਆਂ | ਕਾਲਮ 1 ਵਿਚ ਲਿਖੀਆਂ ਇਕਾਈਆਂ ਦਾ ਐਫ.ਪੀ.ਐਸ. ਅਨੁਸਾਰ ਤੁਲਨਾਤਮਕ ਮੁੱਲ (Value) | ਕਾਲਮ 2 ਵਿਚ ਲਿਖੀਆਂ ਇਕਾਈਆਂ ਦਾ ਐਮ.ਕੇ.ਐਸ. ਅਨੁਸਾਰ ਤੁਲਨਾਤਮਕ ਮੁੱਲ (Value) |
|---|---|---|
| 1 | 2 | 3 |
| ਗਿਰਹ = 3 ਉਂਗਲ | ਸਵਾ ਦੋ ਇੰਚ | 5.715 ਸੈਂਟੀਮੀਟਰ |
| ਗਿੱਠ = 4 ਗਿਰਹ | 9 ਇੰਚ | 22.86 ਸੈਂਟੀਮੀਟਰ |
| ਹੱਥ = 2 ਗਿੱਠ | 1.5 ਫੁੱਟ | 0.457 ਮੀਟਰ |
| ਗਜ਼ = 2 ਹੱਥ | 3 ਫੁੱਟ | 0.914 ਮੀਟਰ |
| ਕੋਹ/ਕੋਸ = 8000 ਹੱਥ | 4000 ਗਜ਼ (2.27 ਮੀਲ) | 3.65 ਕਿਲੋਮੀਟਰ |
| ਜੋਜਨ = 32000 ਹੱਥ | 16000 ਗਜ਼ (9.09 ਮੀਲ) | 14.63 ਕਿਲੋਮੀਟਰ |

1 ਅਪ੍ਰੈਲ 1957 ਤੋਂ ਭਾਰਤ ਅੰਦਰ ਐਮ.ਕੇ.ਐਸ. ਪ੍ਰਣਾਲੀ ਲਾਗੂ ਹੋਣ ਤੋਂ ਕੁਝ ਦਹਾਕੇ ਪਹਿਲਾਂ ਅਤੇ ਵਰਤਮਾਨ ਦੇਸੀ ਵਿਧੀ ਦੀਆਂ ਇਕਾਈਆਂ ਦੇ ਟੀਕਾਕਾਰ ਪ੍ਰੋ. ਸਾਹਿਬ ਸਿੰਘ ਦੁਆਰਾ ਭਗਤ ਸਾਹਿਬਾਨ ਦੇ ਉਕਤ ਬਚਨਾਂ ਦੇ ਕੀਤੇ ਗਏ ਅਰਥ ਨਿਮਨ ਅਨੁਸਾਰ ਹਨ :

1. ਉਸ ਜਿੰਦ-ਦਾਤੇ ਨੂੰ ਭੁਲਾ ਕੇ ਘਰ ਮਹਲ ਮਾੜੀਆਂ ਬੜੇ ਸ਼ੌਂਕ ਨਾਲ ਸਜਾ-ਸਜਾ ਕੇ ਕਿਉਂ ਆਤਮਿਕ ਮੌਤ ਮਰ ਰਹੇ ਹੋ? ਤੁਹਾਡੀ ਲੋੜ ਤਾਂ ਸਾਢੇ ਤਿੰਨ ਹੱਥ ਜ਼ਮੀਨ ਨਾਲ ਪੂਰੀ ਹੋ ਰਹੀ ਹੈ ਕਿਉਂਜੁ ਹਰ ਰੋਜ਼ ਸੌਣ ਵੇਲੇ ਆਪਣੇ ਕੱਦ ਅਨੁਸਾਰ ਤੁਸੀਂ ਇਤਨੀ ਕੁ ਹੀ ਵਰਤਦੇ ਹੋ, ਪਰ ਜੇ ਤੁਹਾਡਾ ਕੱਦ ਕੁਝ ਲੰਮਾ ਹੈ ਅਤੇ ਤੁਹਾਨੂੰ ਕੁਝ ਵਧੀਕ ਜ਼ਮੀਨ ਦੀ ਲੋੜ ਪੈਂਦੀ ਹੈ ਤਾਂ ਤੁਸੀਂ ਪੌਣੇ ਚਾਰ ਹੱਥ ਵਰਤ ਲੈਂਦੇ ਹੋ।
2. ਜਿਨ੍ਹਾਂ ਕੌਰਵਾਂ ਦੇ ਦੁਰਜੋਧਨ ਵਰਗੇ ਬਲੀ ਭਰਾ ਸਨ ਉਹ ਇਹ ਮਾਣ ਕਰਦੇ ਰਹੇ ਕਿ ਪਾਤਸ਼ਾਹੀ ਕੇਵਲ ਉਨ੍ਹਾਂ ਦੀ ਹੀ ਹੈ, ਪਾਂਡੋ ਕੀ ਲੱਗਦੇ ਹਨ ਇਸ ਧਰਤੀ ਦੇ? ਕੁਰਖੇਤਰ ਦੇ ਜੰਗ ਵੇਲੇ, ਅਠਤਾਲੀਆਂ ਕੋਹਾਂ ਵਿਚ ਉਹਨਾਂ ਦੀ ਸੈਨਾ ਦਾ ਖਿਲਾਰ ਸੀ। ਪਰ ਕਿੱਧਰ ਗਈ ਉਹ ਪਾਤਸ਼ਾਹੀ 'ਤੇ ਕਿੱਧਰ ਗਿਆ ਉਹ ਛਤਰ? ਕੁਰਖੇਤਰ ਦੀ ਜੰਗ ਵਿਚ ਗਿਰਝਾਂ ਨੇ ਕੌਰਵਾਂ ਦੀਆਂ ਲੋਥਾਂ ਖਾਧੀਆਂ।

ਮੇਰਾ ਇਹ ਮੰਨਣਾ ਹੈ ਕਿ ਜਦ ਤਕ ਸਾਨੂੰ ਉਕਤ ਅਰਥਾਂ ਵਿਚ ਆਏ ਸ਼ਬਦ ਸਾਢੇ ਤਿੰਨ ਹੱਥ, ਪੌਣੇ-ਚਾਰ ਹੱਥ ਅਤੇ ਅਠਤਾਲੀ ਕੋਹ ਦੇ ਅਰਥ ਐਮ.ਕੇ.ਐਸ. ਪ੍ਰਣਾਲੀ ਅਨੁਸਾਰ ਸਮਝ ਨਹੀਂ ਆ ਜਾਂਦੇ ਤਦ ਤੱਕ ਉਕਤ ਬਚਨਾਂ ਦੁਆਰਾ ਮਿਲਦੇ ਉਪਦੇਸ਼ ਸਾਨੂੰ ਸਪੱਸ਼ਟ ਰੂਪ ਵਿਚ



Sri Satguru Jagjit Singh Ji eLibrary NamdhariElibrary@gmail.com

ਸਮਝ ਨਹੀਂ ਆ ਸਕਦੇ। ਇਸ ਲਈ ਉਪਰੋਕਤ ਸ਼ਬਦਾਂ ਦੇ ਅਰਥ ਨਿਮਨ ਚਾਰਟ ਵਿਚ ਦਰਸਾਏ ਗਏ ਹਨ :

| ਦੇਸੀ ਵਿਧੀ ਦੇ ਸ਼ਬਦ | ਕਾਲਮ 1 ਵਿਚ ਲਿਖੀਆਂ ਇਕਾਈਆਂ ਦਾ ਤੁਲਨਾਤਮਕ ਮੁੱਲ (ਐਫ.ਪੀ.ਐਸ.) ਪ੍ਰਣਾਲੀ ਅਨੁਸਾਰ | ਕਾਲਮ 2 ਵਿਚ ਲਿਖੀਆਂ ਇਕਾਈਆਂ ਦਾ ਤੁਲਨਾਤਮਕ ਮੁੱਲ (ਐਮ.ਕੇ.ਐਸ.) ਪ੍ਰਣਾਲੀ ਅਨੁਸਾਰ |
|---|---|---|
| 1 | 2 | 3 |
| ਸਾਢੇ ਤਿੰਨ ਹੱਥ | 3.5x1.5=5.25 ਫੁੱਟ | 5.25÷3.28 = 1.60 ਮੀਟਰ |
| ਪੌਣੇ ਚਾਰ ਹੱਥ | 3.75x1.5=5.63 ਫੁੱਟ | 5.63÷3.28 = 1.72 ਮੀਟਰ |
| ਅਠਤਾਲੀ ਕੋਹ | 12x4x4000÷1760=109.09 ਮੀਲ | 109.09x1.609 = 175.53 ਕਿਲੋਮੀਟਰ |

**ਸਮਾਪਤ**

## ਵਿਸ਼ਵ ਪੱਧਰ 'ਤੇ ਨੌਜਵਾਨਾਂ ਲਈ ਪ੍ਰੇਰਨਾ ਦਾ ਸੋਮਾ ਹਨ ਸਾਡੀਆਂ ਜੁਝਾਰੂ ਗਾਥਾਵਾਂ........ (ਸਫ਼ਾ 31 ਦੀ ਬਾਕੀ)

ਤੋਂ ਬਾਅਦ ਗੁਰੂ ਜੀ ਸਮੇਤ, ਸਿੰਘਾਂ ਦਾ ਕੁਝ ਕੁ ਹਿੱਸਾ ਹੀ ਸਰਸਾ ਨਦੀ ਨੂੰ ਪਾਰ ਕਰਨ ਵਿਚ ਕਾਮਯਾਬ ਹੁੰਦਾ ਹੈ। ਬਹੁਤ ਸਾਰੇ ਗੁਰੂ ਕੇ ਸਿੰਘ ਤੇ ਵੱਡੀ ਗਿਣਤੀ ਵਿਚ 'ਗੁਰਮਤਿ ਸਾਹਿਤ' ਵੀ ਸਰਸਾ ਦੇ ਤੇਜ਼ ਵਹਾਅ ਦੀ ਭੇਟ ਚੜ੍ਹ ਜਾਂਦਾ ਹੈ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਵੀ ਗੰਗੂ ਰਸੋਈਏ ਸਮੇਤ ਕਲਗੀਧਰ ਪਾਤਸ਼ਾਹ ਤੋਂ ਏਸੇ ਸਥਾਨ 'ਤੇ ਵਿੱਛੜ ਜਾਂਦੇ ਹਨ। ਉਹ ਨਦੀ ਦੇ ਕਿਨਾਰੇ-ਕਿਨਾਰੇ ਚੱਲਦੇ ਹੋਏ ਗੰਗੂ ਦੇ ਜੱਦੀ ਪਿੰਡ ਖੇੜੀ ਵੱਲ ਨੂੰ ਚਲੇ ਜਾਂਦੇ ਹਨ।

ਏਧਰ ਗੁਰੂ ਸਾਹਿਬ ਕੋਟਲਾ ਨਿਹੰਗ ਖਾਂ ਤੇ ਅਜੋਕੇ ਭੱਠਾ ਸਾਹਿਬ (ਰੋਪੜ) ਵਾਲੇ ਸਥਾਨ ਤੋਂ ਹੁੰਦੇ ਹੋਏ ਚਮਕੌਰ ਦੀ ਕੱਚੀ ਗੜ੍ਹੀ ਵਿਚ ਉਤਾਰਾ ਕਰ ਲੈਂਦੇ ਹਨ। ਆਖ਼ਰਕਾਰ ਇੱਥੇ 'ਦਸ ਲੱਖ ਫ਼ੌਜ' ਭਾਵ ਅਸੀਮ ਪਹਾੜੀ ਤੇ ਮੁਗ਼ਲਈ ਫ਼ੌਜ ਨਾਲ ਬਚੇ ਚਾਲੀ ਸਿੰਘਾਂ ਦਾ ਮੁਕਾਬਲਾ ਹੁੰਦਾ ਹੈ। ਪੰਜ-ਪੰਜ ਦੇ ਜਥੇ ਇਹਨਾਂ ਝੂਠੇ ਈਮਾਨਾਂ ਤੇ ਝੂਠੀਆਂ ਸਹੁੰਆਂ ਖਾਣ ਵਾਲੇ ਕਾਇਰਾਂ ਨੂੰ ਨੱਕੀਂ ਚਣੇ ਚਬਾਉਂਦੇ ਹਨ। ਏਸੇ ਸਥਾਨ 'ਤੇ "ਸਵਾ ਲਾਖ ਸੇ ਏਕ ਲੜਾਊਂ" ਦਾ ਵਾਕ ਸੱਚ ਸਾਬਤ ਹੁੰਦੈ। ਲੱਖਾਂ ਦੀ ਫ਼ੌਜ ਵਿਚ ਜਦ ਪੰਜ ਸਿੰਘਾਂ ਦਾ ਜਥਾ ਜਾ ਕੇ ਤਰਥੱਲੀ ਮਚਾਉਂਦੈ ਤਾਂ ਕਲਗੀਧਰ ਪਾਤਸ਼ਾਹ ਦੇ ਸੂਰਬੀਰਾਂ ਦੀ ਬਹਾਦਰੀ ਵੇਖ ਕੇ ਧਰਤੀ-ਅਸਮਾਨ ਵੀ ਅਸ਼-ਅਸ਼ ਕਰ ਉੱਠਦੇ ਹਨ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸੈਂਕੜੇ ਦੁਸ਼ਮਣਾਂ ਨੂੰ ਪਾਰ ਬੁਲਾ ਕੇ ਆਖ਼ਰੀ ਫਤਹਿ ਬੁਲਾ ਜਾਂਦੇ ਹਨ।

ਆਖ਼ਰ ਅੱਧੀ ਕੁ ਰਾਤ ਵੇਲੇ ਪੰਜ ਪਿਆਰੇ ਪੰਥ ਦਾ ਰੂਪ ਧਾਰ ਕੇ ਕਲਗੀਧਰ ਪਾਤਸ਼ਾਹ ਨੂੰ ਗੜ੍ਹੀ ਛੱਡਣ ਦਾ ਹੁਕਮ ਦਿੰਦੇ ਹਨ। ਉਹਨਾਂ ਨੂੰ ਪਤਾ ਹੈ ਕਿ ਗੁਰੂ ਸਾਹਿਬ ਦਾ ਏਥੇ ਸ਼ਹਾਦਤ ਪਾਉਣਾ ਉਚਿਤ ਨਹੀਂ। ਸਿੱਖੀ ਦਾ ਮਿਸ਼ਨ ਸੰਪੂਰਨ ਕਰਨ ਲਈ ਹਾਲੇ ਲੰਬੀ ਘਾਲਣਾ ਬਾਕੀ ਹੈ। ਗੁਰੂ ਜੀ ਤਾੜੀ ਮਾਰ ਕੇ ਤੇ ਮੁਗ਼ਲਾਂ ਨੂੰ ਲਲਕਾਰ ਕੇ ਗੜ੍ਹੀ ਤੋਂ ਪਾਰ ਹੋ ਜਾਂਦੇ ਹਨ। ਰਹਿਮਤਾਂ ਦਾ ਦਾਤਾ ਅਜੋਕੇ ਝਾੜ ਸਾਹਿਬ ਤੋਂ ਗੁਜ਼ਰਦਾ ਹੋਇਆ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚ ਜਾਂਦੈ। ਆਖ਼ਰ ਆਲਮਗੀਰ ਤੇ ਰਾਏਕੋਟ ਵਾਲੇ ਪਾਸੇ ਜਾ ਕੇ ਰਾਇ ਕੱਲ੍ਹਾ ਗੁਰੂ ਜੀ ਦੀ ਸ਼ਰਨ ਵਿੱਚ ਆਉਂਦੈ। ਇੱਥੇ ਹੀ ਨੂਰੇ ਮਾਹੀ ਰਾਹੀਂ ਪਾਤਸ਼ਾਹ ਨੂੰ ਪਤਾ ਲੱਗਦੈ ਕਿ ਸਰਹੰਦ ਦੇ ਨਵਾਬ ਵਜੀਦ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੈ। ਆਪਣੇ ਜਾਨੋਂ ਪਿਆਰੇ ਫ਼ਰਜ਼ੰਦਾਂ ਦੇ ਨਾਲ-ਨਾਲ ਜਨਮ ਦਾਤੀ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਵੀ ਪਤਾ ਲੱਗਦੈ। ਗੁਰੂ ਪਾਤਸ਼ਾਹ ਜੈਕਾਰੇ ਲਾਉਂਦੇ ਹੋਏ ਤੀਰ ਨਾਲ 'ਕਾਹੀ ਦੇ ਬੂਟੇ' ਦੀ ਜੜ੍ਹ ਪੁੱਟ ਕੇ ਕਹਿੰਦੇ ਹਨ ਕਿ ਹੁਣ ਮੁਗ਼ਲੀਆ ਰਾਜ ਦੀ ਜੜ੍ਹ ਵੀ ਪੁੱਟੀ ਸਮਝੋ।

ਏਥੇ ਇਹ ਕਹਿਣਾ ਵੀ ਸਰਾਸਰ ਉਚਿਤ ਹੈ ਕਿ ਕਲਗੀਧਰ ਦਾ 'ਮੁਗ਼ਲੀਆ ਹਕੂਮਤ ਦੀ ਜੜ੍ਹ' ਪੁੱਟਣ ਦਾ ਇਸ਼ਾਰਾ ਜਬਰ-ਜ਼ੁਲਮ ਦੀ ਜੜ੍ਹ ਪੁੱਟਣ ਵੱਲ ਸੀ। ਜਦ ਵੀ ਦੁਨੀਆਂ ਵਿਚ ਕਿਤੇ ਵੀ, ਕਿਸੇ ਵੀ ਭੇਖ ਦਾ, ਕੋਈ ਵੀ ਤਾਨਾਸ਼ਾਹ ਸਿੰਘਾਂ ਦੇ ਸਬਰ-ਸਿਦਕ ਨੂੰ ਪਰਖਣ ਦੇ ਰਾਹ ਪਵੇਗਾ ਤਾਂ ਉਸ ਨੂੰ ਵੰਗਾਰਨ ਲਈ 'ਚਮਕੌਰ ਦੀ ਗੜ੍ਹੀ' ਦੇ ਵਾਰਸ ਹਰ ਵਕਤ ਤਿਆਰ-ਬਰ-ਤਿਆਰ ਖੜ੍ਹੇ ਮਿਲਣਗੇ। ਪੋਹ ਦਾ ਇਹ ਅਤਿ-ਸਰਦ ਮਹੀਨਾ ਸਮੁੱਚੀ ਸਿੱਖ ਕੌਮ ਨੂੰ ਹਮੇਸ਼ਾ ਹੀ ਸਿਦਕ ਤੇ ਸਬਰ ਦਾ ਪਾਠ ਪੜ੍ਹਾਉਂਦਾ ਰਹੇਗਾ।

ਆਓ! ਵਿਸ਼ਵ ਭਰ ਦੀ ਜਵਾਨੀ ਤੱਕ ਉਹਨਾਂ ਦੀ ਆਪਣੀ ਜ਼ੁਬਾਨ ਵਿਚ ਸਾਡੀਆਂ ਅਮੀਰ ਤੇ ਜੁਝਾਰੂ ਗਾਥਾਵਾਂ ਪਹੁੰਚਦੀਆਂ ਕਰੀਏ। ਵਿਸ਼ਵ ਦਾ ਸਮੁੱਚਾ ਨੌਜਵਾਨ ਇਸ ਕਮਾਲ ਦੀ ਜੁਝਾਰੂ ਵਿਰਾਸਤ ਦਾ ਰਾਹ ਤੱਕ ਰਿਹਾ ਹੈ। ਨੌਜਵਾਨਾਂ ਦਾ, ਨੌਜਵਾਨਾਂ ਦੇ ਰਾਹੀਂ, ਨੌਜਵਾਨਾਂ ਤੱਕ ਪਹੁੰਚਿਆ ਸੁਨੇਹਾ ਹਮੇਸ਼ਾ ਕਾਰਗਰ ਸਾਬਤ ਹੁੰਦੈ। ਸਿੱਖ ਜਵਾਨੀ ਨੂੰ ਇਸ ਮਹਾਨ ਕਾਰਜ ਵਿਚ ਯੋਗਦਾਨ ਪਾਉਣ ਲਈ ਵਿਸ਼ਵ ਪੱਧਰ 'ਤੇ ਇਹ ਮੋਰਚਾ ਜ਼ਰੂਰ ਸਾਂਭਣਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਸਰਲ ਗੁਰਬਾਣੀ ਵਿਆਕਰਣ - ਭਾਗ-15

(ਉਕਾਰਾਂਤ ਕਿਰਿਆ : ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ)

-ਗਿਆਨੀ ਅੰਮ੍ਰਿਤਪਾਲ ਸਿੰਘ ਲੁਧਿਆਣਾ, Email : gianiamritpalsingh@gmail.com

"ਊੜਾ ਓਅੰਕਾਰ, ਐੜਾ ਅੰਮ੍ਰਿਤ, ਈੜੀ ਇਸ਼ਨਾਨ, ਸੱਸਾ ਸਾਧਸੰਗਤ, ਹਾਹਾ ਹੰਸ।" ਮਿਹਰ ਸਿੰਘ ਆਪਣੀ ਛੋਟੀ ਭੈਣ ਬਾਣੀ ਕੌਰ ਨੂੰ ਗੁਰਮੁਖੀ ਦੀ ਪੈਂਤੀ ਦੇ ਸ਼ਬਦਾਂ ਦਾ ਰੱਟਾ ਲਵਾ ਰਿਹਾ ਸੀ।

"ਊੜਾ ਓਅੰਕਾਰ, ਐੜਾ ਅੰਮ੍ਰਿਤ, ਈੜੀ ਇਸ਼ਨਾਨ, ਸੱਸਾ ਸਾਧਸੰਗਤ, ਹਾਹਾ ਹੰਸ।" ਬਾਣੀ ਕੌਰ ਵੀ ਤੋਤਲੀ ਜ਼ੁਬਾਨ ਵਿਚ ਨਾਲ-ਨਾਲ ਦੁਹਰਾ ਰਹੀ ਸੀ।

"ਦੇਖ ਬਾਣੀ, ਜੇ ਤੂੰ ਧਿਆਨ ਨਾਲ ਪੜ੍ਹੇਂਗੀ ਤਾਂ ਮੇਰੀ ਤਰ੍ਹਾਂ ਪੂਰੀ ਕਲਾਸ ਵਿਚੋਂ ਫਸਟ ਆਏਂਗੀ।" ਮਿਹਰ ਸਿੰਘ ਨੇ ਆਪਣੇ 'ਤੇ ਮਾਣ ਕਰਦਿਆਂ ਸਮਝਾਇਆ।

"ਵਾਹ ਜੀ ਵਾਹ! ਐਸੀ ਧਾਰਮਿਕ ਸ਼ਬਦਾਂ ਵਾਲੀ ਪੈਂਤੀ ਤਾਂ ਮੈਂ ਪਹਿਲੀ ਵਾਰ ਸੁਣੀ ਹੈ।" ਮਾਂ ਨੇ ਖੁਸ਼ ਹੁੰਦਿਆਂ ਕਿਹਾ।

"ਮੰਮੀ ਜੀ, ਮੈਂ ਆਪ ਬਣਾਈ ਐ। ਆਫਟਰ ਆਲ ਆਇ ਐਮ ਏ ਫਸਟ ਕਲਾਸ ਪ੍ਰੋਫੈਸਰ।" ਮਿਹਰ ਸਿੰਘ ਨੇ ਬੜੇ ਮਾਣ ਨਾਲ ਦੱਸਿਆ।

"ਬਹੁਤੀ ਅੰਗਰੇਜ਼ੀ ਨਾ ਬੋਲ। ਜੇ ਗਲੇ ਵਿਚ W ਫਸ ਗਿਆ ਨਾ ਤਾਂ, J ਪਾ ਕੇ ਕੱਢਣਾ ਪੈਣਾ ਆਂ।" ਕੋਲ ਖੜੇ ਸੁਖਦੀਪ ਸਿੰਘ ਨੇ ਹੱਸਦਿਆਂ ਕਿਹਾ।

"ਮਤਲਬ, ਮੈਂ ਪਹਿਲੀ ਕਲਾਸ ਦਾ ਪ੍ਰੋਫੈਸਰ ਹਾਂ।" ਮਿਹਰ ਸਿੰਘ ਨੇ ਆਪਣੇ ਵੱਲੋਂ ਸਮਝਾਉਂਦਿਆਂ ਕਿਹਾ।

"ਆਹੋ, ਤਾਂ ਹੀ ਤੈਨੂੰ ਪਹਿਲੀ ਕਲਾਸ ਦੇ ਬੱਚੇ ਹੀ ਸੁਣਦੇ ਨੇ।" ਸੁਖਦੀਪ ਸਿੰਘ ਨੇ ਫਿਰ ਮਿਹਰ ਸਿੰਘ ਦਾ ਮਜ਼ਾਕ ਉਡਾਂਦਿਆਂ ਕਿਹਾ।

"ਮੰਮੀ ਜੀ, ਦੇਖੋ ਸੁਖ ਵੀਰਾ ਫਿਰ ਮੇਰਾ ਜੋਕ ਫਲਾਈ ਕਰਦਾ ਪਿਆ ਵਾ।" ਮਿਹਰ ਸਿੰਘ ਨੇ ਨਰਾਜ਼ ਹੁੰਦਿਆਂ ਕਿਹਾ।

"ਕੋਈ ਨਾ ਪੁੱਤਰ! ਉਹ ਤੇਰੇ ਨਾਲ ਲਾਡ ਕਰਦਾ ਐ ਨਾ, ਤਾਂ ਇਸ ਤਰ੍ਹਾਂ ਕਹਿ ਰਿਹੈ।" ਮਾਂ ਨੇ ਮਿਹਰ ਸਿੰਘ ਦਾ ਸਿਰ ਪਲੋਸਦਿਆਂ ਕਿਹਾ।

"ਮੰਮੀ ਜੀ, ਤੁਹਾਨੂੰ ਪਤੈ? ਮੈਂ ਬਾਣੀ ਨੂੰ ਗੁਰਮੁਖੀ ਤੋਂ ਬਾਅਦ ਸਭ ਤੋਂ ਪਹਿਲਾਂ ਗੁਰਬਾਣੀ ਵਿਆਕਰਣ ਦਾ ਔਂਕੜ ਸਿਖਾਵਾਂਗਾ।" ਮਿਹਰ ਸਿੰਘ ਨੇ ਆਪਣੀ ਦੂਰ ਦੀ ਸੋਚ ਪਰਗਟ ਕਰਦਿਆਂ ਕਿਹਾ।

"ਔਂਕੜ ਵਿਚ ਕੀ ਹੁੰਦੈ?" ਸੁਖਦੀਪ ਸਿੰਘ ਨੇ ਪੁੱਛਿਆ।

"ਸਾਨੂੰ ਗਿਆਨੀ ਜੀ ਨੇ ਸਮਝਾਇਆ ਸੀ ਕਿ ਜੇ ਗੁਰਬਾਣੀ ਵਿਚ ਪੁਲਿੰਗ ਨਾਉਂ ਦੇ ਆਖਰੀ ਅੱਖਰ ਨੂੰ ਔਂਕੜ ਲੱਗਿਆ ਹੋਵੇ ਤਾਂ ਉਹ ਇਕਵਚਨ ਹੁੰਦਾ ਹੈ ਅਤੇ ਜੇ ਉਸ ਦੇ ਆਖਰੀ ਅੱਖਰ ਦਾ ਔਂਕੜ ਲੱਥ ਜਾਏ ਤਾਂ ਉਹ ਆਮ ਤੌਰ 'ਤੇ ਬਹੁਵਚਨ, ਸੰਬੋਧਨ ਜਾਂ ਸੰਬੰਧਕ ਦੇ ਅਰਥਾਂ ਵਿਚ ਆਉਂਦਾ ਹੈ। ਪੁਲਿੰਗ ਇਕਵਚਨ ਦੇ ਵਿਸ਼ੇਸ਼ਣ ਦੇ ਆਖਰੀ ਅੱਖਰ ਨੂੰ ਵੀ ਔਂਕੜ ਲੱਗਿਆ ਹੁੰਦਾ ਹੈ ਅਤੇ ਬਹੁਵਚਨੀ ਅਰਥਾਂ ਸਮੇਂ ਉਸ ਦੇ ਆਖਰੀ ਅੱਖਰ ਦਾ ਔਂਕੜ ਵੀ ਲੱਥ ਜਾਂਦਾ ਹੈ। ਸਾਨੂੰ ਗਿਆਨੀ ਜੀ ਨੇ ਇਕ ਸਾਰਣੀ ਵੀ ਬਣਾ ਕੇ ਦਿੱਤੀ ਸੀ, ਮੈਂ ਤੁਹਾਨੂੰ ਹੁਣੇ ਦਿਖਾਉਂਦਾ ਹਾਂ।" ਮਿਹਰ ਸਿੰਘ ਸੰਖੇਪ ਵਿਚ ਔਂਕੜ ਦਾ ਨੇਮ ਦੱਸਦਿਆਂ ਸਾਰਣੀ ਦਿਖਾਉਣ ਲਗ ਪਿਆ। (ਦੇਖੋ: ਸਰਲ ਗੁਰਬਾਣੀ ਵਿਆਕਰਣ – ਭਾਗ ਦੂਜਾ ਤੋਂ ਪੰਜਵਾਂ ਤੱਕ)

| ਗੁਰਬਾਣੀ ਵਿਆਕਰਣ | ਪੁਲਿੰਗ | ਵਿਸ਼ੇਸ਼ਣ | ਪੁਲਿੰਗ ਨਾਲ ਵਿਸ਼ੇਸ਼ਣ |
|---|---|---|---|
| ਇਕ ਵਚਨ | **ਜਨੁ ਨਾਮੁ, ਰਾਹੁ, ਭਗਤ, ਪੰਡਿਤੁ, ਭੋਜਨੁ, ਦਿਵਸੁ, ਸੁਖੁ, ਗੁਰੂ ਆਦਿਕ।**<br>**ਜਨੁ ਰਾਤਾ ਹਰਿ ਨਾਮ, ਕੀ ਸੇਵਾ॥**<br>**ਅਰਥ :** (ਇਕ) ਭਗਤ ਨਾਮ ਦੀ ਸੇਵਾ ਵਿਚ ਮਸਤ ਰਹਿੰਦਾ ਹੈ। | **ਅਮੁਲੁ, ਸੁੰਦਰੁ, ਸੁਘੜੁ, ਬੇਅੰਤੁ, ਚਤੁਰੁ, ਸਰੂਪੁ, ਅਖੁਟੁ ਆਦਿ।**<br>ਇਕ ਅਮੁਲ<br>ਇਕ ਸੁੰਦਰ<br>ਇਕ ਸੁਘੜ<br>ਇਕ ਬੇਅੰਤ<br>ਇਕ ਚਤੁਰ | **ਅਮੁਲੁ, ਸੁੰਦਰੁ, ਸੁਘੜੁ ਬੇਅੰਤੁ, ਚਤੁਰੁ, ਸਰੂਪੁ, ਅਖੁਟੁ, ਨਿਰਮਲੁ, ਨਿਰਵੈਰੁ, ਅਖੁਟੁ, ਦਇਆਲੁ ਆਦਿਕ।**<br>**ਅਮੁਲੁ ਧਰਮ ਅਮੁਲੁ ਦੀਬਾਣੁ॥**<br>**ਅਰਥ :** ਪ੍ਰਭੂ ਦਾ (ਇੱਕ) ਮੁੱਲ ਤੋਂ ਰਹਿਤ ਕਨੂੰਨ ਅਤੇ (ਇਕ) ਅਮੋਲਕ ਦਰਬਾਰ ਹੈ।<br>**ਸੁੰਦਰੁ ਚਤੁਰੁ ਤਤ ਕਾ ਬੇਤਾ॥**<br>**ਅਰਥ :** ਮੂਲ (ਤੱਤ) ਨੂੰ ਜਾਨਣ ਵਾਲਾ ਸੋਹਣਾ ਅਤੇ ਸਿਆਣਾ ਹੁੰਦਾ ਹੈ। |



Sri Satguru Jagjit Singh Ji eLibrary NamdhariElibrary@gmail.com

| ਗੁਰਬਾਣੀ ਵਿਆਕਰਣ | ਪੁਲਿੰਗ | ਵਿਸ਼ੇਸ਼ਣ | ਪੁਲਿੰਗ ਨਾਲ ਵਿਸ਼ੇਸ਼ਣ |
|---|---|---|---|
| ਬਹੁ ਵਚਨ  ਗਿਆਨੀ ਅੰਮ੍ਰਿਤਪਾਲ ਸਿੰਘ ਲੁਧਿਆਣਾ | **ਜਨ, ਨਾਮ, ਰਾਹ, ਭਗਤ, ਪੰਡਿਤ, ਭੋਜਨ, ਦਿਵਸ, ਸੁਖ, ਸਿਖ ਆਦਿਕ।**<br>**ਪ੍ਰਭੂ ਕਉ ਸਿਮਰਹਿਸੇ, ਜਨ ਪਰਵਾਨ॥**<br>**ਅਰਥ :** ਪ੍ਰਭੂ ਨੂੰ ਯਾਦ ਕਰਨ ਵਾਲੇ ਉਹ (ਬਹੁਤੇ) ਭਗਤ ਕਬੂਲ ਪੈਂਦੇ ਹਨ। | **ਅਮੁਲ, ਸੁੰਦਰ, ਸੁਘੜ, ਬੇਅੰਤ, ਚਤੁਰ, ਸਰੂਪ, ਅਖੁਟ ਆਦਿ।**<br>ਬਹੁਤੇ ਅਮੁਲ<br>ਬਹੁਤੇ ਸੁੰਦਰ<br>ਬਹੁਤੇ ਸੁਘੜ<br>ਬਹੁਤੇ ਬੇਅੰਤ<br>ਬਹੁਤੇ ਚਤੁਰ | **ਅਮੁਲ, ਸੁੰਦਰ, ਸੁਘੜ, ਬੇਅੰਤ, ਚਤੁਰ, ਸਰੂਪ, ਅਖੁਟ, ਨਿਰਮਲ, ਨਿਰਵੈਰ, ਅਖੁਟ, ਦਇਆਲ ਆਦਿਕ।**<br>**ਪਾਰਬ੍ਰਹਮ ਕੇ ਭਗਤ ਨਿਰਵੈਰ॥**<br>**ਅਰਥ :** ਪਾਰਬ੍ਰਹਮ ਦੇ (ਬਹੁਤੇ) ਭਗਤ (ਬਹੁਤੇ) ਨਿਰਵੈਰ ਹੁੰਦੇ ਹਨ।<br>**ਉਤਮ ਸਲੋਕ ਸਾਧ ਕੇ ਬਚਨ॥**<br>**ਅਰਥ :** ਸਾਧ (ਗੁਰੂ) ਦੇ (ਬਹੁਤੇ) ਬਚਨ (ਬਹੁਤੇ) ਸ੍ਰੇਸ਼ਟ ਬਹੁਤੇ ਕਥਨ ਹਨ। |

"ਵੀਰ ਜੀ, ਔਂਕੜ ਕੀ ਹੁੰਦਾ ਆ?" ਬਾਣੀ ਨੇ ਵੀ ਤੋਤਲੀ ਜ਼ੁਬਾਨ ਵਿਚ ਸਵਾਲ ਕੀਤਾ।

"ਲਉ ਜੀ, ਇਕ ਹੋਰ ਗੁਰਬਾਣੀ ਵਿਆਕਰਣ ਦੀ ਵਿਦਵਾਨ ਜੰਮ ਪਈ ਐ। ਕੋਈ ਨਾ, ਥੋੜ੍ਹੀ ਜਿਹੀ ਵੱਡੀ ਹੋ ਜਾਹ, ਤੂੰ ਸਾਨੂੰ ਵਿਆਕਰਣ ਸਿਖਾਇਆ ਕਰੇਂਗੀ।" ਮਾਂ ਦੇ ਇੰਨਾ ਕਹਿੰਦਿਆਂ ਸਾਰੇ ਹੱਸ ਪਏ।

"ਵੀਰ ਜੀ, ਪੜਨਾਉਂ (Pronoun) ਦੇ ਤਿੰਨ ਪੁਰਖ ਹੁੰਦੇ ਨੇ:

1. ਉੱਤਮ ਪੁਰਖ (First Person) : ਜੋ ਮਨੁੱਖ ਗੱਲ ਕਰ ਰਿਹਾ ਹੋਵੇ, ਜਿਵੇਂ ਮੈਂ, ਅਸੀਂ, ਮੈਨੂੰ, ਸਾਨੂੰ, ਮੇਰਾ, ਸਾਡਾ ਆਦਿ।

2. ਮੱਧਮ ਪੁਰਖ (Second Person) : ਜਿਸ ਮਨੁੱਖ ਨਾਲ ਗੱਲ ਕੀਤੀ ਜਾਵੇ, ਜਿਵੇਂ: ਤੂੰ, ਤੁਸੀਂ, ਤੈਨੂੰ, ਤੁਹਾਨੂੰ, ਤੇਰਾ, ਤੁਹਾਡਾ ਆਦਿ।

3. ਅਨਯ ਪੁਰਖ (Third Person) : ਜਿਸ ਮਨੁੱਖ ਬਾਰੇ ਗੱਲ ਕੀਤੀ ਜਾਵੇ, ਜਿਵੇਂ: ਇਹ, ਇਹਨੂੰ, ਉਹ, ਉਹਨੂੰ, ਉਹਦਾ, ਉਹਨਾਂ ਆਦਿ।

ਗਿਆਨੀ ਜੀ ਨੇ ਮੈਨੂੰ ਮੱਧਮ ਪੁਰਖ ਦੀ ਇਕਵਚਨ ਦੇ ਅਰਥਾਂ ਵਾਲੀ ਕਿਰਿਆ ਦਾ ਨੇਮ ਸਿਖਾਇਆ ਹੈ, ਜਿਸ ਦੇ ਆਖਰੀ ਅੱਖਰ ਨੂੰ ਔਂਕੜ ਆਉਂਦਾ ਹੈ।" ਮਿਹਰ ਸਿੰਘ ਨੇ ਨਵੇਂ ਨੇਮ ਦੀ ਵੀਚਾਰ ਸ਼ੁਰੂ ਕਰ ਦਿੱਤੀ।

"ਕਿਸ ਕਾਲ ਦੀ ਕਿਰਿਆ?" ਸੁਖਦੀਪ ਸਿੰਘ ਨੇ ਸਵਾਲ ਕੀਤਾ।

"ਮੈਨੂੰ ਇਹ ਤਾਂ ਯਾਦ ਨਹੀਂ।" ਮਿਹਰ ਸਿੰਘ ਨੇ ਸਿਰ ਖੁਰਕਦਿਆਂ ਕਿਹਾ।

"ਮੇਰੇ ਨਿੱਕੇ ਜਿਹੇ ਪ੍ਰੋਫੈਸਰ ਸਾਹਬ, ਕੋਈ ਵੀ ਕਿਰਿਆ ਕਾਲ ਤੋਂ ਬਗੈਰ ਨਹੀਂ ਹੋ ਸਕਦੀ। ਗਿਆਨੀ ਜੀ ਨੇ ਕਿਰਿਆ ਦੇ ਕਾਲ ਬਾਰੇ ਨਹੀਂ ਦੱਸਿਆ?" ਸੁਖਦੀਪ ਸਿੰਘ ਨੇ ਫਿਰ ਪੁੱਛਿਆ।

"ਵੀਰ ਜੀ, ਪੰਜਾਬੀ ਵਿਚ ਤਿੰਨ ਕਾਲ ਹੁੰਦੇ ਨੇ: ਭੂਤ-ਕਾਲ, ਵਰਤਮਾਨ-ਕਾਲ ਤੇ ਭਵਿਖਤ-ਕਾਲ। ਤੁਸੀਂ ਉਹਨਾਂ ਦੀ ਗੱਲ ਕਰ ਰਹੇ ਓ?" ਮਿਹਰ ਸਿੰਘ ਨੇ ਕੁੱਝ ਸੋਚਦਿਆਂ ਜਵਾਬ ਦਿੱਤਾ।

"ਹੁਣ ਸਮਝ ਗਏ ਸਾਡੇ ਨਿੱਕੇ ਪ੍ਰੋ: ਸਾਹਬ।" ਸੁਖਦੀਪ ਸਿੰਘ ਨੇ ਹੱਸਦਿਆਂ ਕਿਹਾ।

"ਵੀਰ ਜੀ, ਗਿਆਨੀ ਜੀ ਨੇ ਹੁਕਮੀ ਭਵਿਖਤ ਕਾਲ ਦੀ ਕਿਰਿਆ ਦਾ ਨੇਮ ਸਿਖਾਇਆ ਹੈ।" ਮਿਹਰ ਸਿੰਘ ਨੇ ਸੋਚ ਕੇ ਦਸਦਿਆਂ ਕਿਹਾ।

"ਤੈਨੂੰ ਪਤਾ ਹੈ ਕਿ ਹੁਕਮੀ ਭਵਿਖਤ ਕਾਲ ਦੀ ਕਿਰਿਆ ਕਿਸ ਨੂੰ ਕਹਿੰਦੇ ਨੇ?" ਮਾਂ ਨੇ ਮਿਹਰ ਸਿੰਘ ਨੂੰ ਪੁੱਛਿਆ।

"ਹਾਂ ਜੀ ਮੰਮੀ ਜੀ, ਕਿਸੇ ਨੂੰ ਭਵਿੱਖ ਵਿਚ, ਮਤਲਬ ਕਿ ਆਉਣ ਵਾਲੇ ਸਮੇਂ ਵਿਚ, ਕੋਈ ਕੰਮ ਕਰਨ ਦਾ ਹੁਕਮ ਕਰਨਾ ਜਾਂ ਕੋਈ ਕੰਮ ਕਰਨ ਦੀ ਬੇਨਤੀ ਕਰਨੀ ਜਾਂ ਕਿਸੇ ਕੰਮ ਕਰਨ ਦੀ ਪ੍ਰੇਰਨਾ ਦੇਣੀ ਹੋਵੇ, ਉਸ ਸਮੇਂ ਵਰਤੀ ਗਈ ਕਿਰਿਆ ਨੂੰ ਹੁਕਮੀ ਭਵਿਖਤ ਕਾਲ ਦੀ ਕਿਰਿਆ ਕਹਿੰਦੇ ਨੇ, ਜਿਵੇਂ ਤੁਸੀਂ ਮੈਨੂੰ ਕਹਿੰਦੇ ਓ:

ਮਿਹਰ ਸਿੰਘ, ਤੂੰ ਕਿਤਾਬ ਪੜ੍ਹ।

ਮਿਹਰ ਸਿੰਘ, ਤੂੰ ਸਾਖੀ ਲਿਖ।

ਉਦੋਂ ਤੁਸੀਂ ਮੈਨੂੰ ਭਵਿੱਖ ਵਿਚ ਕੋਈ ਕੰਮ ਕਰਨ ਦਾ ਹੁਕਮ, ਬੇਨਤੀ ਜਾਂ ਪ੍ਰੇਰਨਾ ਕਰ ਰਹੇ ਹੁੰਦੇ ਓ। ਇਹਨਾਂ ਵਾਕਾਂ ਵਿਚ 'ਪੜ੍ਹ' ਤੇ 'ਲਿਖ' ਹੁਕਮੀ ਭਵਿਖਤ ਕਾਲ ਦੀਆਂ ਕਿਰਿਆਵਾਂ ਹਨ। ਇਹਨਾਂ ਕਿਰਿਆਵਾਂ ਦਾ ਅਰਥ ਹੈ: ਤੂੰ ਪੜ੍ਹ, ਤੂੰ ਲਿਖ।" ਮਿਹਰ ਸਿੰਘ ਨੇ ਸਰਲ ਸ਼ਬਦਾਂ ਵਿਚ ਦੱਸਿਆ।

"ਪਰ ਗਿਆਨੀ ਜੀ ਨੇ ਤੈਨੂੰ ਗੁਰਬਾਣੀ ਵਿਚ ਹੁਕਮੀ ਭਵਿਖਤ



Sri Satguru Jagjit Singh Ji eLibrary NamdhariElibrary@gmail.com

ਕਾਲ ਦੀਆਂ ਕਿਰਿਆਵਾਂ ਕਿਵੇਂ ਸਿਖਾਈਆਂ ਨੇ?" ਸੁਖਦੀਪ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਓਹੋ! ਇਹੀ ਤਾਂ ਕਦੋਂ ਦਾ ਮੈਂ ਤੁਹਾਨੂੰ ਦੱਸਣਾ ਪਿਆ ਵਾਂ ਕਿ ਗਿਆਨੀ ਜੀ ਨੇ ਇਹਨਾਂ ਕਿਰਿਆਵਾਂ ਦੇ ਆਖਰੀ ਅੱਖਰ ਨਾਲ ਔਂਕੜ ਦੇ ਆਉਣ ਦਾ ਨੇਮ ਸਿਖਾਇਐ।" ਮਿਹਰ ਸਿੰਘ ਨੇ ਬੜੀ ਮਾਸੂਮੀਅਤ ਨਾਲ ਮੱਥੇ 'ਤੇ ਹੱਥ ਮਾਰਦਿਆਂ ਕਿਹਾ ਤੇ ਸਾਰੇ ਹੱਸ ਪਏ।

"ਅੱਛਾ ਸਾਡੇ ਸਤਿਕਾਰਯੋਗ ਪ੍ਰੋਫੈਸਰ ਸਾਹਬ ਜੀ! ਹੁਣ ਆਪ ਜੀ ਸਾਡੀ ਵੀ ਅਗਵਾਈ ਕਰੋ। ਸਾਨੂੰ ਨੰਨ੍ਹੇ-ਮੁੰਨੇ ਬੱਚਿਆਂ ਨੂੰ ਵੀ ਗੁਰਬਾਣੀ ਦੇ ਪ੍ਰਮਾਣ ਦੇ ਕੇ ਹੁਕਮੀ ਭਵਿਖਤ ਕਾਲ ਦੀਆਂ ਕਿਰਿਆਵਾਂ ਬਾਰੇ ਸਮਝਾਉ ਜੀ।" ਸੁਖਦੀਪ ਸਿੰਘ ਨੇ ਹੱਥ ਜੋੜਦਿਆਂ ਵਿਅੰਗਮਈ ਲਹਿਜ਼ੇ ਵਿਚ ਕਿਹਾ।

"ਵੀਰ ਜੀ, ਜਦੋਂ ਵੀ ਗੁਰਬਾਣੀ ਵਿਚ ਕਿਸੇ ਮੱਧਮ ਪੁਰਖ (Second Person) ਨੂੰ ਭਵਿੱਖ ਵਿਚ ਹੁਕਮ ਕਰਨ, ਬੇਨਤੀ ਕਰਨ ਜਾਂ ਪ੍ਰੇਰਨਾ ਦੇਣ ਦੀ ਕਿਰਿਆ ਆਉਂਦੀ ਹੈ ਤਾਂ ਉਸ ਕਿਰਿਆ ਦੇ ਆਖਰੀ ਅੱਖਰ ਨੂੰ ਔਂਕੜ ਲੱਗ ਜਾਂਦੀ ਹੈ। ਜਿਵੇਂ ਆਮ ਗੱਲਬਾਤ ਵਿਚ ਮੰਮੀ ਜੀ ਕਹਿੰਦੇ ਨੇ ਕਿ ਤੂੰ ਪੜ੍ਹ। ਇਸੇ ਤਰ੍ਹਾਂ ਗੁਰੂ ਅਮਰਦਾਸ ਸਾਹਿਬ ਜੀ ਫੁਰਮਾਉਂਦੇ ਹਨ:

**ਪੰਡਿਤ ਹਰਿ <u>ਪੜੁ</u> ਤਜਹੁ ਵਿਕਾਰਾ॥**

ਇਸ ਤੁੱਕ ਵਿਚ 'ਪੜੁ' ਉਕਾਰਾਂਤ (ਆਖਰੀ ਅੱਖਰ ਔਂਕੜ ਨਾਲ) ਹੈ। ਇਸ ਦਾ ਅਰਥ ਹੈ: ਤੂੰ ਪੜ੍ਹ। ਹੁਕਮੀ ਭਵਿਖਤ, ਮੱਧਮ ਪੁਰਖ ਤੇ ਇਕਵਚਨ ਦੇ ਅਰਥ ਬਣਨਗੇ: ਹੇ ਪੰਡਿਤ! ਤੂੰ ਪ੍ਰਭੂ ਦੀ ਸਿਫਤ-ਸਾਲਾਹ ਪੜ੍ਹ ਅਤੇ ਵਿਕਾਰ ਛੱਡ ਦੇਹ।

ਜਿਵੇਂ ਮੰਮੀ ਜੀ ਮੈਨੂੰ ਕਹਿੰਦੇ ਨੇ ਕਿ ਤੂੰ ਲਿਖ। ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਵੀ ਫੁਰਮਾਉਂਦੇ ਹਨ:

**<u>ਲਿਖੁ</u> ਰਾਮ ਨਾਮ ਗੁਰਮੁਖਿ ਗੋਪਾਲਾ॥**

ਇਸ ਤੁੱਕ ਵਿਚ 'ਲਿਖੁ' ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਹੈ, ਜਿਸ ਦੇ ਆਖਰੀ ਅੱਖਰ ਨੂੰ ਔਂਕੜ ਆਇਆ ਹੈ। ਕਿਰਿਆ ਦਾ ਅਰਥ ਹੈ: ਤੂੰ ਲਿਖ। ਪੂਰੀ ਤੁੱਕ ਦਾ ਅਰਥ ਹੈ: ਗੁਰੂ ਦੇ ਸਨਮੁਖ ਹੋ ਕੇ ਤੂੰ ਗੋਪਾਲ-ਪ੍ਰਭੂ ਦੇ ਨਾਮ ਨੂੰ (ਆਪਣੇ ਮਨ ਵਿਚ) ਲਿਖ।" ਮਿਹਰ ਸਿੰਘ ਨੇ ਗੁਰਬਾਣੀ ਵਿਚੋਂ 2 ਪ੍ਰਮਾਣ ਦੇ ਕੇ ਸਮਝਾਇਆ।

"ਮੰਨ ਗਏ ਪ੍ਰੋਫੈਸਰ ਸਾਹਬ ਨੂੰ! ਜਿਸ ਕਿਰਿਆ ਦੇ ਆਖਰੀ ਅੱਖਰ ਨੂੰ ਔਂਕੜ ਲੱਗਿਆ ਹੋਵੇ ਤਾਂ ਉਹ ਕਿਰਿਆ ਹੁਕਮੀ ਭਵਿਖਤ ਕਾਲ, ਮੱਧਮ ਪੁਰਖ ਤੇ ਇਕਵਚਨ ਦੇ ਅਰਥ ਦਿੰਦੀ ਹੈ। ਲੈ ਫਿਰ ਮਿਹਰ, ਮੈਂ ਵੀ ਤੈਨੂੰ ਗੁਰਬਾਣੀ ਵਿਚੋਂ ਕੁੱਝ ਪ੍ਰਮਾਣ ਸੁਣਾਉਂਦਾ ਹਾਂ:

**ਸਰਬ ਨਿਰੰਤਰਿ ਏਕੋ <u>ਦੇਖੁ</u>॥**

ਇਸ ਤੁੱਕ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਹੈ: ਦੇਖੁ। ਇਸ ਦਾ ਅਰਥ ਹੈ: ਤੂੰ ਦੇਖ। ਪੂਰੀ ਤੁੱਕ ਦਾ ਅਰਥ ਬਣੇਗਾ: ਤੂੰ ਸਾਰਿਆਂ ਅੰਦਰ ਲਗਾਤਾਰ ਇਕ ਅਕਾਲ ਪੁਰਖ ਨੂੰ ਦੇਖ।

**ਸਾਚੇ ਗੁਰ ਤੇ ਹੁਕਮੁ <u>ਪਛਾਨੁ</u>॥**

ਇਸ ਤੁੱਕ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਹੈ: ਪਛਾਨੁ। ਇਸ ਦਾ ਅਰਥ ਹੈ: ਤੂੰ ਪਛਾਣ। ਪੂਰੀ ਤੁੱਕ ਦਾ ਅਰਥ ਬਣੇਗਾ: ਤੂੰ ਸੱਚੇ ਗੁਰੂ ਦੇ ਰਾਹੀਂ ਰੱਬੀ-ਹੁਕਮ ਪਛਾਣ।

**ਸੋ ਘਰੁ <u>ਰਾਖੁ</u> ਵਡਾਈ ਤੋਇ॥**

ਇਸ ਤੁੱਕ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਹੈ: ਰਾਖੁ। ਇਸ ਦਾ ਅਰਥ ਹੈ: ਤੂੰ ਸੰਭਾਲ। ਪੂਰੀ ਤੁੱਕ ਦਾ ਅਰਥ ਬਣੇਗਾ: ਤੂੰ ਉਹ ਘਰ ਸੰਭਾਲ, ਇਸੇ ਵਿਚ ਤੇਰੀ ਭਲਾਈ ਹੈ।

**ਸ੍ਰੀ ਰਾਮ ਨਾਮਾ <u>ਉਚਰੁ</u> ਮਨਾ॥**

ਇਸ ਤੁੱਕ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਹੈ: ਉਚਰੁ। ਇਸ ਦਾ ਅਰਥ ਹੈ: ਤੂੰ ਬੋਲ। ਪੂਰੀ ਤੁੱਕ ਦਾ ਅਰਥ ਬਣੇਗਾ: ਹੇ ਮਨ! ਤੂੰ ਪ੍ਰਭੂ ਦਾ ਨਾਮ ਬੋਲ।

**ਮਨ ਰੇ <u>ਸਮਝੁ</u> ਕਵਨ ਮਤਿ ਲਾਗਾ॥**

ਇਸ ਤੁੱਕ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਹੈ: ਸਮਝੁ। ਇਸ ਦਾ ਅਰਥ ਹੈ: ਤੂੰ ਸਮਝ। ਪੂਰੀ ਤੁੱਕ ਦਾ ਅਰਥ ਬਣੇਗਾ: ਹੇ ਮਨ! ਤੂੰ ਸਮਝ, ਕਿਹੜੀ ਭੈੜੀ ਮੱਤ ਵਿਚ ਲੱਗਾ ਹੋਇਆ ਹੈਂ।" ਸੁਖਦੀਪ ਸਿੰਘ ਨੇ ਕਿੰਨੇ ਹੀ ਗੁਰਬਾਣੀ ਦੇ ਪ੍ਰਮਾਣ ਦੇ ਦਿੱਤੇ।

"ਸ਼ਾਬਾਸ਼ ਪੁੱਤਰ! ਮੈਨੂੰ ਬਹੁਤ ਮਾਣ ਹੈ ਤੇਰੇ 'ਤੇ। ਰੱਬ ਤੇਰੇ ਵਰਗਾ ਲਾਇਕ ਪੁੱਤਰ ਸਭ ਨੂੰ ਦੇਵੇ।" ਮਾਂ ਨੇ ਖੁਸ਼ੀ ਵਿਚ ਖੀਵੇ ਹੁੰਦਿਆਂ ਕਿਹਾ।

"ਮੰਮੀ ਜੀ, ਮੈਂ ਵੀ ਹਾਂ।" ਮਿਹਰ ਸਿੰਘ ਬੋਲਿਆ।

"ਮੰਮੀ ਜੀ, ਮੈਂ ਵੀ।" ਨਾਲ ਹੀ ਬਾਣੀ ਕੌਰ ਵੀ ਤੋਤਲੀ ਜ਼ਬਾਨ ਵਿਚ ਬੋਲ ਪਈ।

"ਹਾਂ-ਹਾਂ ਮੇਰੇ ਬੱਚਿਓ! ਮੈਨੂੰ ਤੁਹਾਡੇ ਸਾਰਿਆਂ 'ਤੇ ਬਹੁਤ ਮਾਣ ਹੈ। ਤੁਸੀਂ ਸਾਰੇ ਸਤਿਗੁਰੂ ਜੀ ਦੀ ਬਾਣੀ ਪੜ੍ਹਨ ਵਾਲੇ ਹੋ।" ਮਾਂ ਨੇ ਦੋਵਾਂ ਬੱਚਿਆਂ ਨੂੰ ਆਪਣੀਆਂ ਬਾਹਾਂ ਵਿਚ ਲੈਂਦਿਆਂ ਕਿਹਾ।

"ਮੰਮੀ ਜੀ, ਸਾਨੂੰ ਵੀ ਤੁਹਾਡੇ 'ਤੇ ਬਹੁਤ ਮਾਣ ਹੈ, ਜਿਹਨਾਂ



Sri Satguru Jagjit Singh Ji eLibrary NamdhariElibrary@gmail.com

ਨੇ ਸਾਨੂੰ ਇੰਨੀ ਗੁਰਬਾਣੀ ਸਿਖਾਈ ਹੈ। ਮੰਮੀ ਜੀ, ਤੁਸੀਂ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੇ ਪ੍ਰਮਾਣ ਸੁਣਾਉ ਨਾ?" ਮਿਹਰ ਸਿੰਘ ਨੇ ਬੜੇ ਪਿਆਰ ਨਾਲ ਮਾਂ ਨੂੰ ਕਿਹਾ।

"ਜ਼ਰੂਰ ਮੇਰੇ ਬੱਚੇ। ਮੈਂ ਤੁਹਾਨੂੰ ਗੁਰਬਾਣੀ ਦੀਆਂ ਤੁੱਕਾਂ ਸੁਣਾਉਂਦੀ ਹਾਂ:

**ਮਨ ਮੇਰੇ ਸਦਾ ਹਰਿ ਵੇਖੁ ਹਦੂਰਿ॥**

ਅਰਥ : ਹੇ ਮੇਰੇ ਮਨ! ਤੂੰ ਪ੍ਰਭੂ ਨੂੰ ਆਪਣੇ ਅੰਗ-ਸੰਗ ਵੇਖ।

**ਮੁੰਧੇ ਤੂ ਚਲੁ ਗੁਰ ਕੈ ਭਾਇ॥**

ਅਰਥ : ਹੇ ਜੀਵ ਇਸਤ੍ਰੀਏ! ਤੂੰ ਗੁਰੂ ਦੇ ਪ੍ਰੇਮ ਵਿਚ ਚੱਲ।

**ਕਿਆ ਤੂ ਸੋਇਆ ਜਾਗੁ ਇਆਨਾ॥**

ਅਰਥ : ਤੂੰ ਕਿਉਂ ਸੁੱਤਾ ਹੋਇਆ ਹੈਂ? ਹੇ ਅੰਞਾਣ! ਤੂੰ ਜਾਗ।

**ਤਿਸ ਕਾ ਨਾਮੁ ਰਖੁ ਕੰਠਿ ਪਰੋਇ॥**

ਅਰਥ : ਤੂੰ ਉਸ ਦਾ ਨਾਮ ਹਿਰਦੇ ਵਿਚ ਪ੍ਰੋ ਕੇ ਰੱਖ।

**ਮਿਲੁ ਸਾਜਨ ਹਉ ਤੁਝੁ ਕੁਰਬਾਣੋ॥**

ਅਰਥ : ਹੇ ਸੱਜਣ-ਪ੍ਰਭੂ! ਤੂੰ (ਮੈਨੂੰ) ਮਿਲ, ਮੈਂ ਤੈਥੋਂ ਸਦਕੇ ਜਾਂਦੀ ਹਾਂ।

ਚਲੋ ਹੁਣ ਦੋਵੇਂ ਵੀਰ ਦੱਸੋ ਕਿ ਇਹਨਾਂ ਤੁੱਕਾਂ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀਆਂ ਕਿਰਿਆਵਾਂ ਕਿਹੜੀਆਂ ਨੇ?" ਮਾਂ ਨੇ ਆਪਣੇ ਦੋਵੇ ਪੁੱਤਰਾਂ ਨੂੰ ਸਵਾਲ ਕਰ ਦਿੱਤਾ।

"ਮੰਮੀ ਜੀ ਇਹ ਤਾਂ ਬਹੁਤ ਸੌਖਾ ਹੈ: ਵੇਖੁ, ਚਲੁ, ਜਾਗੁ, ਰਖੁ, ਮਿਲੁ। ਇਹ ਸਾਰੀਆਂ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀਆਂ ਕਿਰਿਆਵਾਂ ਨੇ। ਇਹਨਾਂ ਦੇ ਅਰਥ ਹਨ: ਤੂੰ ਵੇਖ, ਤੂੰ ਚੱਲ, ਤੂੰ ਜਾਗ, ਤੂੰ ਰੱਖ, ਤੂੰ ਮਿਲ। ਇਹ ਤਾਂ ਹੁਣ ਸਾਨੂੰ ਆਉਂਦਾ ਹੈ। ਕੋਈ ਔਖਾ ਜਿਹਾ ਸਵਾਲ ਪੁੱਛੋ ਨਾ?" ਦੋਵੇਂ ਵੀਰੇ ਇਕੱਠੇ ਇਕੋ-ਅਵਾਜ਼ ਵਿਚ ਬੋਲੇ।

"ਮਿਹਰ ਸਿੰਘ! ਸੁਖਦੀਪ ਸਿੰਘ! ਬੇਟਾ ਜੀ ਘਰੇ ਹੋ?" ਇੰਨੇ ਨੂੰ ਬਾਹਰੋਂ ਅਵਾਜ਼ ਆਈ।

"ਹਾਂ ਜੀ ਗਿਆਨੀ ਜੀ, ਘਰੇ ਹੀ ਹਾਂ। ਅੱਜ ਵੀ ਤੁਸੀਂ ਲੇਟ ਹੋ ਗਏ।" ਸੁਖਦੀਪ ਸਿੰਘ ਨੇ ਦਰਵਾਜ਼ਾ ਖੋਲ੍ਹ ਕੇ ਹੱਸਦਿਆਂ ਕਿਹਾ ਤੇ ਸਾਰਿਆਂ ਨੇ ਗੱਜ ਕੇ ਫ਼ਤਹ ਬੁਲਾਈ।

"ਕੀ ਗੱਲ ਚਾਹ ਮੁੱਕ ਗਈ ਏ?" ਮੈਂ ਅੰਦਰ ਦਾਖਲ ਹੁੰਦਿਆਂ ਪੁੱਛਿਆ।

"ਗਿਆਨੀ ਜੀ, ਚਾਹ ਤਾਂ ਨਹੀਂ ਮੁੱਕੀ ਪਰ ਸਾਡਾ ਅੱਜ ਦਾ ਵਿਸ਼ਾ ਜ਼ਰੂਰ ਮੁੱਕ ਗਿਆ ਹੈ। ਜਿਹੜਾ ਗੁਰਬਾਣੀ ਵਿਆਕਰਣ ਦਾ ਵਿਸ਼ਾ ਤੁਸੀਂ ਪੜ੍ਹਾਉਣਾ ਸੀ, ਉਹ ਸਾਨੂੰ ਪ੍ਰੋਫੈਸਰ ਮਿਹਰ ਸਿੰਘ ਜੀ ਨੇ ਪੜ੍ਹਾ ਦਿੱਤੈ।" ਸੁਖਦੀਪ ਸਿੰਘ ਨੇ ਹੱਸਦਿਆਂ ਕਿਹਾ।

"ਬੱਚਿਓ! ਆਧੁਨਿਕ ਤਕਨੀਕੀ ਤੇ ਸਨਅਤੀ ਕ੍ਰਾਂਤੀ ਦੀ ਸਭ ਤੋਂ ਮਹੱਤਵਪੂਰਨ ਮਸ਼ੀਨ ਭਾਫ ਇੰਜਣ ਨਹੀਂ ਹੈ, ਬਲਕਿ ਘੜੀ ਹੈ। ਇਸ ਘੜੀ ਨੇ ਦੁਨੀਆਂ ਨੂੰ ਇੰਨੀ ਤੇਜ਼ੀ ਨਾਲ ਬਦਲ ਦਿੱਤਾ ਹੈ ਕਿ ਹੁਣ ਵੱਡੇ ਲੋਕ ਛੋਟਿਆਂ ਨੂੰ ਨਹੀਂ ਹਰਾਉਣਗੇ, ਸਗੋਂ ਤੇਜ਼ ਲੋਕ ਸੁਸਤ ਲੋਕਾਂ ਨੂੰ ਹਰਾ ਦੇਣਗੇ। ਜਿਵੇਂ ਮੇਰੇ ਪਿਆਰੇ ਤੇਜ਼ ਬੱਚੇ ਮਿਹਰ ਸਿੰਘ ਨੇ ਮੈਨੂੰ ਸੁਸਤ ਨੂੰ ਹਰਾ ਦਿੱਤਾ ਹੈ। ਇਸ ਲਈ ਘੜੀ ਨੂੰ ਸਿਰਫ ਦੇਖਦੇ ਨਹੀਂ ਰਹਿਣਾ ਚਾਹੀਦਾ, ਸਗੋਂ ਘੜੀ ਦੀ ਤਰ੍ਹਾਂ ਤੇਜ਼ੀ ਨਾਲ ਚਲਦੇ ਰਹਿਣਾ ਚਾਹੀਦਾ ਹੈ।" ਮੈਂ ਦੇਰੀ ਨਾਲ ਆਉਣ 'ਤੇ ਅਫਸੋਸ ਪਰਗਟ ਕਰਦਿਆਂ ਸਮੇਂ 'ਤੇ ਹੀ ਲੈਕਚਰ ਦੇ ਦਿੱਤਾ।

"ਕੋਈ ਨਾ ਗਿਆਨੀ ਜੀ, ਆਪ ਜੀ ਬੱਚਿਆਂ ਨੂੰ ਹੋਮਵਰਕ ਦੇ ਦਿਉ। ਅੱਜ ਬੱਚਿਆਂ ਨੇ ਇਹ ਸਮਝਿਆ ਹੈ ਕਿ ਹੁਕਮੀ ਭਵਿਖਤ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਦੇ ਆਖਰੀ ਅੱਖਰ ਨੂੰ ਔਂਕੜ ਲੱਗਾ ਹੁੰਦਾ ਹੈ, ਜਿਵੇਂ: ਪੜ੍ਹੁ, ਲਿਖੁ, ਦੇਖੁ, ਸਮਝੁ, ਪਛਾਣੁ। ਅਸੀਂ ਗੁਰਬਾਣੀ ਵਿਚੋਂ ਬਹੁਤ ਸਾਰੇ ਪ੍ਰਮਾਣ ਵੀ ਵੀਚਾਰੇ ਹਨ।" ਬੱਚਿਆਂ ਦੀ ਮਾਂ ਬੀਬੀ ਪਰਮਜੀਤ ਕੌਰ ਨੇ ਸੰਖੇਪ ਵਿਚ ਵਿਸ਼ਾ ਦੱਸ ਦਿੱਤਾ।

"ਵਾਹ ਜੀ ਵਾਹ! ਬੱਚਿਓ, ਤੁਸੀਂ ਸੱਚਮੁੱਚ ਬਹੁਤ ਤੇਜ਼ ਹੋ। ਤੁਸੀਂ ਤਾਂ ਗੁਰਬਾਣੀ ਵਿਆਕਰਣ ਦਾ ਬਹੁਤ ਸਾਰਾ ਸਿਲੇਬਸ ਕਵਰ ਕਰ ਲਿਆ ਹੈ। ਹੁਣ ਮੈਂ ਤੁਹਾਨੂੰ ਹੋਮਵਰਕ ਦਿੰਦਾ ਹਾਂ:

**ਕੀ ਗੁਰਬਾਣੀ ਵਿਚ ਹੁਕਮੀ ਭਵਿਖਤ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ ਦਾ ਕੋਈ ਹੋਰ ਨੇਮ ਵੀ ਹੈ?**

ਜਿੰਨੇ ਚਿਰ ਵਿਚ ਮੈਂ ਚਾਹ ਪੀਂਦਾ ਹਾਂ, ਉਨੇ ਚਿਰ ਵਿਚ ਦੋਵੇਂ ਵੀਰ ਹੋਮਵਰਕ ਪੂਰਾ ਕਰਕੇ ਦਿਖਾਉ।" ਮੈਂ ਬੱਚਿਆਂ ਨੂੰ ਹੋਮਵਰਕ ਦਿੱਤਾ ਅਤੇ ਸੋਚਣ ਲੱਗ ਪਿਆ ਕਿ ਕਾਸ਼! ਇਹਨਾਂ ਬੱਚਿਆਂ ਵਾਂਙ ਜੇ ਮੈਂ ਬਚਪਨ ਵਿਚ ਹੀ ਗੁਰਬਾਣੀ ਨੂੰ ਸਮਝ ਲਿਆ ਹੁੰਦਾ ਤਾਂ ਅੱਜ ਮੈਂ ਵੀ ਸਿੱਖ ਕੌਮ ਦਾ ਵਿਦਵਾਨ ਹੁੰਦਾ। ਪਰ ਸਮੇਂ ਦੀ ਰੇਤ 'ਤੇ ਕਦਮਾਂ ਦੇ ਨਿਸ਼ਾਨ ਬੈਠ ਕੇ ਨਹੀਂ ਬਣਾਏ ਜਾ ਸਕਦੇ। ਸ਼ਾਇਦ ਤਾਂ ਹੀ ਗੁਰੂ ਨਾਨਕ ਸਾਹਿਬ ਜੀ ਸਾਨੂੰ ਉਪਦੇਸ਼ ਕਰਦੇ ਹਨ:

**ਵਖਤੁ ਵੀਚਾਰੇ ਸੁ ਬੰਦਾ ਹੋਇ॥**

• • •



Sri Satguru Jagjit Singh Ji eLibrary NamdhariElibrary@gmail.com

## ਅੰਮ੍ਰਿਤ ਬਚਨ

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥ ਕਿਛੁ ਲਾਹੇ ਉਪਰਿ ਘਾਲੀਐ॥ ੨੧॥**

*(ਆਸਾ ਕੀ ਵਾਰ, ਮ: ੧, ੪੭੪)*

**ਪਦ ਅਰਥ :** **ਸਮ੍ਾਲੀਐ**–ਸੰਭਾਲਣਾ ਚਾਹੀਦਾ ਹੈ, ਯਾਦ ਰੱਖਣਾ ਚਾਹੀਦਾ ਹੈ। **ਸਾ ਘਾਲ**–ਉਹ ਮਿਹਨਤ। **ਮੂਲਿ ਨ ਕੀਚਈ**–ਬਿਲਕੁਲ ਨਹੀਂ ਕਰਨਾ ਚਾਹੀਦਾ। **ਨਿਹਾਲੀਐ**–ਵੇਖਣਾ ਚਾਹੀਦਾ ਹੈ। **ਜਿਉ**–ਜਿਵੇਂ, ਜਿਸ ਤਰੀਕੇ ਨਾਲ। **ਨਾ ਹਾਰੀਐ**–ਨਾ ਟੁੱਟੇ। **ਪਾਸਾ ਢਾਲੀਐ**–ਚਾਲ ਚੱਲਣੀ ਚਾਹੀਦੀ ਹੈ, ਉੱਦਮ ਕਰਨਾ ਚਾਹੀਦਾ ਹੈ। **ਘਾਲੀਐ**–ਕਮਾਈ ਕਰਨੀ ਚਾਹੀਦੀ ਹੈ।

**ਅਰਥ :** ਜਿਸ ਮਾਲਕ ਦਾ ਸਿਮਰਨ ਕੀਤਿਆਂ ਸੁਖ ਮਿਲਦਾ ਹੈ, ਉਸ ਮਾਲਕ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਜਦੋਂ ਮਨੁੱਖ ਨੇ ਆਪਣੇ ਕੀਤੇ ਦਾ ਫਲ ਆਪ ਭੋਗਣਾ ਹੈ, ਤਾਂ ਫਿਰ ਕੋਈ ਮਾੜੀ ਕਮਾਈ (ਕੰਮ) ਨਹੀਂ ਕਰਨੀ ਚਾਹੀਦੀ। ਮਾੜਾ ਕੰਮ ਭੁੱਲ ਕੇ ਵੀ ਨਾ ਕਰੀਏ। ਡੂੰਘੀ ਵਿਚਾਰ ਵਾਲੀ ਨਜ਼ਰ ਮਾਰ ਕੇ ਤੱਕ ਲਈਏ ਕਿ ਇਸ ਮਾੜੇ ਕੰਮ ਦਾ ਕੀ ਸਿੱਟਾ ਨਿਕਲੇਗਾ। ਕੋਈ ਇਹੋ ਜਿਹਾ ਉੱਦਮ ਕਰਨਾ ਚਾਹੀਦਾ ਹੈ, ਜਿਸ ਕਰਕੇ ਪ੍ਰਭੂ ਮਾਲਕ ਨਾਲੋਂ ਪ੍ਰੀਤ ਨਾ ਟੁੱਟ ਜਾਏ। (ਮਨੁੱਖਾ ਜਨਮ ਪਾ ਕੇ) ਕੋਈ ਲਾਭ ਵਾਲੀ ਘਾਲ-ਕਮਾਈ ਕਰਨੀ ਚਾਹੀਦੀ ਹੈ।

**ਉਪਦੇਸ਼ :** ਹਮੇਸ਼ਾ ਚੰਗੇ ਕੰਮ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਵਾਹਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

## ਸਿੱਖੀ ਸਿਦਕ (ਬੋਲੀਆਂ)

—ਹਰਲਾਲ ਸਿੰਘ, ਮੋਗਾ

*'ਬਾਬੇ ਨਾਨਕ' ਨੇ ਸੀ ਜੋਤ ਜਗਾਈ, ਸ਼ਬਦ ਗੁਰੂ ਤੋਂ ਪੜ੍ਹੀਏ।*
*ਸਿਦਕ ਰੱਖੀਏ 'ਦਸਮੇਸ਼' ਪਿਤਾ ਦਾ, ਪਬ ਕੰਡਿਆਂ 'ਤੇ ਧਰੀਏ।*
*ਹੋਵੇ ਹੌਂਸਲਾ 'ਬੰਦੇ' ਵਰਗਾ, ਵਿਚ ਸਰਹੰਦ ਦੇ ਵੜੀਏ।*
*ਅਣਖ ਹੋਵੇ 'ਬਾਬੇ ਦੀਪ' ਨਾਲ ਦੀ, ਧਰਮ ਦੀ ਖਾਤਰ ਲੜੀਏ।*
*ਰੋਹਬ ਰੱਖੀਏ 'ਨਲੂਏ' ਵਾਂਗੂੰ, ਸ਼ੇਰ ਜਬਾੜਿਓਂ ਫੜੀਏ।*
*ਸਬਕ ਸਿੱਖੀਏ 'ਸ਼ਾਮ ਸਿੰਘ' ਤੋਂ ਪੈਰ ਪਿੱਛੇ ਨਾ ਧਰੀਏ।*
*ਊਧਮ ਸਿੰਘ ਯੋਧੇ ਵਾਂਗੂੰ, ਘਰ ਵੈਰੀ ਦੇ ਵੜੀਏ।*
*'ਭਗਤ ਸਿੰਘ' 'ਸਰਾਭੇ' ਵਾਂਗੂ, ਹੱਸ ਫਾਂਸੀ 'ਤੇ ਚੜ੍ਹੀਏ।*
*ਭਿੰਡਰਾਂ ਵਾਲੇ ਸੰਤਾਂ ਵਾਂਗੂੰ, ਹੱਕ ਸੱਚ 'ਤੇ ਲੜੀਏ।*
*'ਹਰਲਾਲ ਸਿੰਘਾ' ਇਹ ਜਾਣੇ ਦੁਨੀਆਂ, ਇਤਿਹਾਸ ਜਦੋਂ ਵੀ ਪੜ੍ਹੀਏ।*
*ਓਟ ਹੈ ਗੁਰੂਆਂ ਦੀ, ਮਰਨੋਂ ਮੂਲ ਨਾ ਡਰੀਏ....।*
*ਮਰਨੋਂ ਮੂਲ ਨਾ ਡਰੀਏ ਤਾਂ ਹੀ ਸਿੰਘ ਕਹਾਉਂਦੇ।*
*ਦੇਸ਼ ਦੀ ਖ਼ਾਤਰ ਸਦਾ ਵੀਰਨੋਂ ਤਲੀਏ ਸੀਸ ਟਿਕਾਉਂਦੇ।*
*ਗਊ-ਗਰੀਬ 'ਤੇ ਜ਼ੁਲਮ ਨੀ ਸਹਿਣਾ, ਝੱਟ ਖੰਡਾ ਖੜਕਾਉਂਦੇ।*
*ਆਪਣੀ ਦੇ ਕੇ ਕੁਰਬਾਨੀ ਦੋਸਤੋ, ਦੂਜੇ ਧਰਮ ਬਚਾਉਂਦੇ।*
*ਸਿਰ ਜਾਵੇ ਤਾਂ ਜਾਵੇ ਪਰ, ਪੈਰ ਪਿੱਛੇ ਨਹੀਂ ਹਟਾਉਂਦੇ।*
*ਲੋੜ ਪੈਣ 'ਤੇ ਜ਼ਾਲਮ ਤਾਂਈਂ, ਚੰਗਾ ਸਬਕ ਸਿਖਾਉਂਦੇ।*
*ਬਾਜ਼ਾਂ ਦੇ ਜ਼ਾਲਮ ਪੰਜਿਉਂ, ਕੂੰਜਾਂ ਰਹਿਣ ਛੁਡਾਉਂਦੇ।*
*'ਹਰਲਾਲ ਸਿੰਘਾ' ਤੂੰ ਭੁੱਲ ਨਾ ਜਾਵੀਂ, ਵਕਤ ਬੁਰੇ ਸੀ ਆਉਂਦੇ।*
*ਆਸ਼ਕ ਸਿੱਖੀ ਦੇ, ਹੱਸ ਹੱਸ ਸੀਸ ਕਟਾਉਂਦੇ।*



Sri Satguru Jagjit Singh Ji eLibrary NamdhariElibrary@gmail.com

# ਵੱਡਾ ਘੱਲੂਘਾਰਾ

ਸੰਨ 1761 ਦੀ ਦੀਵਾਲੀ ਵਾਲੇ ਦਿਨ ਖ਼ਾਲਸੇ ਦਾ ਇਕੱਠ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਇਆ। ਇਸ ਇਕੱਠ ਵਿੱਚ ਮਤਾ ਪਾਸ ਕੀਤਾ ਗਿਆ ਕਿ ਅਹਿਮਦਸ਼ਾਹ ਅਬਦਾਲੀ ਦਾ ਸਾਥ ਦੇਣ ਵਾਲੇ ਅਤੇ ਆਪਣੇ ਦੇਸ਼ ਦੇ ਵਸਨੀਕਾਂ ’ਤੇ ਜ਼ੁਲਮ ਢਾਹੁਣ ਵਾਲਿਆਂ ਨੂੰ ਖ਼ਤਮ ਕੀਤਾ ਜਾਵੇ । ਸਿੰਘ ਆਪਣੇ ਦੇਸ਼ ਪੰਜਾਬ ਨੂੰ ਅਬਦਾਲੀ ਦੀ ਹਕੂਮਤ ਤੋਂ ਆਜ਼ਾਦ ਕਰਵਾਉਣਾ ਚਾਹੁੰਦੇ ਸਨ। ਦੀਵਾਲੀ ਵਾਲੇ ਦਿਨ ਖ਼ਾਲਸੇ ਦੇ ਫ਼ੈਸਲੇ ਮੁਤਾਬਿਕ ਜੰਡਿਆਲੇ ਜ਼ਿਲ੍ਹਾ ਅੰਮ੍ਰਿਤਸਰ ਦੇ ਆਕਿਲ ਦਾਸ ਨਿਰੰਜਨੀਏ ਨੂੰ ਖ਼ਾਲਸਾ ਪੰਥ ਦੀ ਈਨ ਮੰਨਣ ਲਈ ਕਿਹਾ ਗਿਆ। ਉਸ ਨੇ ਆਪਣੀ ਰੱਖਿਆ ਲਈ ਅਬਦਾਲੀ ਕੋਲ ਸਹਾਇਤਾ ਲਈ ਬੇਨਤੀ ਭੇਜੀ।

ਫਰਵਰੀ 1762 ਵਿੱਚ ਸਿੱਖਾਂ ਨੇ ਜੰਡਿਆਲੇ ਨੂੰ ਘੇਰਿਆ ਹੋਇਆ ਸੀ। ਉਨ੍ਹਾਂ ਨੂੰ ਖ਼ਬਰ ਮਿਲੀ ਕਿ ਅਹਿਮਦ ਸ਼ਾਹ ਅਬਦਾਲੀ ਭਾਰੀ ਫ਼ੌਜ ਲੈ ਕੇ ਉਨ੍ਹਾਂ ’ਤੇ ਹਮਲਾ ਕਰਨ ਲਈ ਆ ਰਿਹਾ ਹੈ। ਸਿੱਖ ਬਿਰਧ (ਬਜ਼ੁਰਗ), ਬੀਬੀਆਂ ਤੇ ਬੱਚਿਆਂ ਨੂੰ ਅਨੰਦਪੁਰ ਦੀਆਂ ਪਹਾੜੀਆਂ ਵਿੱਚ ਸੁਰੱਖਿਅਤ ਥਾਵਾਂ ’ਤੇ ਪਹੁੰਚਾਉਣ ਲਈ ਤੁਰ ਪਏ। ਉਨ੍ਹਾਂ ਨੇ ਸੋਚਿਆ ਕਿ ਵਾਪਸ ਮੁੜ ਕੇ ਅਬਦਾਲੀ ਦੀਆਂ ਫ਼ੌਜਾਂ ਦਾ ਬੇਫ਼ਿਕਰ ਹੋ ਕੇ ਟਾਕਰਾ ਕਰਾਂਗੇ। ਪਰ ਉਸੇ ਸਮੇਂ ਮਲੇਰਕੋਟਲੇ ਦੇ ਭੀਖਨ ਖ਼ਾਨ ਨੇ ਅਬਦਾਲੀ ਨੂੰ ਖ਼ਬਰ ਭੇਜੀ ਕਿ ਸਿੱਖ ਉਸ ਦੇ ਇਲਾਕੇ ਵਿੱਚ ਹਨ। ਇਹ ਸੁਣਦਿਆਂ ਹੀ ਅਬਦਾਲੀ ਤੇਜ਼ੀ ਨਾਲ 3 ਫਰਵਰੀ ਨੂੰ ਸਵੇਰੇ ਲਾਹੌਰ ਤੋਂ ਚੱਲਿਆ। ਲਗਪਗ 200 ਕਿਲੋਮੀਟਰ ਪੈਂਡਾ ਤੈਅ ਕਰ ਕੇ ਉਹ ਫ਼ੌਜਾਂ ਸਮੇਤ ਪੰਜ ਫਰਵਰੀ ਨੂੰ ਸਵੇਰੇ ਹੀ ਮਲੇਰਕੋਟਲਾ ਦੇ ਲਾਗੇ ਪਿੰਡ ਕੁੱਪ ਵਿੱਚ ਪਹੁੰਚ ਗਿਆ। ਉਸ ਦੀਆਂ ਫ਼ੌਜਾਂ ਨੇ ਸਿੱਖਾਂ ’ਤੇ ਹਮਲਾ ਕਰ ਦਿੱਤਾ। ਸਿੱਖਾਂ ਨੂੰ ਉੱਕਾ ਹੀ ਆਸ ਨਹੀਂ ਸੀ ਕਿ ਅਬਦਾਲੀ ਇੰਨੀ ਜਲਦੀ ਪੁੱਜ ਜਾਵੇਗਾ। ਸਿੱਖਾਂ ਨੇ ਬਿਰਧਾਂ, ਬੀਬੀਆਂ ਅਤੇ ਬੱਚਿਆਂ ਦੀ ਵਹੀਰ ਨੂੰ ਘੇਰੇ ਵਿੱਚ ਲੈ ਕੇ ਲੜਦਿਆਂ ਅੱਗੇ ਵਧਣਾ ਸ਼ੁਰੂ ਕੀਤਾ। ਉਹ ਬਰਨਾਲੇ ਵੱਲ ਹੋ ਤੁਰੇ। ਪਿੰਡ 'ਗਹਿਲ' ਲੰਘ ਕੇ ਪਿੰਡ ‘ਕੁਤਬੇ’ ਪੁੱਜੇ। ਉੱਥੇ ਪਾਣੀ ਦੀ ਢਾਬ ਸੀ ਜਿਸ ’ਤੇ ਸਿੰਘਾਂ ਨੇ ਕਬਜ਼ਾ ਕਰ ਲਿਆ। ਪਹਿਲਾਂ ਵਹੀਰ ਨੂੰ ਪਾਣੀ ਪਿਲਾਇਆ ਤੇ ਫਿਰ ਆਪ ਪੀਤਾ। ਇੱਥੇ ਅਫਗਾਨੀਆਂ ਨੂੰ ਰੋਕੀ ਰੱਖਿਆ। ਬੜੀ ਭਿਆਨਕ ਲੜਾਈ ਹੋਈ। ਇੰਨੇ ਵਿੱਚ ਵਹੀਰ ਕਾਫ਼ੀ ਅੱਗੇ ਲੰਘ ਗਈ। ਸਿੱਖ ਲੜਦੇ ਲੜਦੇ ਵਹੀਰ ਦੇ ਮਗਰ ਚੱਲ ਪਏ। ਅਫਗਾਨੀਆਂ ਨੇ ਬਰਨਾਲੇ ਤੱਕ ਸਿੱਖਾਂ ਦਾ ਪਿੱਛਾ ਕੀਤਾ। ਹਨੇਰਾ ਹੋ ਗਿਆ। ਅਬਦਾਲੀ ਨੇ ਉੱਥੇ ਹੀ ਡੇਰੇ ਲਾ ਦਿੱਤੇ। ‘ਕੁੱਪ’ ਤੋਂ ਬਰਨਾਲੇ ਤੱਕ ਲੋਥਾਂ ਦੇ ਢੇਰ ਲੱਗੇ ਪਏ ਸਨ । ਇਕ ਦਿਨ ਦੀ ਲੜਾਈ ਵਿੱਚ ਦਸ ਹਜ਼ਾਰ ਤੋਂ ਵੱਧ ਲੜਾਕੂ ਸਿੱਖ ਅਤੇ ਵੀਹ ਕੁ ਹਜ਼ਾਰ ਦੇ ਕਰੀਬ ਵਹੀਰ ਦੇ ਬੰਦੇ ਸ਼ਹੀਦੀਆਂ ਪਾ ਗਏ। ਇਸ ਤਰ੍ਹਾਂ ਲਗਭਗ 30 ਹਜ਼ਾਰ ਸਿੱਖ ਨੌਜੁਆਨ, ਬਿਰਧ, ਬੀਬੀਆਂ ਤੇ ਬੱਚੇ ਇੱਕੋ ਦਿਨ ਵਿੱਚ ਸ਼ਹੀਦ ਹੋ ਗਏ।

ਇੰਨੀਆਂ ਸ਼ਹੀਦੀਆਂ ਦੇ ਕਾਰਨ ਹੀ ਇਸ ਜੰਗ ਨੂੰ “ਵੱਡੇ ਘੱਲੂਘਾਰੇ” ਦਾ ਨਾਮ ਦਿੱਤਾ ਗਿਆ। ਇਸ ਘੱਲੂਘਾਰੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਕਿਧਰੇ ਗੁਆਚ ਗਈ।

ਸਿੱਖਾਂ ਦੇ ਸਿਰਾਂ ਦੇ ਪੰਜਾਹ ਗੱਡੇ ਭਰ ਕੇ ਅਬਦਾਲੀ ਲਾਹੌਰ ਨੂੰ ਤੁਰ ਪਿਆ। ਰਸਤੇ ਵਿੱਚ ਉਹ ਸਰਹਿੰਦ ਵਿਖੇ ਠਹਿਰਿਆ ਅਤੇ 3 ਮਾਰਚ ਨੂੰ ਲਾਹੌਰ ਪੁੱਜ ਗਿਆ। ਕਤਲ ਹੋਏ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਉਸਾਰੇ ਗਏ। ਸਿੱਖਾਂ ਦੇ ਖ਼ੂਨ ਨਾਲ ਮਸਜਿਦਾਂ ਦੀਆਂ ਦੀਵਾਰਾਂ ਨੂੰ ਧੋਤਾ ਗਿਆ।

ਸਿੱਖਾਂ ਦਾ ਇੰਨਾ ਭਾਰੀ ਨੁਕਸਾਨ ਹੋਣ ਕਰਕੇ, ਵੈਰੀ ਸਮਝਦੇ ਸਨ ਕਿ ਸਿੱਖ ਲੰਮੇ ਸਮੇਂ ਤੱਕ ਸਿਰ ਨਹੀਂ ਚੁੱਕ ਸਕਣਗੇ। ਪਰ ਸਿੱਖਾਂ ਨੇ ਦੋ ਤਿੰਨ ਮਹੀਨਿਆਂ ਵਿੱਚ ਹੀ ਅਪ੍ਰੈਲ-ਮਈ ਵਿੱਚ ਸਰਹਿੰਦ ’ਤੇ ਹਮਲਾ ਕਰ ਕੇ ਜ਼ੈਨ ਖ਼ਾਨ (ਗਵਰਨਰ) ਨੂੰ ਮਾਰ ਦਿੱਤਾ। ਘੱਲੂਘਾਰੇ ਤੋਂ ਅੱਠ ਮਹੀਨੇ ਬਾਅਦ ਦੀਵਾਲੀ ਸਮੇਂ ਸਿੱਖਾਂ ਨੇ ਅੰਮ੍ਰਿਤਸਰ ਵਿੱਚ ਅਬਦਾਲੀ ਦੀਆਂ ਫੌਜਾਂ ਨੂੰ ਲੱਕ ਤੋੜਵੀਂ ਹਾਰ ਦਿੱਤੀ ਤੇ ਉਹ ਰਾਤ ਦੇ ਹਨੇਰੇ ਵਿੱਚ ਮੈਦਾਨ ਛੱਡ ਕੇ ਲਾਹੌਰ ਪਹੁੰਚ ਗਿਆ।

---

**ਕੋਇਲ ਆਪਣੀ ਭਾਸ਼ਾ ਬੋਲਦੀ ਹੈ ਇਸ ਲਈ ਆਜ਼ਾਦ ਰਹਿੰਦੀ ਹੈ**
**ਪਰ ਤੋਤਾ ਦੂਜੇ ਦੀ ਭਾਸ਼ਾ ਬੋਲਦਾ ਹੈ ਇਸ ਲਈ ਪਿੰਜਰੇ ’ਚ ਜ਼ਿੰਦਗੀ ਭਰ ਗੁਲਾਮ ਰਹਿੰਦਾ ਹੈ**
**ਇਸ ਲਈ ਆਪਣੀ ਭਾਸ਼ਾ ’ਤੇ ਮਾਣ ਕਰੋ ਪੰਜਾਬੀ ਆਪਣੀ ਮਾਂ ਬੋਲੀ ਹੈ ਪੰਜਾਬੀ ਨੂੰ ਮਾਣ ਨਾਲ ਬੋਲੋ।**

**ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ**



Sri Satguru Jagjit Singh Ji eLibrary NamdhariElibrary@gmail.com

# ਅੰਤਰੀਵ ਪੀੜਾ

-ਗੁਰਜੀਤ ਕੌਰ

ਫ਼ੋਲ ਕੇ ਤਾਂ ਵੇਖੋ ਕੋਈ ਛੁਪੀ ਪੀੜਾ ਸਿੱਖ ਪੰਥ ਦੀ
ਲਗਾਤਾਰ ਹੋ ਰਹੀ ਬੇਅਦਬੀ ਗੁਰੂ ਗ੍ਰੰਥ ਦੀ

ਕਿਸ ਨੂੰ ਕਾਹਦਾ ਡਰ ਨਿਰਵੈਰ ਸ੍ਰੀ ਗੁਰੂ ਗ੍ਰੰਥ ਪਾਸੋਂ
ਸਰਬ ਸਾਂਝੀ ਗੁਰਬਾਣੀ ਉਸਤਤ ਉਸ ਭਗਵੰਤ ਦੀ

ਨਾ ਮਿਲੀ ਸਜ਼ਾ ਗੁਰੂ ਦੋਸ਼ੀਆਂ ਨਾ ਸਿੱਖ ਕਾਤਲਾਂ ਨੂੰ
ਗਰਜ਼ ਆਪਣੀ ਹੀ ਸਭ ਨੂੰ ਪਰਵਾਹ ਨਾ ਅਨੰਤ ਦੀ

ਹੋ ਰਹੇ ਸ਼ਹੀਦ ਗੁਰੂਘਰ ਨਿੱਤ ਵਧ ਰਹੇ ਅਪਰਾਧ
ਆ ਚੁੱਕੀ ਹੈ ਨੇੜੇ ਘੜੀ ਅਪਰਾਧੀਆਂ ਦੇ ਅੰਤ ਦੀ

ਪਏ ਉਗਲਣ ਕੁਝ ਜ਼ਹਿਰ ਕਈ ਵਜਾਉਣ ਤਾਲੀਆਂ
ਪਾਪ ਕਰਮੀ ਬਹੁਗਿਣਤੀ, ਕੋ ਟਾਵੀਂ ਨਾਰ ਕੰਤ ਦੀ

ਕਰਦੇ ਜਦ ਗੱਲ ਸਿੱਖ ਬਣਦੇ ਹੱਕ ਇਨਸਾਫ਼ ਦੀ
ਲਗਾ ਦਿੱਤੀ ਜਾਂਦੀ ਸਿੱਖਾਂ ਉੱਤੇ ਮੋਹਰ ਆਤੰਕ ਦੀ

ਸਤਿਗੁਰੂ ਦਾ ਸੱਚਾ ਸਿੱਖ ਨਿਰਮਲ ਨਿਰਵੈਰ ਪੁਰਸ਼
ਜ਼ੁਲਮ ਵਿਰੁੱਧ ਯੋਧਾ ਸੂਰਮਾ ਮੂਰਤ ਇੱਕ ਸੰਤ ਦੀ

ਚਲਦੇ ਜੋ ਗੁਰੂ ਸਿੱਖਿਆ ਸਭਨਾਂ ਦੇ ਹੀ ਸੱਜਣ ਉਹ
ਨਿਵਾਉਂਦੇ ਸੀਸ ਗੁਰੂ ਅੱਗੇ ਪੂਜਾ ਉਸ ਬੇਅੰਤ ਦੀ

ਦਖ਼ਲ-ਅੰਦਾਜ਼ੀ ਮਾਨਤਾਵਾਂ 'ਚ ਸਿੱਖਾਂ ਨੂੰ ਪਸੰਦ ਨਾ
ਨ ਚਿੰਤਾ ਕਿਸੇ ਨੂੰ ਸਿੱਖਾਂ ਦੀ ਪਸੰਦ ਨਾ-ਪਸੰਦ ਦੀ

ਥੱਕ ਹਾਰ ਦੁਖੀ ਹੋ ਸਿੱਖ ਲੋਚਣ ਹੋ ਜਾਣਾ ਵੱਖਰਾ
ਨਹੀਂ ਜਾਂਦੀ ਜਰੀ ਪੰਥ ਤੋਂ ਬੇਕਦਰੀ ਗੁਰੂ ਗ੍ਰੰਥ ਦੀ

ਕਰਦੇ ਚੇਤਾ ਸਿੱਖ ਰੋਜ਼ਾਨਾ ਰਾਜ ਸ਼ੇਰਿ ਪੰਜਾਬ ਦਾ
ਖ਼ੁਸ਼ਹਾਲ ਜ਼ਿੰਦਗੀ ਹਰ ਮਜ਼ਬ ਹਰ ਜੀਵ ਜੰਤ ਦੀ

ਘਟਦੀ ਨਵੀਂ ਘਿਣਾਉਣੀ ਆ ਜਾਂਦੀ ਯਾਦ 47,84
ਸਿੱਖ ਨਸਲਕੁਸ਼ੀ 84 ਨੂੰ, 47 ਨੂੰ ਪੰਜਾਬ ਵੰਡ ਦੀ

ਮਾਣ ਰਹੇ ਅਜ਼ਾਦੀ ਨਿੱਘ, ਨ ਮੰਗਣ ਦੇਣ ਅਜ਼ਾਦੀ
ਸਵਾਰਥ ਭਿੱਜੀ ਜੁੱਟ ਮੰਡਲੀ ਨਿਰੇਪੁਰੇ ਪਖੰਡ ਦੀ

ਹੁੰਦੇ ਇੱਕ ਜੈਸੇ ਕਾਨੂੰਨ ਸਾਰੇ ਦੇਸ਼ ਦੀ ਜੰਤਾ ਲਈ
ਰਾਖੀ ਸਰਕਾਰ ਦੇ ਜ਼ਿੰਮੇ ਹਰ ਸੂਬੇ ਖਿੱਤੇ ਖੰਡ ਦੀ

ਨਾ ਲੋੜ ਹੁੰਦਾ ਉਸ ਨੂੰ ਕਿਸੇ ਜਨੂਨੀ ਦਾ ਮਸ਼ਵਰਾ
ਨਿਆਂ ਪ੍ਰਣਾਲੀ ਦੇਸ਼ ਦੀ ਸਭ ਨੂੰ ਇਨਸਾਫ਼ ਵੰਡਦੀ

ਇੱਥੇ ਘੱਟ ਗਿਣਤੀ ਝੁਰਦੀ ਸਰਕਾਰ ਪੱਖ ਪੂਰਦੀ
ਹੱਕਦਾਰ ਅਜਿਹੀ ਸਰਕਾਰ ਦੋਵੇਂ ਥਾਈਂ ਦੰਡ ਦੀ

ਹੁੰਦੀ ਜੇ ਕੋ ਜ਼ਿਆਦਤੀ ਕਿਸੇ ਸਿੱਖ ਤੋਂ ਹੋਰਾਂ ਸੰਗ
ਹੋ ਜਾਂਦੀ ਸਿੱਖਾਂ ਵੱਲੋਂ ਹੀ ਗਾਥਾ ਵਿਰੋਧ ਜੰਗ ਦੀ

ਮੁੜ ਧੁੜ ਕੇ ਗੱਲ ਇਸ ਸੱਚ 'ਤੇ ਆਣ ਅਪੜਦੀ
ਸੱਚੀ ਸਿੱਖਿਆ ਸ਼ਬਦ ਗੁਰੂ ਪੂਰਨ ਨਿਆਂ ਢੰਗ ਦੀ

ਆਪਣੇ ਹੱਕ ਮੰਗਣਾ ਅਰ ਦੂਜਿਆਂ ਲਈ ਖੜ੍ਹਨਾ
ਆਜ਼ਾਦ ਸਿੱਖ ਹਸਤੀ ਨਾ ਹੀ ਰੁਕਦੀ ਨਾ ਸੰਗਦੀ

ਆਓ! ਮਿਲ ਕਰੀਏ ਬੇਨਤੀ ਹੱਥ ਜੋੜ ਗੁਰੂ ਪਾਸ
ਗੁਰਮਤਿ ਆਸ਼ੇ ਅਨੁਸਾਰ ਸਭ ਕਾਜ ਆਣ ਰਾਸ

ਹਰ ਇਕ ਦੁਖੀ ਦੇ ਸਾਰੇ ਹੀ ਹੋ ਜਾਣ ਦੁੱਖ ਨਾਸ
ਸੁਖੀ ਵੱਸਣ ਸਭ ਦੇ ਸਭ ਮਿਲ ਕਰੀਏ ਅਰਦਾਸ

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

**ਸਿੱਖ ਫੁਲਵਾੜੀ ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਉ ਜੀ।**



Sri Satguru Jagjit Singh Ji eLibrary NamdhariElibrary@gmail.com

# ਡਾਇਬਟੀਜ਼ ਦੀ ਸਮੱਸਿਆ

## (ਨਾ ਮੁਰਾਦ ਬਿਮਾਰੀ : ਸ਼ੂਗਰ ਦਾ ਕੰਟਰੋਲ)

ਡਾ: ਗੁਰਦੀਪ ਸਿੰਘ, 302, ਕਿਦਵਾਈ ਨਗਰ, ਲੁਧਿਆਣਾ, 98881-26690

ਸ਼ੂਗਰ (ਮਧੂਮੇਹ, ਡਾਇਬਟੀਜ਼) ਦਾ ਕੰਟਰੋਲ ਕੁਝ ਸਾਵਧਾਨੀਆਂ ਵਰਤਣ ਅਤੇ ਕਸਰਤ ਕਰਨ ਨਾਲ ਕੀਤਾ ਜਾ ਸਕਦਾ ਹੈ।

**ਲੱਛਣ :** ਸ਼ੂਗਰ ਦਾ ਆਪਣਾ ਕੋਈ ਲੱਛਣ ਨਹੀਂ ਹੁੰਦਾ। ਇਸ ਲਈ ਇਹ ਰੋਗ ਕਦੋਂ ਕਿਸੇ ਵਿਅਕਤੀ ਨੂੰ ਚਪੇਟ ਵਿੱਚ ਲੈ ਲੈਂਦਾ ਹੈ, ਪਤਾ ਹੀ ਨਹੀਂ ਲਗਦਾ।

ਆਮ ਤੌਰ 'ਤੇ ਕੁਝ ਵਿਅਕਤੀਆਂ/ਮਰੀਜ਼ਾਂ ਨੂੰ ਵਾਰ-ਵਾਰ ਪਿਆਸ ਲਗਦੀ ਹੈ, ਕੁਝ ਮਰੀਜ਼ਾਂ ਨੂੰ ਚਿੜਚਿੜਾਹਟ, ਥਕੇਵਾਂ ਅਤੇ ਪਾਚਣ ਗੜ-ਬੜੀ ਵੀ ਹੁੰਦੀ ਹੈ। ਕੁਝ ਮਰੀਜ਼ਾਂ ਨੂੰ ਭੁੱਖ ਬਹੁਤ ਲਗਦੀ ਹੈ ਪਰ ਵਜ਼ਨ ਵਿੱਚ ਕਮੀ ਹੁੰਦੀ ਜਾਂਦੀ ਹੈ।

ਆਮ ਤੌਰ 'ਤੇ ਇਹ ਲੱਛਣ ਦਿਖਾਈ ਦੇ ਸਕਦੇ ਹਨ :

- ਨਜ਼ਰ ਕਮਜ਼ੋਰ ਹੋ ਜਾਣੀ।
- ਵਧੇਰੇ ਪਿਆਸ ਲੱਗਣੀ।
- ਪਿਸ਼ਾਬ ਵਾਲੀ ਥਾਂ 'ਤੇ ਕੀੜੀਆਂ/ਕੀੜੇ ਆ ਜਾਣੇ।
- ਹੱਥਾਂ ਜਾਂ ਪੈਰਾਂ ਦਾ ਸੁੰਨ ਹੋ ਜਾਣਾ।
- ਜ਼ਿਆਦਾ ਪਿਸ਼ਾਬ ਆਉਣਾ। ਸੁੱਕੀ ਚਮੜੀ ਅਤੇ ਖੁਜਲੀ।
- ਵਾਰ-ਵਾਰ ਜਾਂ ਮੁਸ਼ਕਲ ਨਾਲ ਠੀਕ ਹੋਣ ਵਾਲੀ ਚਮੜੀ।
- ਮਸੂੜ੍ਹਿਆਂ, ਯੋਨੀ ਜਾਂ ਪਿਸ਼ਾਬ ਦਾ ਸੰਕ੍ਰਮਣ।

ਇੰਸੂਲਿਨ ਨਾਮ ਦੀ ਇਕ ਹਾਰਮੋਨ ਦੀ ਕਮੀ ਹੋ ਜਾਣ ਨਾਲ ਇਸ ਰੋਗ ਵਿੱਚ ਬਲੱਡ ਸ਼ੂਗਰ (ਖ਼ੂਨ ਵਿੱਚ ਗੁਲੂਕੋਜ਼ ਦੀ ਮਾਤਰਾ) ਸਧਾਰਨ ਪੱਧਰ ਤੋਂ ਜ਼ਿਆਦਾ ਹੋ ਜਾਂਦੀ ਹੈ।

ਸ਼ੂਗਰ ਨਾਲ ਸਰੀਰ ਦੇ ਕਈ ਅੰਗ ਪ੍ਰਭਾਵਿਤ ਹੋ ਸਕਦੇ ਹਨ। ਅੱਖਾਂ, ਕਿਡਨੀ, ਦਿਲ ਦੀਆਂ ਤੰਤਰਕਾਵਾਂ, ਪੈਰ ਆਦਿ। ਲੰਬੇ ਸਮੇਂ ਤਕ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਬੇਕਾਬੂ (uncontrol) ਰਹਿਣ ਨਾਲ ਵਿਅਕਤੀ ਕੋਮਾ ਦੀ ਸਥਿਤੀ ਵਿੱਚ ਜਾ ਸਕਦਾ ਹੈ।

ਸ਼ੂਗਰ ਦੀ ਬਿਮਾਰੀ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਸਰੀਰ ਦੀਆਂ ਸੂਖਮ ਖ਼ੂਨ ਦੀਆਂ ਨਾੜੀਆਂ 'ਤੇ ਪੈਂਦਾ ਹੈ। ਇਸ ਨਾਲ ਖ਼ਾਸ ਕਰ ਕੇ ਅੱਖਾਂ ਤੇ ਗੁਰਦੇ ਰੋਗੀ ਹੋ ਜਾਂਦੇ ਹਨ। ਨਜ਼ਰ ਕਮਜ਼ੋਰ ਹੋ ਜਾਂਦੀ ਹੈ। ਗੁਰਦਿਆਂ ਦੀਆਂ ਲਹੂ ਨਾੜੀਆਂ ਜੇ ਰੋਗੀ ਹੋ ਜਾਣ ਤਾਂ ਗੁਰਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਸ਼ੂਗਰ ਦੇ ਰੋਗੀਆਂ ਵਿੱਚ ਲਹੂ ਨਾੜੀਆਂ ਵਿੱਚ ਜੰਮ ਜਾਣ ਦੀ ਸਮੱਸਿਆ ਵੀ ਪਾਈ ਜਾਂਦੀ ਹੈ। ਇਸ ਲਈ ਇਹਨਾਂ ਵਿੱਚ ਐਨਜਾਈਨਾਂ ਜਾਂ ਦਿਲ ਦੇ ਦੌਰੇ ਦੀ ਸੰਭਾਵਨਾ ਵੱਧ ਹੁੰਦੀ ਹੈ। ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ, ਪਿਸ਼ਾਬ ਵਿੱਚ ਜਲਨ, ਲੱਗ-ਲੱਗ ਕੇ ਆਉਣਾ, ਕਈ ਰੋਗੀਆਂ ਨੂੰ ਫੇਫੜਿਆਂ ਦੀ ਟੀ ਬੀ ਹੋਣ ਦੀ ਸੰਭਾਵਨਾ ਵੀ ਹੁੰਦੀ ਹੈ।

**ਸ਼ੂਗਰ ਦਾ ਕੰਟਰੋਲ :** ਕੁਝ ਸਾਵਧਾਨੀਆਂ ਵਰਤਣ ਅਤੇ ਕਸਰਤ ਨਾਲ ਹੀ ਕੀਤਾ ਜਾ ਸਕਦਾ ਹੈ।

**ਭੋਜਨ :** ਸਾਦਾ ਤੇ ਪ੍ਰਕਿਰਤਿਕ ਖਾਣਾ ਚਾਹੀਦਾ ਹੈ। ਭੋਜਨ ਵਿੱਚ ਪ੍ਰੋਟੀਨ ਜ਼ਿਆਦਾ ਹੋਵੇ, ਚਰਬੀ ਘੱਟ ਹੋਵੇ, ਗੁਲੂਕੋਜ਼-ਸੁਕਰੋਜ਼ ਬਿਲਕੁਲ ਨਾ ਹੋਵੇ, ਤਾਜ਼ੀਆਂ ਸਬਜ਼ੀਆਂ, ਫਲ, ਬਿਨਾਂ ਚਿਕਨਾਈ ਦਾ ਦੁੱਧ, ਦਾਲ ਅਤੇ ਰੋਟੀ, ਜ਼ਿਆਦਾ ਰੇਸ਼ੇਦਾਰ ਖਾਣ ਵਾਲੇ ਪਦਾਰਥ ਜਿਵੇਂ ਮੇਥੀ, ਪਾਲਕ, ਪੱਤਾ ਗੋਭੀ, ਪਰਵਲ, ਅਦਰਕ, ਕਰੇਲਾ, ਬੀਨਜ਼, ਕੱਚਾ ਪਪੀਤਾ, ਟਿੰਡੇ, ਲੌਕੀ, ਪੇਠਾ, ਸ਼ਿਮਲਾ-ਮਿਰਚ, ਅਮਰੂਦ, ਬੇਰ, ਖ਼ਰਬੂਜ਼ਾ, ਨਾਸ਼ਪਾਤੀ, ਤਰਬੂਜ਼, ਚੋਕਰ ਵਾਲਾ ਮੋਟਾ ਆਟਾ, ਦਲੀਆ, ਸੂਜੀ, ਅਰਹਰ ਦੀ ਦਾਲ, ਕਾਬਲੀ ਛੋਲੇ, ਸੇਬ, ਸੰਤਰਾ, ਆੜੂ, ਚੈਰੀ, ਕੀਵੀ ਆਦਿ।

**ਹਾਨੀਕਾਰਕ ਭੋਜਨ :** ਤਲਿਆ ਹੋਇਆ ਭੋਜਨ, ਮਿਠਾਈਆਂ, ਚਿਕਨਾਈ ਵਾਲਾ ਦੁੱਧ, ਚੀਕੂ, ਖਜੂਰ, ਦੁੱਧ, ਕਰੀਮ, ਚਾਕਲੇਟ, ਸਫ਼ੇਦ ਖੰਡ ਜਾਂ ਮੈਦੇ ਤੋਂ ਬਣੇ ਪਦਾਰਥ, ਜ਼ਿਆਦਾ ਕੈਲੋਰੀ ਵਾਲੇ ਪਦਾਰਥ ਜਿਵੇਂ ਤਲੇ ਹੋਏ ਵਿਅੰਜਨ, ਗੁੜ, ਸੁੱਕੇ ਮੇਵੇ, ਜ਼ਿਆਦਾ ਮਿੱਠੇ ਵਾਲੇ ਫਲ ਆਦਿ ਖ਼ੂਨ ਵਿਚ ਸ਼ੂਗਰ ਨੂੰ ਵਧਾਉਂਦੇ ਹਨ।

ਡੱਬਾਬੰਦ ਪਦਾਰਥ, ਕੋਲਡ ਡਰਿੰਕਸ ਦਾ ਸੇਵਨ ਨਹੀਂ ਕਰਨਾ ਚਾਹੀਦਾ। ਵਜ਼ਨ ਵਧਣਾ ਨਹੀਂ ਚਾਹੀਦਾ। ਮੋਟਾਪੇ ਤੋਂ ਬਚਣਾ ਚਾਹੀਦਾ ਹੈ। ਵਜ਼ਨ ਨੂੰ ਕੰਟਰੋਲ ਵਿਚ ਰੱਖਣ ਲਈ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਇਸ ਲਈ ਖਾਣਾ ਘਟਾਉਣਾ ਜ਼ਰੂਰੀ ਨਹੀਂ ਬਲਕਿ ਜ਼ਰੂਰੀ ਹੈ ਕਿ ਰੋਗੀ ਜ਼ਿਆਦਾ ਮਿਹਨਤ ਕਰੇ, ਸੈਰ ਕਰੇ।

ਪੈਰ ਤੇ ਪੈਰ ਦੀਆਂ ਉਂਗਲਾਂ ਦੀ ਜਗ੍ਹਾ ਨੂੰ ਹਮੇਸ਼ਾ ਸਾਫ਼-ਸੁਥਰਾ ਰੱਖੋ। ਗਿੱਲਾ ਨਾ ਰਹਿਣ ਦਿਓ। ਉੱਚੀ ਅੱਡੀ, ਜੁੱਤੇ, ਚੱਪਲ ਨਾ ਪਹਿਨੋ। ਆਰਾਮਦਾਇਕ ਜੁੱਤੇ ਹੀ ਪਹਿਨਣੇ ਚਾਹੀਦੇ ਹਨ। ਜੁੱਤੇ, ਚੱਪਲ ਲੈਣ ਵੇਲੇ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਚਮੜੀ 'ਤੇ ਕਿਸੇ ਤਰ੍ਹਾਂ ਦਾ ਖਿਚਾਵ ਨਾ ਆਏ।

- ਸ਼ਰਾਬ ਤੇ ਤੰਬਾਕੂ ਦਾ ਸੇਵਨ ਨਾ ਕਰੋ।
- ਜੇ ਸੱਟ ਲੱਗ ਜਾਏ ਤਾਂ ਫ਼ੌਰਨ ਇਲਾਜ ਕਰਵਾਓ।

ਭੋਜਨ ਸਬੰਧੀ ਜ਼ਿਆਦਾ ਜਾਣਕਾਰੀ ਲਈ ਡਾਈਟੀਸ਼ੀਅਨ ਨਾਲ ਮਸ਼ਵਰਾ ਕਰੋ। ਰੋਗੀ ਨੂੰ ਨਿਯਮਿਤ ਤੌਰ 'ਤੇ ਡਾਕਟਰ ਨਾਲ ਮਸ਼ਵਰਾ ਅਤੇ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਖ਼ੂਨ ਵਿੱਚ ਸ਼ੂਗਰ ਦੇ ਨਾਲ-ਨਾਲ ਬੀ.ਪੀ., ਕੋਲੈਸਟ੍ਰੋਲ ਆਦਿ ਵੀ ਟੈੱਸਟ ਹੁੰਦਾ ਰਹੇ। ਅਖ਼ਬਾਰਾਂ ਦੀਆਂ ਮਸ਼ਹੂਰੀਆਂ ਪਿੱਛੇ ਲੱਗ ਕੇ ਨੀਮ-ਹਕੀਮਾਂ ਦੇ ਚੱਕਰਾਂ ਵਿੱਚ ਪੈ ਕੇ ਰੋਗ ਨੂੰ ਵਿਗਾੜਨਾ ਨਹੀਂ ਚਾਹੀਦਾ।

• • •



Sri Satguru Jagjit Singh Ji eLibrary NamdhariElibrary@gmail.com

# Mool Nanakshahi Calender : A Must For Sikhs

PROF. (DR) SURJIT SINGH (BHATTI)*

Calendars are an essential tool used by societies to keep track of time and organize events and festivities. Over time, different cultures have developed their own calendars based on their beliefs, astronomical observations, and cultural practiçes. While some calendars are based on the sun, others are based on the moon, and some incorporate both. Regardless of their differences, calendars serve as an essential tool for organizing time and celebrating cultural events. Here are some common calendars from around the world :

**Roman calendar** introduced in the 700s B.C.by Romulus, the first ruler of Rome, had a lunar year (based on phases of the Moon) of 10 months starting with March and ending with December, and a total of 304 days. Another emperor Numa later added January and February, giving a year 355 days long. To match with the solar year (based on Earth's one revolution around the Sun), a month of 22 or 23 days was added after February 23 or 24, and the last days of February were moved to the end.

**Julian Calendar**, proposed in 45 B.C. by Julius Caesar, had 12 months whose lengths were extended to give a solar year of 365.25 days, about 10% days longer than the Roman lunar year. An extra (Leap) day was added every fourth year in February because of the almost six extra hours beyond 365 days in a solar year. However, due to a miscalculation of the length of the year by 11 minutes, this calendar had since fallen out of sync with the seasons. It is still being followed in some orthodox churches.

**Christian or Common Era (CE)** solar calendar was introduced in 1582 AD by Pope Gregory XIII, correcting the length of the Julian calendar to 365.2425 days. It was used during the lifetime of Jesus Christ and is a solar year now accepted all over the world. Year numbers divisible by 4 and also century numbers divisible by 400, called "Leap years", had an extra day in February. Centennial years not divisible by 400 are not Leap years. That explains why there was a leap year in 2000, but not in 1900, 1800, or 1700. The Julian calendar fell 13 days behind 'Gregorian dates'.

*Solar (Tropical)* year is the average of the times to go (a) from one Northern (spring) *Equinox*, (in March when day and night are nearly equal) to the next and (b) from one Southern *Solstice* (when the tilt of the Earth is maximum) to the next. Thus, a solar year is a time for Sun's mean longitude to increase by 3600 with respect to the equinox. The length of the solar (tropical) year is about 365.2422 days or 365 days, 5 hours, 48 minutes, and 45 seconds. A day is a time the Earth takes to spin once on its axis.

*Precession* or *wobbling* of the Earth, like that of a spinning top, takes place as it experiences gravitational forces *(torque)* due to Sun, the Moon, and other planets. The speed of the Earth in its (non-circular) orbit around the Sun is *faster* at the *perihelion* (when the distance between Earth and Sun is the shortest), and *slower* at the *aphelion* (when the distance between them is the largest). Effects of precession include the apparent movement of the stars, as observed from Earth, and the shifting of the poles and equator. There is a slow change in Earth's orientation relative to the stars. Hence, the position of the Sun on the first day of the spring equinox slowly shifts westward around the sky, which moves it around our calendar.

*Bikrami calendar*, used mainly in India and Nepal, is based on the motions of the Moon. One lunar *rotation*, from one *New Moon* to the next, gives a *Synodic Month* of about 29.53 solar days. Thus, the lunar Synodic Year of 12 such rotations, has 354.36 days, about 11 days short of the Tropical Year. The *spin* of the Moon on its axis, with respect to fixed stars, gives the *Sidereal Year* of about 365.25887 days, or 365 days, 6 hours, 9 minutes, 10 seconds. This is about 20 minutes

*Retd. Dean and Chairman, Department of Applied Sciences, Guru Nanak Dev University, Amritsar. Email: surjitsingh.bhatti@gmail.com



Sri Satguru Jagjit Singh Ji eLibrary NamdhariElibrary@gmail.com

more than Tropical Year, giving a change of one day (about 10). after 72 years.

*Nanakshahi calendar* follows the tropical year based on Earth'sonerotation around the Sun. The six seasons in India are a result of this motion of the Earth, *tilted* at an average value of 23.50. These months and their dates of commencement are not determined by the motion of the Moon that gives the dark phase (*Amavas* or *Massia*) and bright phase *(Purnima/Puranmashi)*. Also, Gurbani describes the relationship of the Sun with the seasons in *Barah Maha*. It was first introduced by Baba Banda Singh Bahadur in 1710. In 1891, historian Gian Singh used it in his book *"Twarikh Guru Khalsa"*.

S. Karam Singh Historian, in 1912, adopted the *Nanakshahi* calendar to assert that Guru Nanak Sahib's *Parkash* was on *Vaisakhi* (14 April 1469), and not in *Kattak* (as was believed). His conclusion was based on five indisputable historical records, called *Janam-Sakhies* (Meharban's, Bhai Mani Singh's, B-40, *Puritan, and Pathar chapped-wali's)*.Guru Gobind Singh Sahib established the Order of *The Khalsa* on *Vaisakhi of* 1699. These conclusions are supported by several eminent Sikh scholars, including Professor Sahib Singh, Dr. Ganda Singh, Bhai Kahn Singh Nabha, Principal Satbir Singh, Dr. Hari Ram Gupta, Bhai Randhir Singh, Dr. Rattan Singh Jaggi, S. Kartar Singh, Dr. Kirpal Singh, and McAuliffe. However, the *'Sant Samaj'* followed the Bikrami year. Sikhs Gurdwaras were controlled by many who supported the Bikrami calendar for long after the Guru period. Hence, instead of remembering the changing dates every year, Sikhs turned to the phases of the Moon.

*Mool Nanakshahi calendar* was given by S. Pal Singh Purewal who observed several errors in relation to Sikh *Gurpurabs* when based on Bikrami lunar year. After a study spanning two decades, in 1998, he presented *Mool* (original) Nanakshahi calendar. Its months always start on dates that correspond to fixed Gregorian calendar dates every year (as in brackets). The first five months of the *Nanakshahi* year, *Chet* (14 March), *Vaisakh* (14 April), *Jeth* (15 May), *Harh* (15 June), and *Sawan* (16 July) have 31 days each. The next seven months, *Bhaddon* (16 August), *Assu* (15 September), *Kattak* (15 October), *Maghar* (14 November), *Poh* (14 December), *Magh* 13 January), and *Phaggan* (12 February), have 30 days each. The extra day in a Leap year is added to the last month, *Phaggan*. Mool Nanakshahi year has 365.2422 days, whose difference from the Gregorian year of 365,2425 days isonly 26 seconds. There is a shift of only one day after about 3300 years. *"Sangrand"* does not have any special significance in *Gurbani*. Hence, in this calendar, it is only the first day of each Nanakshahi Month and is fixed. This day is called *Sankranti* in the Bikrami calendar and can change every year.

**Inconsistencies in the Bikrami calendar** arise from several factors. In India and Nepal, many Panchangs form the basis of the calculations, which do not agree even among themselves. The sidereal lunar year showed a difference of about nine days in the period since the *Parkash Divas* of Guru Nanak Sahib in 1469. The observed difference shall be about a month in the next 2100 years. A reversal of the seasons shall be seen associated with the months of this era after 13,000 years and there will be a complete change of the seasonal cycle in (72 x 3600), about 26,000 years. Also, the number of *Sangrands* in this system is variable, while their number is always 12 in the solar year. In the Bikrami era, *Vaisakhi* was on 9th April in 1753, on 10th April in 1799, on 12th April in 1899, and on 14th April in 1999. It will be on 15th April in 2100, and after 13000 years it will be in October.

'*Mall Mas*', an additional month, was introduced in the Bikrami calendar to synchronize it with the Gregorian Calendar. It was meant to compensate for the difference of 11 days between them after every 30 months. This produced a Bikrami year of 13 months with 384 days! As a result of this, the dates of *Gurpurabs* are either behind the actual solar dates by 10 or 11 days (during the synodic lunar years of 354 days) or ahead of them by 18/19 days (in years having the extra *Mall Mass*). The extra month is considered 'unfortunate' in Indian tradition. According to *Gurbani*, however, all months are good and fortunate.

**ਬਾਰਹ ਮਾਹ ਮਾਝ ਮਹਲਾ ੫॥ ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥.... ਅਤੇ**



Sri Satguru Jagjit Singh Ji eLibrary NamdhariElibrary@gmail.com

ਤੁਖਾਰੀ ਮ.-੧, ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥

*Guru Gobind Singh Sahib's Parkash Divas* (23rd of *Poh*), is always on the 5th of January in a solar year. The Bikrami calendar showed it on the 7th of *Maghar* in 2020, on the 26th of *Poh* in 2021, and on the 14th of *Poh* in 2022. In 2023 (555 Nanakshahi year), this *Gurpurab* shall be on the 4th of *Maghar*. This *Gurpurab* came either twice in some years or not even once in some other years in the past. The same happened for *Hola Mohalla* as well. Similarly, the *Martyrdom Day* of Guru Arjan Sahib, which was originally on 2 Harh (16 June), shifts to July or August in the Bikrami year. *Sawan*, the month of Monsoon rains, will come twice during 2080 (one to be called 'pure', the other 'impure'). However, the dates of all *Gurpurabs* and Sikh festivals are fixed and do not change every year in the Mool Nanakshahi calendar. This was accepted by the Shiromani Gurdwara Prabandhak Committee (SGPC) and *Akal Takhat Sahib* for adoption by all Sikh Gurdwaras in the world. This position can not be changed.*

Sikhism is a modern religion based on a rational and scientific ideology. Sikhs are certainly not a part or sect of any other Faith. They must have an independent tropical calendar of their own, with fixed dates of all their *Gurpurabs,* historic events, and festivals determined by Seasons, as guided in *Gurbani*. These dates, fixed in the Mool Nanakshahi calendar, synchronize with the prevalent Gregorian solar calendar and would be known to all unambiguously and in advance.

**The SGPC in the year 2010 changed the Mool Nanakshahi calendar to the Bikrami calendar while retaining the name of Nanakshahi calendar, No explanation was given for this unwarranted action.*

**References :**


1. *Purewal.biz,* The *Jantri* 500 Years (Punjab School Education Board), 1994.

2. *Purewal:* *https://1drv.ms/v/s!Ai_pw6JFNFuHib9UrVqeGZQxFNb-YQ*

*https://1drv.ms/v/s!Ai_pw6JF-NFuHia438iYQjEomjx0W5A?e=h-WIZTb*

3. S. Sarabjit Singh (Sacramento) : *https://www.youtube.com/watch?v=b4aM0_DjLuc*

4. Dr. Karminder Singh Dhillon's Youtube videos on Nanakshahi Calendar.

5. S. Gurpreet Singh GP's Articles on Nanakshahi Calendar in *Asia Samachar*.


*(Courtesy : The Sikh Review)*

# ਕੁਰਬਾਨੀ ਦੀ ਭਾਵਨਾ ਤੇ ਪਿਆਰ

ਬਾਬਾ ਬੰਦਾ ਸਿੰਘ ਜੀ ਦੇ ਨਾਲ ਫੜੇ ਗਏ ਲਗਭਗ 700 ਸਿੱਖਾਂ ਨੂੰ ਮਾਰਚ 1716 ਦੇ ਪਹਿਲੇ ਹਫ਼ਤੇ ਵਿਚ ਦਿੱਲੀ ਦੇ ਚਾਂਦਨੀ ਚੌਕ ਦੀ ਕੋਤਵਾਲੀ ਦੇ ਸਾਹਮਣੇ ਸ਼ਹੀਦ ਕਰਨਾ ਆਰੰਭ ਕੀਤਾ ਗਿਆ। ਰੋਜ਼ 100 ਸਿੱਖ ਸ਼ਹੀਦ ਕੀਤੇ ਜਾਂਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਇਕ ਵੀ ਸਿੱਖ ਨੇ ਜਾਨ ਬਚਾਉਣ ਲਈ ਬੇਨਤੀ ਨਾ ਕੀਤੀ। ਰੋਜ਼ ਸੌ ਸਿੱਖ ਸ਼ਾਂਤ-ਚਿੱਤ ਅਤੇ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਸ਼ਹੀਦ ਹੋ ਜਾਂਦੇ ਸਨ। ਬਹਾਦਰ ਸ਼ਾਹ ਨੇ ਆਪਣੇ ਵਜ਼ੀਰ ਅਮੀਨ ਖ਼ਾਨ ਨੂੰ ਬੁਲਾ ਕੇ ਪੁੱਛਿਆ ਕਿ ਇਸ ਅਡੋਲਤਾ ਦਾ ਕੀ ਕਾਰਨ ਹੈ? ਵਜ਼ੀਰ ਨੇ ਅਮਲੀ ਤੌਰ 'ਤੇ ਜਵਾਬ ਦੇਣ ਲਈ ਗ੍ਰਿਫ਼ਤਾਰ ਕੀਤੇ ਸਿੰਘਾਂ ਵਿਚੋਂ ਚਾਰ ਸਿੱਖ ਵੱਖਰੇ ਕਮਰੇ ਵਿਚ ਬੰਦ ਕਰ ਦਿੱਤੇ। ਉਹਨਾਂ ਚਾਰਾਂ ਦੀ ਉਮਰ ਵੱਖ-ਵੱਖ ਸੀ। ਇਕ ਦੀ ਲਗਭਗ 10 ਸਾਲ, ਦੂਜੇ ਦੀ 17 ਸਾਲ, ਤੀਜੇ ਦੀ ਭਰ ਜੁਆਨੀ (25–30 ਸਾਲ) ਅਤੇ ਚੌਥੇ ਦੀ ਲਗਭਗ 60 ਸਾਲ ਦੀ। ਇਨ੍ਹਾਂ ਨੂੰ ਦੋ ਦਿਨ ਭੁੱਖੇ ਰੱਖਿਆ ਗਿਆ। ਦੋ ਦਿਨਾਂ ਮਗਰੋਂ ਦੋ ਰੋਟੀਆਂ ਚੌਂਹਾਂ ਦੇ ਅੱਗੇ ਸੁੱਟ ਦਿੱਤੀਆਂ ਗਈਆਂ। ਚੌਂਹਾਂ ਵਿਚ ਜੋ ਗੱਲਬਾਤ ਹੋਈ, ਉਹ ਬਾਦਸ਼ਾਹ ਤੇ ਵਜ਼ੀਰ ਨੇ ਆਪ ਸੁਣੀ।

ਪਹਿਲਾਂ ਦੋ ਰੋਟੀਆਂ ਬੱਚੇ ਅੱਗੇ ਰੱਖੀਆਂ ਗਈਆਂ। ਉਸ ਨੇ ਦੋਵੇਂ ਰੋਟੀਆਂ 17 ਸਾਲ ਦੇ ਗੱਭਰੂ ਅੱਗੇ ਰੱਖ ਦਿੱਤੀਆਂ ਤੇ ਕਿਹਾ : 'ਭਰਾ ਜੀ ਤੁਸੀਂ ਖਾਓ, ਮੈਂ ਬੱਚਾ ਹਾਂ, ਟਾਕਰਾ ਕਰਨ ਯੋਗ ਨਹੀਂ।' ਉਸ ਗੱਭਰੂ ਨੇ ਰੋਟੀਆਂ ਭਰ ਜੁਆਨ ਭਰਾ ਅੱਗੇ ਰੱਖੀਆਂ ਤੇ ਕਿਹਾ: 'ਵੀਰ ਜੀ, ਤੁਸੀਂ ਖਾਓ, ਮੈਂ ਦੁਨੀਆਂ ਦੇ ਵਲ-ਛਲ ਨਹੀਂ ਜਾਣਦਾ, ਘੋੜ-ਸਵਾਰ ਵੀ ਨਹੀਂ। ਪੰਥ ਨੂੰ ਤੁਹਾਡੀ ਵਧੇਰੇ ਲੋੜ ਹੈ।' ਉਸ (ਭਰ ਜੁਆਨ) ਗੁਰਸਿੱਖ ਨੇ ਬਜ਼ੁਰਗ ਅੱਗੇ ਰੋਟੀਆਂ ਰੱਖ ਦਿੱਤੀਆਂ ਤੇ ਕਿਹਾ : 'ਪਿਤਾ ਜੀ ਤੁਸੀਂ ਖਾਓ, ਮੈਂ ਅਜੇ ਜੁਆਨ ਹਾਂ, ਦੋ ਦਿਨ ਹੋਰ ਭੁੱਖਾ ਰਹਿ ਸਕਦਾ ਹਾਂ।' ਬਜ਼ੁਰਗ ਸਿੰਘ ਨੇ ਰੋਟੀਆਂ ਫੇਰ ਬੱਚੇ ਅੱਗੇ ਰੱਖ ਕੇ ਫਰਮਾਇਆ: 'ਕਾਕਾ ਤੂੰ ਖਾ ਲੈ, ਮੈਂ ਆਪਣੀ ਜ਼ਿੰਦਗੀ ਭੋਗ ਚੁੱਕਾ ਹਾਂ। ਤੂੰ ਤਾਂ ਭਵਿੱਖ ਦੀ ਆਸ ਹੈਂ, ਤੂੰ ਖਾਹ।' ਕੁਰਬਾਨੀ ਦਾ ਇਹ ਜਜ਼ਬਾ ਵੇਖ ਕੇ ਰਾਜਾ ਤੇ ਅਮੀਨ ਖ਼ਾਨ ਨੂੰ ਯਕੀਨ ਹੋ ਗਿਆ ਕਿ ਸਿੱਖ ਕੌਮ ਅਦੁੱਤੀ ਗੁਣਾਂ ਵਾਲੀ ਹੈ, ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।



Sri Satguru Jagjit Singh Ji eLibrary NamdhariElibrary@gmail.com

# ਖ਼ਬਰਨਾਮਾ ਅਤੇ ਸਰਗਰਮੀਆਂ

### ਵਿਦਿਆਰਥੀ ਪੰਜਾਬੀ 'ਚ ਪੜ੍ਹਨਗੇ ਵਿਗਿਆਨ ਤੇ ਗਣਿਤ

**ਸਤਵਿੰਦਰ ਸਿੰਘ ਧੜਾਕ, ਮੋਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ 11ਵੀਂ ਤੇ 12ਵੀਂ ਦੇ ਮੈਡੀਕਲ ਤੇ ਨਾਨ ਮੈਡੀਕਲ ਦੇ ਵਿਦਿਆਰਥੀ ਹੁਣ ਸਾਇੰਸ ਤੇ ਗਣਿਤ ਦਾ ਵਿਸ਼ਾ ਆਪਣੀ ਮਾਤ ਭਾਸ਼ਾ ਪੰਜਾਬੀ 'ਚ ਪੜ੍ਹਨਗੇ। ਚਿਰਾਂ ਤੋਂ ਇਹ ਵਿਸ਼ੇ ਪੰਜਾਬੀ ਮਾਧਿਅਮ 'ਚ ਪੜ੍ਹਾਉਣ ਦੀ ਮੰਗ ਪੂਰੀ ਕਰਦਿਆਂ ਬੋਰਡ ਇਹ ਪਾਠ ਪੁਸਤਕਾਂ ਪੰਜਾਬੀ ਮਾਧਿਅਮ 'ਚ ਛਾਪਣ ਜਾ ਰਿਹਾ ਹੈ।

ਬੋਰਡ ਨੇ ਅਕਾਦਮਿਕ ਸਾਲ 2024-25 ਲਈ 23 ਪਾਠ-ਪੁਸਤਕਾਂ ਦੇ ਨਵੇਂ ਟਾਈਟਲ ਛਾਪਣ ਦਾ ਫ਼ੈਸਲਾ ਕੀਤਾ ਹੈ।

ਇਨ੍ਹਾਂ 'ਚ ਜ਼ਿਆਦਾਤਰ ਪਾਠ-ਪੁਸਤਕਾਂ 11ਵੀਂ ਤੇ 12ਵੀਂ ਨਾਲ ਸਬੰਧਤ ਹਨ ਜਿਹੜੀਆਂ ਪਹਿਲਾਂ ਕਦੀ ਨਹੀਂ ਛਪੀਆਂ। ਸਾਲ 2023 ਤਕ ਗਿਆਰਵੀਂ ਤੇ ਬਾਰ੍ਹਵੀਂ ਜਮਾਤ ਨਾਲ ਸਬੰਧਤ ਕਰੀਬ 25 ਟਾਈਟਲ ਬੋਰਡ ਨੇ ਛਾਪੇ ਸਨ।

ਹੁਣ ਇਨ੍ਹਾਂ 'ਚ 23 ਹੋਰ ਟਾਈਟਲ ਸ਼ਾਮਲ ਕੀਤੇ ਗਏ ਹਨ। ਨਵੇਂ ਅਕਾਦਮਿਕ ਵਰ੍ਹੇ ਤੋਂ 11ਵੀਂ ਤੇ 12ਵੀਂ ਜਮਾਤ ਦੇ ਅਰਥ ਸ਼ਾਸਤਰ, ਪਬਲਿਕ ਐਡਮਨਿਸਟ੍ਰੇਸ਼ਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਬਿਜ਼ਨਸ ਸਟੱਡੀਜ਼, ਕੰਪਿਊਟਰ, ਮਾਡਰਨ ਆਫਿਸ ਪ੍ਰੈਕਟਿਸ ਵਿਸ਼ਿਆਂ ਤੋਂ ਇਲਾਵਾ ਹੋਰ ਦੂਜੀਆਂ ਜਮਾਤਾਂ ਦੇ ਕੁਝ ਹੋਰ ਵਿਸ਼ਿਆਂ ਦੀਆਂ ਪਾਠ ਪੁਸਤਕਾਂ ਬੋਰਡ ਸਿੱਖਿਆ ਬੋਰਡ ਦੇ ਪੁਸਤਕ ਭੰਡਾਰ 'ਚ ਸ਼ਾਮਲ ਹੋਣਗੀਆਂ। ਇੱਥੇ ਜ਼ਿਕਰਯੋਗ ਹੈ ਕਿ ਬੋਰਡ ਇਕੱਲੀ 12ਵੀਂ ਜਮਾਤ ਨਾਲ ਸਬੰਧਤ 140 ਦੇ ਕਰੀਬ ਵਿਸ਼ੇ ਪੜ੍ਹਾਉਂਦਾ ਹੈ ਪਰ ਇਨ੍ਹਾਂ ਸਾਰੇ ਵਿਸ਼ਿਆਂ ਦੀਆਂ ਕਿਤਾਬਾਂ ਬੋਰਡ ਖ਼ੁਦ ਨਹੀਂ ਤਿਆਰ ਸਕਿਆ।

(ਸਪੋਕਸਮੈਨ)

## ਸਰਗਰਮੀਆਂ

### ਸ਼ਹੀਦੀ ਪੁਰਬ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੰਬੰਧ ਵਿੱਚ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ 'ਚੋਂ ਉਗਮੇ ਤੇ ਉਭਰੇ ਸਿੱਖ ਪੰਥ ਦਾ ਆਪਣਾ ਅਦੁਤੀ ਇਤਿਹਾਸਿਕ ਵਿਰਸਾ ਹੈ। ਇਸੇ ਵਿਰਸੇ ਦੀ ਸਦੀਵੀ ਸੰਭਾਲ ਲਈ ਇਤਿਹਾਸਿਕ ਪੁਰਬਾਂ ਨੂੰ ਉੱਚੀ ਸੁਚੇਤਨਾ ਅਤੇ ਸੱਚੀ-ਸੁੱਚੀ ਆਨ-ਸ਼ਾਨ ਨਾਲ ਮਨਾਉਣ ਵਾਸਤੇ ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਲਖਨਊ ਸਰਕਲ ਅਤੇ "ਸਿੱਖ ਯੰਗ ਮੈਨਜ਼ ਐਸੋਸੀਏਸ਼ਨ" ਵੱਲੋਂ ਭਰਵੇਂ ਉਦਮ ਉਪਰਾਲੇ ਕੀਤੇ ਗਏ। ਦੋਵੇਂ ਸਿੱਖ ਸੰਸਥਾਵਾਂ ਵੱਲੋਂ ਗੁਰਮਤਿ ਗਿਆਨ, ਗੁਰ ਇਤਿਹਾਸ, ਸਿੱਖੀ ਸੱਭਿਆਚਾਰ ਦੇ ਚਾਨਣ ਨੂੰ ਘਰ-ਘਰ ਪਹੁੰਚਾਉਣ ਦੇ ਵਿਸ਼ੇਸ਼ ਉਪਰਾਲੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸਮੇਂ-ਸਮੇਂ 'ਤੇ ਆਉਣ ਵਾਲੀ ਪਨੀਰੀ ਨੂੰ ਜੋੜਨ ਲਈ ਕੀਤੇ ਜਾਂਦੇ ਹਨ ਤਾਂ ਕਿ ਇਹ ਅੱਗੇ ਪੰਥ ਦੇ ਪ੍ਰਚਾਰ ਪ੍ਰਸਾਰ ਵਿੱਚ ਯੋਗਦਾਨ ਪਾਉਣ। ਸ਼ਹੀਦੀ ਨਾਲ ਸਬੰਧਤ ਪ੍ਰਸ਼ਨੋਤਰੀ ਪ੍ਰਤੀਯੋਗਤਾ ਬੱਚਿਆਂ, ਵਿਦਿਆਰਥੀਆਂ ਅਤੇ ਸੰਗਤਾਂ ਲਈ ਤਿੰਨ ਗਰੁੱਪਾਂ ਵਿਚ ਕਰਵਾਈ ਗਈ। 7 ਤੋਂ 12 ਸਾਲ, 12 ਤੋਂ 20 ਸਾਲ, 20 ਤੋਂ ਉੱਪਰ। ਸੰਗਤਾਂ ਨੇ ਇਸ ਵਿੱਚ ਭਾਗ ਬੜੇ ਉਤਸ਼ਾਹ ਨਾਲ ਲਿਆ। ਇਸ ਵਿਚ ਤਿੰਨ ਖ਼ਾਲਸਾ ਕਾਲਜ, ਦੋ ਪਬਲਿਕ ਸਕੂਲ ਵੀ ਸ਼ਾਮਲ ਹੋਏ। ਸ਼ਾਮਲ ਹੋਏ ਪ੍ਰਤੀਯੋਗੀਆਂ ਲਈ ਜਲਪਾਨ ਦਾ ਵੀ ਪ੍ਰਬੰਧ ਸੀ। ਇਸ ਤੋਂ ਇਲਾਵਾ ਕੀਰਤਨ, ਕਵਿਤਾ ਮੁਕਾਬਲੇ ਵੀ ਕਰਵਾਏ ਗਏ।

ਗੁਰ-ਪੁਰਬ ਦੇ ਮੌਕੇ 'ਤੇ ਸਰਕਲ ਇੰਚਾਰਜ (ਲਖਨਊ) ਸ. ਅਜੀਤ ਸਿੰਘ ਜੀ, 'ਸਿੱਖ ਯੰਗ ਮੈਨਜ਼ ਐਸੋਸੀਏਸ਼ਨ' ਦੇ ਸਹਿਯੋਗ ਨਾਲ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਤੋਂ ਇਲਾਵਾ ਰਾਗੀ ਜਥੇ, ਪ੍ਰਚਾਰਕ ਸਾਹਿਬਾਨ ਅਤੇ ਵਿਦਵਾਨਾਂ ਨੇ ਆਪਣੀ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸਮਾਗਮ ਵਿਖੇ ਹਰ ਇੱਕ ਗਰੁੱਪ ਦੇ ਟਾਪ 5 ਨੂੰ ਯੋਗ ਇਨਾਮਾਂ ਦੀ ਵੰਡ ਕੀਤੀ ਗਈ। ਐਸੋਸੀਏਸ਼ਨ ਅਤੇ ਮਿਸ਼ਨਰੀ ਕਾਲਜ ਵੱਲੋਂ ਗੁਰੂ ਕੇ ਲੰਗਰ ਵਿੱਚ ਸੇਵਾ ਕਰ ਰਹੇ ਸੇਵਾਦਾਰਾਂ ਅਤੇ ਹੁਮ ਹੁਮਾ ਕੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

### ਸਮਾਗਮ ਸਫ਼ਰ-ਏ-ਸ਼ਹਾਦਤ

ਅੱਜ ਮਿਤੀ 24–12–2023 ਨੂੰ ਸਾਕਾ ਸਰਹਿੰਦ ਅਤੇ ਸਾਕਾ ਚਮਕੌਰ ਸਾਹਿਬ ਨੂੰ ਸਮਰਪਿਤ ਸਮਾਗਮ ਗੁਰਦੁਆਰਾ ਬਾਉਲੀ ਸਾਹਿਬ ਜਵਾਨ ਮਹਲਾ ਚਿਠੀਸਿੰਗਪੁਰਾ ਅਨੰਤਨਾਗ ਵਿਖੇ ਸਰਕਲ ਅਨੰਤਨਾਗ ਵੱਲੋਂ ਮਨਾਇਆ ਗਿਆ। ਜਿਸ ਵਿੱਚ ਕੀਰਤਨ ਦੀ ਸੇਵਾ ਵੀਰ ਬਿਅੰਤ ਸਿੰਘ ਜੀ, ਵੀਰ ਇਛਪਾਲ ਸਿੰਘ ਜੀ ਅਤੇ ਵੀਰ ਗੁਰਦੀਪ ਸਿੰਘ ਜੀ; ਵਿਦਿਆਲੇ ਦੇ ਬੱਚਿਆਂ ਨੇ ਕੀਰਤਨ, ਲੈਕਚਰ, ਕਵਿਤਾਵਾਂ ਆਦਿ ਅਤੇ ਸਰਕਲ ਇੰਚਾਰਜ ਅਨੰਤਨਾਗ ਵੀਰ ਰਿਛਪਾਲ ਸਿੰਘ ਆਜ਼ਾਦ ਨੇ ਸਾਕਾ ਸਰਹਿੰਦ ਅਤੇ ਸਾਕਾ ਚਮਕੌਰ ਸਾਹਿਬ ਤੋਂ ਸੰਗਤ ਨੂੰ ਰੂਬਰੂ ਕਰਾਇਆ। ਅੰਤ ਵਿੱਚ ਸਥਾਨਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਪਿੰਡ ਦੇ ਨੰਬਰਦਾਰ ਸ. ਮਸ਼ਹੂਰ ਸਿੰਘ ਜੀ ਨੇ ਇਤਿਹਾਸ 'ਤੇ ਬੋਲਦੇ ਹੋਏ ਸਰਕਲ ਅਤੇ ਕਾਲਜ ਤੇ ਪ੍ਰਚਾਰਕ ਕੰਮਾਂ ਨੂੰ ਵੀ ਸਰਾਹਿਆ ਅਤੇ ਸੰਗਤ ਨੇ ਵੀ ਕਾਲਜ ਦੀ ਬਹੁਤ ਪ੍ਰਸ਼ੰਸਾ ਕੀਤੀ। ਗ੍ਰੰਥੀ ਸਿੰਘ ਦੀ ਸੇਵਾ ਵੀਰ ਉਪਿੰਦਰ ਸਿੰਘ ਜੀ ਨੇ ਅਤੇ ਸਕੱਤਰ ਦੀ ਸੇਵਾ ਵੀਰ ਸਿਮਰਨ ਜੀਤ ਸਿੰਘ ਜੀ ਨੇ ਨਿਭਾਈ ਜੀ।

*–ਵੀਰ ਰਿਛਪਾਲ ਸਿੰਘ ਆਜ਼ਾਦ*
*ਸਰਕਲ ਇੰਚਾਰਜ ਅਨੰਤਨਾਗ*

### ਸਰਕਲ ਬਠਿੰਡਾ-1

ਮਿਤੀ 03–12–2023 ਨੂੰ ਗੁਰਦੁਆਰਾ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਗਰੀਨ ਸਿਟੀ ਫੇਸ–3 ਵਿੱਚ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਪ੍ਰੋਗਰਾਮ ਤੇ ਲਿਟਰੇਚਰ ਦੀ ਸਟਾਲ, ਡਿਪਟੀ ਜ਼ੋਨਲ ਇੰਚਾਰਜ ਸ. ਹਰੀ ਸਿੰਘ ਅਤੇ ਪਰਮਜੀਤ ਸਿੰਘ ਨੇ ਲਗਾਈ। ਸਿੱਖ ਮਿਸ਼ਨਰੀ ਕਾਲਜ ਦੇ ਫ਼ਰੀ ਲਿਟਰੇਚਰ ਦੀ ਵੰਡ ਕੀਤੀ ਅਤੇ ਕਰਵਾਏ ਜਾਂਦੇ ਪੱਤਰ ਵਿਹਾਰ ਕੋਰਸ ਸਬੰਧੀ ਜਾਣਕਾਰੀ ਦਿੱਤੀ ਅਤੇ 11 ਸਿੱਖ ਫੁਲਵਾੜੀ ਮੈਗਜ਼ੀਨ ਬੁੱਕ ਕੀਤੇ। ਸਹਿਯੋਗ ਲਈ ਇਸਤਰੀ ਸੁਖਮਨੀ ਸੁਸਾਇਟੀ ਗਰੀਨ ਸਿਟੀ ਬਠਿੰਡਾ ਦਾ ਧੰਨਵਾਦ ਕੀਤਾ।

ਮਿਤੀ 17–12–2023 ਨੂੰ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਗਨਪਤੀ ਕਾਲੋਨੀ ਬਠਿੰਡਾ ਵਿੱਚ ਪਰਮਜੀਤ ਸਿੰਘ ਅਤੇ ਡਿਪਟੀ ਜ਼ੋਨਲ ਇੰਚਾਰਜ ਸ. ਹਰੀ ਸਿੰਘ ਜੀ ਨਾਲ ਮਿਲ ਕੇ ਲਿਟਰੇਚਰ ਦੀ ਸਟਾਲ ਲਗਾਈ ਜਿਸ ਵਿੱਚ ਸਿੱਖ ਫੁਲਵਾੜੀ 13 ਮੈਗਜ਼ੀਨ ਬੁੱਕ ਕੀਤੇ, ਫ਼ਰੀ ਲਿਟਰੇਚਰ ਵੰਡ ਕੇ ਕਾਲਜ ਸਬੰਧੀ ਜਾਣਕਾਰੀ ਦਿੱਤੀ ਅਤੇ 11 ਸੌ ਰੁਪਏ ਦਸਵੰਧ ਵੀ ਇਕੱਠਾ ਕੀਤਾ।

ਮਿਤੀ 17–12–2023 ਨੂੰ ਗੁਰੂ ਤੇਗ਼ ਬਹਾਦਰ ਨਗਰ ਬਠਿੰਡਾ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਲਿਟਰੇਚਰ ਦੀ ਸਟਾਲ, ਮੇਜਰ ਸਿੰਘ, ਕੁਲਦੀਪ ਸਿੰਘ, ਮਲਕੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਚਰਨਪਾਲ ਕੌਰ ਵੱਲੋਂ ਲਗਾਈ ਗਈ। ਕਾਲਜ ਵੱਲੋਂ ਫ਼ਰੀ ਲਿਟਰੇਚਰ ਨਿੱਕੀਆਂ ਜਿੰਦਾਂ ਵੱਡੇ ਸਾਕੇ ਅਤੇ ਜੀਵਨ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਧਰਮ ਦੀ ਮੁਢਲੀ ਜਾਣਕਾਰੀ ਦੀ ਵੰਡ ਕੀਤੀ ਗਈ। ਸਹਿਯੋਗ ਲਈ ਸਮੂਹ ਮੁਹੱਲਾ ਕਮੇਟੀ ਦਾ ਧੰਨਵਾਦ ਕੀਤਾ ਗਿਆ।

*–ਮਲਕੀਤ ਸਿੰਘ, ਬਠਿੰਡਾ*

### ਪਟਿਆਲਾ ਜ਼ੋਨ

ਪਟਿਆਲਾ ਜ਼ੋਨ ਵੱਲੋਂ ਮਿਤੀ 03-12-2023 ਨੂੰ ਪਿੰਡ ਸਿਰ ਕੱਪੜਾ, ਪਟਿਆਲਾ, 03-12-2023 ਰਾਤ ਨੂੰ ਪਿੱਪਲੀ ਪਲਾਂਟ, ਕੁਰੂਕਸ਼ੇਤਰ, ਮਿਤੀ 05-12-2023 ਨੂੰ ਪਿੰਡ ਸ਼ਾਦੀਪੁਰ ਪਟਿਆਲਾ, ਮਿਤੀ 07-12-2023 ਨੂੰ ਪਿੰਡ ਚਰਾਸੋਂ (ਪਟਿਆਲਾ), ਮਿਤੀ 9-12-2023 ਨੂੰ ਪਿੰਡ ਸਿਰ ਕੱਪੜਾ (ਪਟਿਆਲਾ), ਮਿਤੀ 12-12-2023 ਨੂੰ ਪਿੰਡ ਮੀਰਾਂਪੁਰ (ਪਟਿਆਲਾ), ਮਿਤੀ 14-12-2023 ਨੂੰ ਪਿੰਡ ਜਲਾਹ ਖੇੜੀ (ਪਟਿਆਲਾ), ਮਿਤੀ 16-12-2023 ਨੂੰ ਪਿੰਡ ਬਟਰੋਹਣ, ਅੰਬਾਲਾ (ਹਰਿਆਣਾ), ਮਿਤੀ 12-12-2023 ਨੂੰ ਪਿੰਡ ਬਹਾਦਰਗੜ੍ਹ ਨਵਾਂ, (ਪਟਿਆਲਾ), ਮਿਤੀ 19-12-2023 ਨੂੰ ਗੁਰੂ ਨਾਨਕ ਵਾਟਿਕਾ ਸਕੂਲ, ਇਸਲਾਮਾ ਬਾਦਾ (ਹਰਿਆਣਾ), ਮਿਤੀ 19-12-2023 ਨੂੰ ਹੀ ਪਿੰਡ ਹਡਾਣਾ (ਪਟਿਆਲਾ), ਮਿਤੀ 21-12-2023 ਨੂੰ ਪਿੰਡ ਨਡਿਆਲੀ, ਅੰਬਾਲਾ (ਹਰਿਆਣਾ), ਮਿਤੀ 22-12-2023 ਨੂੰ ਐਸ.ਐਸ. ਹਰ ਭਗਵਾਨ ਸਕੂਲ, ਸਮਾਣਾ, ਤੇ ਰਾਤ ਨੂੰ ਪਿੰਡ ਸ਼ਾਹਪੁਰ (ਅੰਬਾਲਾ), ਮਿਤੀ 23-12-2023 ਨੂੰ ਪੁਰਾਣਾ ਰਾਜਪੁਰਾ (ਪਟਿਆਲਾ), ਮਿਤੀ 24-12-2023 ਨੂੰ ਪਿੰਡ ਬੁੜੇ ਮਾਜਰਾ (ਪਟਿਆਲਾ), ਮਿਤੀ 25-12-2023 ਨੂੰ ਸਵੇਰੇ ਪਿੰਡ ਬੋਧਨੀ (ਪਟਿਆਲਾ) ਤੇ ਰਾਤ ਨੂੰ ਪਿੰਡ ਅਕਬਰਪੁਰ (ਪਟਿਆਲਾ), ਮਿਤੀ 27-12-2023 ਰਾਤ ਨੂੰ ਵਿਕਾਸ ਨਗਰ ਪਟਿਆਲਾ ਵਿਖੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁੱਜਰ ਕੌਰ ਜੀ ਅਤੇ ਸਮੂੰਹ ਸਿੱਖ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਇਤਿਹਾਸਕ ਟ੍ਰੇਨਿੰਗ ਕੈਂਪ ਲਗਾ ਕੇ ਸ਼ਹੀਦੀ ਇਤਿਹਾਸ ਦੀ ਜਾਣਕਾਰੀ ਦਿੱਤੀ ਗਈ ਅਤੇ ਸ਼ਾਮਲ ਹੋਣ ਵਾਲੇ ਬੱਚਿਆਂ ਨੂੰ ਸਵਾਲ ਕੀਤੇ ਗਏ। ਜਵਾਬ ਦੇਣ ਵਾਲਿਆਂ ਨੂੰ ਇਨਾਮ ਦਿੱਤੇ ਗਏ। ਸਾਡੇ ਸ਼ਾਮਲ ਹੋਣ ਵਾਲਿਆਂ ਨੂੰ ਸਿੱਖ ਮਿਸ਼ਨਰੀ ਕਾਲਜ ਵੱਲੋਂ ਛਾਪੇ ਟ੍ਰੈਕਟ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਨੂੰ ਫ੍ਰੀ ਵੰਡਿਆ ਗਿਆ। ਹਰ ਕੈਂਪ ਵਿਚ 200 ਤੋਂ 500 ਤੱਕ ਬੱਚਿਆਂ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ 26 ਦਸੰਬਰ ਤੇ 27 ਦਸੰਬਰ 2023 ਨੂੰ ਵੱਖ-ਵੱਖ ਥਾਵਾਂ 'ਤੇ ਕਾਲਜ ਵੱਲੋਂ ਛਪੇ ਲਿਟਰੇਚਰ ਦੇ ਸਟਾਲ ਲਗਾਏ ਗਏ ਤੇ ਬੱਸਾਂ ਵਿਚ ਵੀ ਫ੍ਰੀ ਲਿਟਰੇਚਰ ਵੰਡਿਆ ਗਿਆ। ਮਿਤੀ 28-12-2023 ਨੂੰ ਸ਼ਫ਼ਰ-ਇ-ਸ਼ਹਾਦਤ ਨੂੰ ਸਮਰਪਿਤ ਪਿੰਡ ਮਲਕਪੁਰ (ਕਰਨਾਲ) ਵਿਖੇ ਵਿਸ਼ੇਸ਼ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ ਗਈ ਤੇ ਫ੍ਰੀ ਟ੍ਰੈਕਟ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਲਿਟਰੇਚਰ ਮੁਫ਼ਤ ਵੰਡਿਆ ਗਿਆ।

### ਜ਼ੋਨ ਰਾਜੌਰੀ

● ਏਸ.ਐਮ.ਸੀ. ਨੌਨਿਹਾਲ ਨੇ 24 ਤੇ 25 ਦਸੰਬਰ ਨੂੰ ਸੈਂਟਰ ਗੁਰਦੁਆਰਾ ਨੌਨਿਹਾਲ ਵਿਚ ਲਿਟਰੇਚਰ ਸਟਾਲ ਲਗਾਏ ਤੇ ਵੱਡੀ ਗਿਣਤੀ ਵਿਚ ਫ੍ਰੀ ਲਿਟਰੇਚਰ ਵੰਡਿਆ ਗਿਆ।

● ਏਸ.ਐਮ.ਸੀ. ਸੁੰਦਰਬਨੀ ਨੇ 5 ਨਵੰਬਰ ਨੂੰ ਸੁੰਦਰਬਨੀ ਗੁਰਦੁਆਰਾ ਵਿਚ ਲਿਟਰੇਚਰ ਸਟਾਲ ਲਗਾਏ ਤੇ ਵੱਡੀ ਗਿਣਤੀ ਵਿਚ ਫ੍ਰੀ ਲਿਟਰੇਚਰ ਵੰਡਿਆ।

● ਏਸ.ਐਮ.ਸੀ. ਕਿਲਾ ਦਰਾਲ ਤੇ ਏਸ.ਐਮ.ਸੀ. ਰਾਜਪੁਰ ਬਾਟਾ ਨੇ ਮਿਲ ਕੇ 26 ਦਸੰਬਰ ਨੂੰ ਫ਼ੀਲਡ ਵਰਕ ਰਾਇਪੁਰ ਵਿਚ ਕੀਤਾ ਤੇ 14 ਮੈਗਜ਼ੀਨ ਤੇ 1050 ਰੁਪਏ ਦਸਵੰਧ ਇਕੱਠਾ ਕੀਤਾ।

● ਏਸ.ਐਮ.ਸੀ. ਪੌਨੀ ਨੇ 29 ਦਸੰਬਰ ਨੂੰ ਖੇਰਾਲੈਂਡ ਫ਼ੀਲਡ ਵਰਕ ਕੀਤਾ ਤੇ 2 ਮੈਗਜ਼ੀਨ ਤੇ 3 ਕੋਰਸ ਬੁੱਕ ਕੀਤੇ ਤੇ ਵੱਡੀ ਗਿਣਤੀ ਵਿਚ ਫ੍ਰੀ ਲਿਟਰੇਚਰ ਵੰਡਿਆ।

● ਏਸ. ਐਮ. ਸੀ. ਕਾਲਾਕੋਟ, ਏਸ.ਐਮ. ਸੀ. ਸੁੰਦਰਬਨੀ ਤੇ ਏਸ.ਐਮ.ਸੀ. ਪੌਨੀ ਨੇ ਮਿਲ ਕੇ ਫ਼ੀਲਡ ਵਰਕ ਕੀਤਾ ਤੇ 14 ਮੈਗਜ਼ੀਨ ਤੇ 200 ਰੁਪਏ ਦਸਵੰਧ ਇਕੱਠਾ ਕੀਤਾ, ਵੱਡੀ ਗਿਣਤੀ ਵਿਚ ਫ੍ਰੀ ਲਿਟਰੇਚਰ ਵੰਡਿਆ।

● ਏਸ. ਐਮ. ਸੀ. ਬਥੂਨੀ ਨੇ 29 ਦਸੰਬਰ ਨੂੰ ਸ਼ਹੀਦੀ ਹਫ਼ਤੇ ਨੂੰ ਮੁੱਖ ਰੱਖ ਕੇ ਬਥੂਨੀ ਵਿਚ ਸਮਾਗਮ ਕੀਤਾ ਗਿਆ ਅਤੇ ਗੁਰਮਤਿ ਲਿਟਰੇਚਰ ਸਟਾਲ ਵੀ ਲਗਾਏ ਗਏ।

ਡਾ. ਇੰਦਰਪਾਲ ਸਿੰਘ ਜੀ ਜ਼ੋਨਲ ਇੰਚਾਰਜ ਨੇ ਸਾਰੇ ਪ੍ਰੋਗਰਾਮ ਵਿਚ ਨਾਲ ਰਹਿ ਕੇ ਨੌਜਵਾਨ ਵੀਰਾਂ ਨੂੰ ਫ਼ੀਲਡ ਵਰਕ ਕਰਨ ਦੀ ਟ੍ਰੇਨਿੰਗ ਵੀ ਦੀਤੀ।

●●●

**ਗੁਰਬਾਣੀ ਪੜ੍ਹੋ | ਗੁਰਬਾਣੀ ਸੁਣੋ | ਗੁਰਬਾਣੀ ਵਿਚਾਰੋ**



Sri Satguru Jagjit Singh Ji eLibrary NamdhariElibrary@gmail.com

# ਵਰ ਰਿਸ਼ਤੇ ਦੀ ਲੋੜ

ਮੈਟਰੀਮੋਨੀਅਲ ਫੀਸ : 5/- ਪ੍ਰਤੀ ਸ਼ਬਦ, 15/- ਫ਼ਾਰਮ ਨੰਬਰ ਦੇ (ਘੱਟੋ-ਘੱਟ ਫੀਸ 200/-)
ਨੋਟ : ਪੰਜਾਬੀ ਅਤੇ ਹਿੰਦੀ ਦੋਹਾਂ ਮੈਗਜ਼ੀਨਾਂ ਵਿਚ ਮੈਟਰੀਮੋਨੀਅਲ ਛਾਪਣ ਦੀ ਫੀਸ 10/- ਪ੍ਰਤੀ ਸ਼ਬਦ, 25/- ਫ਼ਾਰਮ ਨੰਬਰ ਦੇ (ਘੱਟੋ-ਘੱਟ ਫੀਸ 400/-)

## Wanted Girl

- Wanted an Educated, Gursikh, Slim, Smart, Adjustable, Service, veg, homely match for a Slim, Good-looking, Caring (Amritdhari) Boy, B-Tech (CSE) Job in MNC (Mohali) 50,000 P/M, Box No. : 7690-B-7D, SMC Campus-14, Near Bhagat Namdev Ji Gurudwara Sahib, Phase-11, Mohali, Contact : 98157-41077, 7009560106, E-mail : Channi70,1962@gmail.com
- Wanted an Educated, Gursikh, Slim, Beautiful, adjustable, veg, service match for a slim, smart caring boy, 22-04-95, Amritdhari, M.Sc (Physics) (Gold Medalist) Job + Persuing Phd (Kurukshetra) 35,000 PM, Box No. : 7694-B-7D, SMC Campus-14, Near Bhagat Namdev Ji Gurudwara Sahib, Phase-11, Mohali, Contact : 94164-54065, 89501-15939, E-mail : gurindersingh765@gmail.com, Dowryless Marriage.
- **ਕੈਨੇਡੀਅਨ ਸਿਟੀਜ਼ਨ, ਸਿੱਖ ਲੜਕਾ, 44 / 5'–10", ਪੜ੍ਹਾਈ BDS, ਨਸ਼ਾ ਰਹਿਤ, ਕਾਰੋਬਾਰ (Real Estate), ਵੈਲ ਸੈਟਲਡ ਲਈ ਪੜ੍ਹੀ ਲਿਖੀ, ਸੋਹਣੀ, ਵੈਸ਼ਨੂੰ ਪਰਿਵਾਰ ਨਾਲ ਸੰਬੰਧਿਤ ਜੀਵਨ ਸਾਥਣ ਦੀ ਲੋੜ ਹੈ। ਸੰਪਰਕ : +1 (778) 389–3105** (G-860)
- Wanted an educated Gursikh Girl for Gursikh Boy, 01-01-1993, 5'-5", Private job as Assistant Engineer, Qualification B-Tech, (Mehanical), Income 35000, Father Retd Govt pensioner. Contact : 98554-02666, 84379-26620 (G-866)
- Wanted an Gursikh Girl well Educated who believe in Guru Granth Sahib Ji & Understand the value of family match for Jaspreet Singh, DOB: 26th February 1991, Height : 5'-7", Region : Sikhism, Professional : Tech Support Engineer, Company Name : Emphase Energy Bangalore, Package : 8.3 LPA, Education :B-Tech Engineer, Father : L.A. Singh, Mother : Surjit Kaur Business Women (Running Own Pharmacy), Contact No: 98999-55568, E-mail : dr.gurjitkaur12@gmail.com (G-867)
- Amritdhari Boy, 09-02-1995, 5'-10", Diploma in Pharmacy, Shopkeeper, Aadhar Card Banking, Residence in Amritsar. Contact : 88720-21900 (G-868)
- Gursikh Boy, 22 July, 1996, 5'-9", B-Tech in Mechanical Engineering, Sales Assistant in Bharat Petrolium Corporation Ltd. Father Businessman, Mother Homemaker, Sister Married and currently in USA., Place In Ludhiana. Contact : 98557-80516, 98155-30345 (G-869)
- Amritdhari Sikh Boy, D.O.B. Dec- 91, Height 5'9", Qualification – B-Tech from GNE College, Ludhiana & MBA from Concordia University, Montreal, Canada. He is a Canadian PR, Working as a Manager in a large Canadian MNC and currently residing in Toronto. His father has his well established business in Ludhiana and his mother is a homemaker. He has one elder sister Married. Preferred The Canadian Girl. Contact : 99157-77273 (G-870)

## Wanted Boys

- Wanted an Educated, Gursikh, Smart, Handsome, Caring match for a beautiful, adjustable, legally divorcee Girl having 6 yrs old female child. 25-6-91, 163cm (NRI) BSc Nursing, Nursing Profession in Spain. 1400 (Euro), Box No. : 4363-GD-2B, SMC Campus-14, Near Bhagat Namdev Ji Gurudwara Sahib, Phase-11, Mohali. Contact : 75089-67294, 0091-8699526919, 0034-632552990, E-mail : jaspalsingh9265spain@gmail.com, Early & Simple Marriage.
- Wanted an Educated, Gursikh, Handosme, Tall, Healthy, Caring, Veg, Service, Teetotaler match for a Healthy, Tall, adjustable Girl, 18-08-86, 5'-6", B-tech ECS, M-Tech, Electronics+Communication. Not working, Box No. : 4365-G-8-6E, SMC Campus-14, Near Bhagat Namdev Ji Gurudwara Sahib, Phase-11, Mohali. Contact : 94646-06021
- U.K. Msc Studying Sikh divorce Gursikh beautiful Girl, Sep 1992 / 5'-8", Msc, B.Ed, required approx 6 foot boy preferred UK. PR. Contact : 62395-09749, 82643-36033 (B-265)
- Amritdhari Girl, 13-2-1999, 5'-3", Bachelor of Dental Surgery, Profession Dental Surgeon at Amrisar 20,000 PM, Complexion Fair, Father Govt Employee, one Younger brother Diploma in Automotive Tachnician working in Canada, Hometown in Amritsar. If above particulars suit you then please proceed further. Contact : 94174-63982, 946364-46189. Preferred Amritdhari Boy. (B-266)



Sri Satguru Jagjit Singh Ji eLibrary NamdhariElibrary@gmail.com

Registration No.R.N.I. 34061/80

Date of posting-28th of every month
Posted at MBC, Ludhiana RMS -141008



ਸਿੱਖ ਮਿਸ਼ਨਰੀ ਕਾਲਜ ਸਰਕਲ ਕਰਨਾਲ ਵੱਲੋਂ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸ਼ਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਮਾਗਮ ਗੁਰਦੁਆਰਾ ਪ੍ਰੇਮ ਨਗਰ ਵਿਖੇ ਕਰਵਾਇਆ ਗਿਆ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਜੰਮੂ ਜ਼ੋਨ, ਸਰਕਲ ਕਠੂਆ ਦੇ ਵੀਰ ਲਿਟਰੇਚਰ ਸਟਾਲ ਦੀ ਸੇਵਾ ਨਿਭਾਉਂਦੇ ਹੋਏ।



ਫਤਿਹਗੜ੍ਹ ਸਾਹਿਬ ਵਿਖੇ ਕਾਲਜ ਵਲੋਂ ਛਪੀਆਂ ਪੁਸਤਕਾਂ ਦੀ ਪ੍ਰਦਰਸ਼ਨੀ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਰਕਲ ਮੈਂਬਰ, ਸਿੱਖ ਫੁਲਵਾੜੀ ਮੈਗਜ਼ੀਨ ਬੁੱਕ ਕਰਦੇ ਹੋਏ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਬਰੇਲੀ ਸਰਕਲ ਦੇ ਵੀਰ ਗੁਰਮਤਿ ਲਿਟਰੇਚਰ ਸਟਾਲ ਦੀ ਸੇਵਾ ਨਿਭਾਉਂਦੇ ਹੋਏ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਰਾਜੌਰੀ ਜ਼ੋਨ ਦੇ ਵੀਰ ਸਿੱਖ ਫੁਲਵਾੜੀ ਮੈਗਜ਼ੀਨ ਦੀ ਬੁਕਿੰਗ ਲਈ ਫੀਲਡ ਵਰਕ ਕਰਦੇ ਹੋਏ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਪਟਿਆਲਾ ਜ਼ੋਨ ਦੇ ਵੀਰ ਸ਼ਹੀਦੀ ਜੋੜ ਮੇਲੇ ਤੇ ਫਤਿਹਗੜ੍ਹ ਸਾਹਿਬ ਵਿਖੇ ਗੁਰਮਤਿ ਲਿਟਰੇਚਰ ਸਟਾਲ ਦੀ ਸੇਵਾ ਨਿਭਾਉਂਦੇ ਹੋਏ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਚੰਡੀਗੜ੍ਹ ਜ਼ੋਨ ਦੇ ਵੀਰ ਸ਼ਹੀਦੀ ਜੋੜ ਮੇਲੇ ਤੇ ਫਤਿਹਗੜ੍ਹ ਸਾਹਿਬ ਵਿਖੇ ਗੁਰਮਤਿ ਲਿਟਰੇਚਰ ਸਟਾਲ ਦੀ ਸੇਵਾ ਨਿਭਾਉਂਦੇ ਹੋਏ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਰੋਪੜ ਜ਼ੋਨ ਦੇ ਵੀਰ ਸ਼ਹੀਦੀ ਜੋੜ ਮੇਲੇ ਤੇ ਫਤਿਹਗੜ੍ਹ ਸਾਹਿਬ ਬਹਾਦਰ ਗੜ੍ਹ ਵਿਖੇ ਗੁਰਮਤਿ ਲਿਟਰੇਚਰ ਸਟਾਲ ਦੀ ਸੇਵਾ ਨਿਭਾਉਂਦੇ ਹੋਏ।



ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਸਰਕਲ ਬਾਬਾ ਬਕਾਲਾ ਦੇ ਮੈਂਬਰ ਪਿੰਡ ਬੁਤਾਲਾ ਵਿਖੇ ਸਿੱਖ ਫੁਲਵਾੜੀ ਮੈਗਜ਼ੀਨ ਬੁੱਕ ਕਰਦੇ ਹੋਏ।

Printed and Published by S. Jaswant Singh on behalf of Sikh Missionary College, Ludhiana and Printed at Printwell, Amritsar, Editor: Harjeet Singh Jalandhar.

Sri Satguru Jagjit Singh Ji eLibrary NamdhariElibrary@gmail.com